੨੯ ਵਾਂ ਸਾਲ

# ਵਰਿਆਮ

ਅਗਸਤ, ੨੦੦੩

## ਸੁਤੰਤਰਤਾ ਦੇ ਪਾਂਧੀ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਗਸਤ ੨੦੦੩
ਜਿਲਦ-੨੮
ਅੰਕ-੧੦

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 2222543 (O)
2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ-ਘਰ ਘਰ ਰਾਮ ਸਿੰਘ ---------------- ੧
ਡਾ. ਜਗਤਾਰ ਦੀਆਂ ਗ਼ਜ਼ਲਾਂ ---------------- ੩
ਵਿਦੇਸ਼ੀ ਸਰਕਾਰ ਨੂੰ ਨਾਮਧਾਰੀਆਂ ਵਲੋਂ ਤੌਖਲਾ
—ਸ. ਨਾਹਰ ਸਿੰਘ - ੫
ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ
—ਸੁਵਰਨ ਸਿਘ ਵਿਰਕ ੧੧
ਨਾਉ ਪ੍ਰਭਾਤੈ ਸਬਦਿ ਧਿਆਈਐ
—ਗੁਰੂਬਚਨ ਸਿੰਘ ਨਾਮਧਾਰੀ - ੨੧
ਵਿਸ਼ਵ ਨਾਮਧਾਰੀ ਸੰਗਤ ਦੀ ਇਕੱਤ੍ਰਤਾ ---------- ੨੩
ਪੰਡਿਤ ਨਹਿਰੂ ਦੀ ਵਸੀਅਤ— ------------ ੨੫
ਪ੍ਰਦੇਸਣ—ਦਲਬੀਰ ਸਿੰਘ ਤਰਸ ----------- ੨੭
ਬਿਸ਼ਨ ਸਿੰਘ ਸੁਨਿਆਰੇ ਨੂੰ ਫਾਂਸੀ ---------------- ੨੮
ਏ ਮਨ ਮੇਰਿਆ ਤਾਂ ਛੁਟਸੀ ਜਾਂ ਭਰਮ ਚੁਕਾਇਸੀ ਰਾਮ
—ਸੁਰਜੀਤ ਸਿੰਘ ਜੀਤ, ਲੰਡਨ ੨੮
ਬੇਸਹਾਰਿਆਂ ਦੇ ਸਹਾਰੇ—ਜੇ.ਪੀ. ਵਾਸਵਾਨੀ ---- ੨੯
ਕਾਮਰੇਡ ਦੀ ਸੰਗਤ—ਜਤਿੰਦਰ ਪਨੂੰ --------- ੩੧
ਇਕ ਕਹਾਣੀ ਸੱਤ ਦਿਨ
—ਦਲਬੀਰ ਸਿੰਘ 'ਤਰਸ'-ਆਸਟ੍ਰੇਲੀਆ-੩੫
ਮੈਂ ਭਗਤੇ ਵਿਆਹ ਗਿਆ
—ਡਾ. ਲਖਵੀਰ ਸਿੰਘ ਨਾਮਧਾਰੀ ੪੦
ਖ਼ਬਰਨਾਮਾ ------------------------------ ੪੩
ਪ੍ਰਤੀਕਿਰਿਆ ------------------------------ ੪੯

ਉਹ ਲੋਕ ਗੁਲਾਮ ਹਨ ਜੋ ਕਮਜ਼ੋਰਾਂ ਅਤੇ ਗੁਲਾਮਾਂ ਦੇ ਪੱਖ ਵਿੱਚ ਬੋਲਣੋ ਡਰਦੇ ਹਨ। ਉਹ ਕਮਦਿਲ ਅਤੇ ਦਬੈਲ ਹਨ ਜੋ ਧੱਕੇ ਮੁਕੀ, ਧੱਮਕੀ ਜਾਂ ਘਿਰਣਾ ਤੋਂ ਡਰ ਕੇ ਸੱਚ ਕਹਿਣੋਂ ਅਤੇ ਸੋਚਣੋਂ ਕਤਰਾਂਦੇ ਹਨ। ਉਹ ਵੀ ਗੁਲਾਮ ਹਨ ਜੋ ਸੱਚਾਈ ਦੀ ਖਾਤਰ ਬਹੁ ਸੰਮਤੀ ਦੇ ਟਾਕਰੇ ਵਿੱਚ ਇਕੱਲੇ ਜਾਂ ਇਕ ਦੋ ਸਾਥੀਆਂ ਦੇ ਨਾਲ ਸੱਚ ਦੀ ਆਵਾਜ਼ ਨਹੀਂ ਉਠਾਉਂਦੇ।

—*ਜੇ. ਆਰ. ਲਾਵੇਲ*

https://archive.org/details/namdhari



# ਘਰ ਘਰ ਰਾਮ ਸਿੰਘ

ਅਸੀਂ ਦੌੜ ਭੱਜ ਵਿੱਚ ਅੰਕ ਤਿਆਰ ਕਰਦੇ ਹਾਂ। ਤਿਆਰ ਅੰਕ ਨੂੰ ਪੜ੍ਹਨ ਅਤੇ ਚੰਗੀ ਤਰ੍ਹਾਂ ਵਾਚਣ ਦਾ ਅਵਸਰ ਕਦੇ ਬਾਦ ਵਿੱਚ ਮਿਲਦਾ ਹੈ। ਤਿਆਰੀ ਵੇਲੇ ਤਿਆਰੀ ਹੀ ਹੁੰਦੀ ਹੈ ਮੁਲਾਂਕਣ ਨਹੀਂ। ਨਿਸ਼ਚਿਤ ਪੰਨਿਆਂ ਤੇ ਸੀਮਤ ਸਤਰਾਂ ਸੰਪਾਦਕੀ ਵਜੋਂ ਵੀ ਲਿਖਣੀਆਂ ਹੁੰਦੀਆਂ ਹਨ। ਮਸਲੇ ਗਹਿਨ ਅਤੇ ਉਲਝਵੇਂ ਵੀ ਹੁੰਦੇ ਹਨ। ਕਿਹਨੂੰ ਰਖੀਏ ਕਿਹਨੂੰ ਛਡੀਏ ਦੀ ਦੁਬਿਧਾ ਵੀ ਹੁੰਦੀ ਹੈ। ਅੰਤ ਉਤੇ ਜਿਹੜਾ ਵਿਚਾਰ ਜਾਂ ਮੁੱਦਾ ਹਾਵੀ ਹੋ ਜਾਵੇ ਉਹ ਸ਼ਬਦਾਂ ਦਾ ਰੂਪ ਧਾਰ ਕੇ ਸੰਪਾਦਕੀ ਪੰਨੇ ਤੇ ਆ ਜਾਂਦਾ ਹੈ। ਸਾਡਾ ਇਹ ਨਿਤ ਦਾ ਹਾਲ ਹੈ।

ਇਸ ਵਾਰ ਜਦੋਂ ਬਹੁਤ ਕੁਝ ਸੋਚ ਰਖਿਆ ਸੀ ਅਤੇ ਕਾਫੀ ਕੁਝ ਪਕਾ ਲਿਆ ਸੀ ਤਾਂ ਅੰਤ ਵੇਲੇ ਸਭ ਕੁਝ ਬਦਲ ਗਿਆ। ਟਾਈਟਲ ਵਾਸਤੇ ਸੋਚਣ ਦੀ ਵਿਹਲ ਵੀ ਨਹੀਂ ਸੀ ਸ਼ਾਇਦ ਕੱਲੀ ਜਿੰਦ ਤੇ ਮਾਮਲੇ ਬਹੁਤੇ ਸਨ। ਵਰਿਆਮ ਦਾ ਟਾਈਟਲ ਬਨਾਉਣ ਵਾਲੇ ਕਲਾਕਾਰ ਸੁਖਵੰਤ ਸਿੰਘ ਨੂੰ ਇਹ ਹੀ ਸੁਨੇਹਾ ਦਿਤਾ ਗਿਆ ਭਾਈ ਆਪ ਹੀ ਕੁਝ ਤਿਆਰ ਕਰ ਦੇ ਭਾਵੇਂ ਖਾਲੀ ਸਫਾ ਹੀ ਦੇ ਦੇ। ਵਿਹਲ ਸੁਖਵੰਤ ਕੋਲ ਵੀ ਨਹੀਂ ਸੀ। ਉਸ ਆਪਣੇ ਘਰ ਦੀ ਭੰਨ ਤੋੜ ਸ਼ੁਰੂ ਕੀਤੀ ਹੋਈ ਸੀ। ਏਸੇ ਹਾਲ ਵਿੱਚ ਜਦੋਂ ਸੁਖਵੰਤ ਦੇ ਘਰ ਗਏ ਤਾਂ ਭੰਨ ਤੋੜ ਵਿੱਚ ਹੀ ਆਪਣੇ ਸਟੂਡੀਓ ਦੀ ਬਜਾਏ ਪਿਛਲੇ ਕਮਰੇਂ ਵਿੱਚ ਸਟੀਲ ਪੇਟੀ ਉਤੇ ਰੱਖੇ ਉਹਦੇ ਕੰਪਿਊਟਰ ਨੇ ਜਿਹੜਾ ਵਰਿਆਮ ਦਾ ਟਾਈਟਲ ਦਿਖਾਇਆ ਉਹਨੇ ਮਨ ਨੂੰ ਸੋਚੀਂ ਪਾ ਦਿੱਤਾ।

੫੬ ਸਾਲ ਹੋ ਗਏ ਨੇ ਦੇਸ਼ ਨੂੰ ਆਜ਼ਾਦ ਹੋਇਆਂ। ਇਹਨਾਂ ੫੬ ਸਾਲਾਂ ਵਿੱਚ ਦੇਸ਼ ਨੇ ਬੜਾ ਕੁਝ ਵੇਖਿਆ ਹੈ। ਜੰਗਾਂ ਲਗੀਆਂ ਹਨ, ਐਟਮੀ ਤਜਰਬੇ ਹੋਏ ਹਨ, ਘਰ ਘਰ ਟੈਲੀਵੀਯਨ, ਟੈਲੀਫੋਨ, ਸੈਲ ਫੋਨ ਆ ਗਏ ਹਨ। ਅਠੇ ਪਹਿਰ ਕਈ-ਕਈ ਚੈਨਲ ਖਬਰਾਂ ਦਿੰਦੇ ਹਨ। ਪਾਰਲੀਮੈਂਟ ਦੀਆਂ ਕਾਰਵਾਈਆਂ ਸਿਧੀਆਂ ਬਿਸਤਰਿਆਂ ਵਿੱਚ ਵੇਖ ਸਕਦੇ ਹਾਂ। ਢੋਲ ਦੇ ਡਗੇ ਅਤੇ ਨਚਾਰਾਂ ਨਾਚੀਆਂ ਦੀ ਇਕ ਫੌਜ ਸੁਨੇਹਾ ਦੇ ਰਹੀ ਹੈ ਕਿ ਹਰ ਪਾਸੇ ਬੱਲੇ ਹੀ ਬੱਲੇ ਹੈ। ਸ਼ਰਾਬ ਅਤੇ ਸ਼ਰਾਬ ਦਾ ਖੁਲੇ ਆਮ ਗੁਣਗਾਨ ਹੋ ਰਿਹਾ ਹੈ। ਤਕਰੀਬਨ ਹਰ ਪਾਰਟੀ ਦੇ ਲੀਡਰਾਂ ਨੂੰ ਰਾਜ ਭਾਗ ਮਾਨਣ ਦਾ ਮੌਕਾ ਕਦੇ ਨਾ ਕਦੇ ਮਿਲਿਆ ਹੈ। ਸਿਆਸੀ ਆਗੂਆਂ ਅਤੇ ਸਾਧਾਂ ਦੀਆਂ ਆਮਦਨਾਂ ਹੁਣ ਇਕ ਦੋ ਨਹੀਂ ਸੈਂਕੜੇ ਕਰੋੜਾਂ ਵਿੱਚ ਦਸੀਆਂ ਜਾਂਦੀਆਂ ਹਨ। ਨਵੀਆਂ ਨਕੋਰ ਲਿਸ਼ਕਦੀਆਂ ਲੰਮੀਆਂ ਕਾਰਾਂ ਏਨੀਆਂ ਆ ਗਈਆਂ ਹਨ, ਮੋਟਰ ਸਾਈਕਲ, ਸਕੂਟਰਾਂ ਦੀਆਂ ਅਨੇਕ ਕਿਸਮਾਂ ਏਨੀ ਭਾਰੀ ਗਿਣਤੀ ਵਿੱਚ ਸੜਕਾਂ ਤੇ ਪੁੱਜ ਗਈਆਂ ਹਨ ਕਿ ਹੁਣ ਆਮ ਸਾਧਾਰਨ ਬੰਦੇ ਵਾਸਤੇ ਤੁਰਨ ਲਈ ਕੋਈ ਜਗ੍ਹਾ ਹੀ ਨਹੀਂ ਬੱਚੀ। ਇਕ ਕਾਰ ਦਾ ਮੁੱਲ ਤਾਂ ਇਕ ਕਰੋੜ ਤੋਂ ਵੱਧ ਵੀ ਦਸਿਆ ਗਿਆ। ਅਜ ਟੈਲੀਵੀਯਨ ਦੇ ਚੈਨਲਾਂ ਨੇ ਆਮ ਆਦਮੀ ਨੂੰ ਪਾਗਲ ਕਰ ਦਿੱਤਾ ਹੈ। ਕਿਹੜਾ ਤੇਲ ਸਾਬਣ ਵਰਤਣਾ ਹੈ, ਕਿਹੜੀ ਚੀਜ਼ ਖਾਣੀ ਹੈ, ਕਿਹੋ ਜਿਹਾ ਕਪੜਾ ਪਹਿਨਣਾ ਹੈ ਤੇ ਕਿਹੜਾ ਸੰਗੀਤ ਸੁਨਣਾ ਹੈ। ਇਹ ਲੋੜ ਤੇ ਨਿਰਭਰ ਨਹੀਂ ਸਗੋਂ ਓਸ ਸਬਕ ਤੇ ਹੈ ਜੋ ਚੈਨਲ ਦੇ ਰਹੇ ਹਨ। ਗਲ ਨੂੰ ਮੋੜ ਘੋੜ ਕੇ ਲੋਕਾਂ ਦੀਆਂ ਜੇਬਾਂ ਖਾਲੀ ਕਰਨ ਵਲ ਹੀ ਘੁਮਾਇਆ ਜਾਂਦਾ ਹੈ। ਟੀ.ਵੀ. ਚੈਨਲ ਪੁਕਾਰ ਪੁਕਾਰ ਕੇ ਬੰਬਈ ਦੇ ਕਿਸੇ ਫੈਸ਼ਨ ਸ਼ੋ ਦੇ 'ਜਲਵੇ' ਦਖਾਉਣ ਵਾਸਤੇ ਘੜੀ ਮੁੜੀ ਐਲਾਨਦੇ ਹਨ, ਔਰ ਅਬ ਚਲਤੇ ਹੈਂ ਮੁਬਈ ਫੈਸ਼ਨ ਸਪਤਾਹ ਮੇਂ। ਨਿਰਸੰਦੇਹ ਇਸ ਸਭ ਕੁਝ ਨੂੰ ਤਰੱਕੀ ਦਾ ਪ੍ਰਮਾਣ ਦੱਸਿਆ ਜਾ ਰਿਹਾ ਹੈ।

ਸੁਖਵੰਤ ਦੇ ਕੰਪਿਊਟਰ ਸਕਰੀਨ ਤੇ ਵਰਿਆਮ ਦਾ ਜਿਹੜਾ ਟਾਈਟਲ ਦਿਸਿਆ ਉਹ ਇਤਿਹਾਸ ਦੀ ਇਕ ਵਿਸ਼ਾਲ ਤਸਵੀਰ ਦਾ ਅਕਸ ਸੀ। ਵਿਦੇਸ਼ੀ ਸਾਮਰਾਜ ਵਿਰੁਧ ਆਜ਼ਾਦੀ ਦਾ ਸੰਖ ਪੂਰਨ ਵਾਲੇ ਆਜ਼ਾਦੀ ਦੇ ਪਾਂਧੀਆਂ



Sri Satguru Jagjit Singh Ji eLibrary NamdhariElibrary@gmail.com

ਦਾ ਕੋਲਾਜ਼ ਵੇਖ ਯਕ ਦਮ ਖਿਆਲ ਆਇਆ ਕਿ ਅਸੀਂ ਕਿੰਨੇ ਭੁਲੇ ਫਿਰਦੇ ਹਾਂ। ਆਜ਼ਾਦੀ ਦੀ ਦੇਵੀ ਅਗੇ ਸੀਸ ਭੇਟ ਕਰਨ ਵਾਲੇ ਅਸੀਂ ਕਿਵੇਂ ਵਿਸਾਰ ਦਿਤੇ ਹਨ। ਉਹਨਾਂ ਨੂੰ ਯਾਦ ਕਰਨ ਦਾ ਸਮਾਂ ਹੀ ਨਹੀਂ ਹੈ। ਸਤਿਗੁਰੂ ਰਾਮ ਸਿੰਘ ਹੋਰਾਂ ਇਕਲਿਆਂ ਨੇ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਸਰਕਾਰ ਨਾਲ ਕਿਵੇਂ ਮੁਕਾਬਲਾ ਕੀਤਾ। ਉਹਨਾਂ ਦੇ ਪੈਰੋਕਾਰ ਤੋਪਾਂ ਨਾਲ ਓਦੋਂ ਉਡਾਏ ਗਏ ਜਦੋਂ ਕੋਈ ਹਾਅ ਦਾ ਨਾਹਰਾ ਮਾਰਣ ਵਾਲਾ ਨਹੀਂ ਸੀ। ਅਜ ਕਲ ਤਾਂ ਕੋਈ ਲੀਡਰ ਨਿੱਛ ਵੀ ਮਾਰ ਦਏ ਤਾਂ ਸਾਰੀ ਦੁਨੀਆ ਘਬਰਾ ਜਾਂਦੀ ਹੈ। ਗੁਰੂ ਰਾਮ ਸਿੰਘ ਜੀ ਜਲਾਵਤਨ ਕੀਤੇ ਗਏ ਬਗੈਰ ਮੁਕਦਮਾ ਚਲਾਇਆਂ ਬਗੈਰ ਦੋਸ਼ ਸਾਬਤ ਕੀਤਿਆਂ, ਉਹਨਾਂ ਨੂੰ ਮਿਲਣ ਗਿਲਣ ਤੇ ਪਾਬੰਦੀਆਂ ਸਨ ਪਰ ਧੰਨ ਉਹ ਸਨ। ਨਾ ਤਾਂ ਉਹਨਾਂ ਨੇ ਆਪ ਨਾ ਉਹਨਾਂ ਦੇ ਸਿਖਾ ਨੇ ਕਿਸੇ ਪੱਜ ਨਾਲ ਵੀ ਈਨ ਨਹੀਂ ਮੰਨੀ, ਕੋਈ ਸਮਝੌਤਾ ਨਹੀਂ ਕੀਤਾ। ਨਾਮਧਾਰੀ ਲਹਿਰ ਦਾ ਭਾਰਤ ਦੀ ਆਜ਼ਾਦੀ ਵਿੱਚ ਬਹੁਤ ਫਖਰ ਯੋਗ ਅਤੇ ਅਗਵਾਨੂੰ ਰੋਲ ਹੈ। ਇਹਨਾਂ ਨੂੰ ਖਤਮ ਕਰਨ ਵਾਸਤੇ ਸਰਕਾਰ ਨੇ ਅਤੇ ਅਪਣਿਆ ਨੇ ਕੋਈ ਕਸਰ ਨਹੀਂ ਛੱਡੀ ਪਰ ਇਹਨਾਂ ਨੇ ਆਪਣਾ ਸਿਰ ਸਦਾ ਉੱਚਾ ਹੀ ਰਖਿਆ ਹੈ। ਮਲੇਰਕੋਟਲੇ ਵਿੱਚ ਤੋਪਾਂ ਨਾਲ ਸ਼ਹੀਦ ਹੋਣ ਵਾਲੇ ਸੂਰਬੀਰਾਂ ਨੇ ਸਰਮਦ ਦਾ ਕਥਨ ਇਕ ਵਾਰ ਫੇਰ ਪੂਰਾ ਕੀਤਾ।

ਓਮਰੇਸਤ ਕਿ ਆਵਾਜ਼ਾਹ—ਏ—ਮਨਸੂਰ ਕੁਹਨ ਸ਼ੁਦ ਮਨ ਅਜ਼—ਸਰੇ—ਨੌਂ—ਜਲਵਾਹ ਦਹਮ ਦਾਰ—ਓ—ਰਸਨ ਰਾ
(ਮਨਸੂਰ ਦੀ ਕਹਾਣੀ ਬਹੁਤ ਪੁਰਾਣੀ ਹੋ ਗਈ ਹੈ। ਮੈਂ ਨਵੇਂ ਸਿਰਿਓਂ ਸੂਲੀ ਚੜ੍ਹਨ ਦਾ ਜਲਵਾ ਦਿਖਾਉਂਦਾ ਹਾਂ)

ਕਹਾਵਤ ਹੈ ਜਦੋਂ ਗੁਰੂ ਰਾਮ ਸਿੰਘ ਜੀ ਵਿਦੇਸ਼ ਨੂੰ ਜਾਣ ਵਾਸਤੇ ਸਮੁੰਦਰੀ ਜਹਾਜ਼ ਤੇ ਸਵਾਰ ਹੋਏ ਤਾਂ ਅੰਗਰੇਜ਼ ਅਫਸਰ ਨੇ ਪੁਛਿਆ ਕਿ ਗੁਰੂ ਰਾਮ ਸਿੰਘ ਅਬ ਕਿਆ ਕਰੋਗੇ। ਤਾਂ ਉਹਨਾਂ ਅਗੋਂ ਉੱਤਰ ਦਿਤਾ ਤੁਸਾਂ ਇਕ ਰਾਮ ਸਿੰਘ ਨੂੰ ਫੜਿਆ ਹੈ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।

ਇਸੇ ਤਰ੍ਹਾਂ ਕਰਤਾ ਸਤਿਗੁਰੂ ਬਿਲਾਸ ਲਿਖਦਾ ਹੈ

"ਜਾਂ ਬਾਬਾ ਗਿਆਨੀ ਸਿੰਘ ਤਖ਼ਤੇ ਪਰ ਚੜ੍ਹੇ ਤਾਂ ਬੋਲਾ ਕੀਤਾ ਬਿਲਿਆ ਮੂੰਹ ਤੇ ਸਾਹਮਣੇ ਰੱਖ ਜਵਾਈ ਵੰਨੇਂ। ਪਿਠ ਕਿਓਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁਖ ਵਿੱਚ ਕਟ ਕੇ ਫੇਰ ਆਇਆ ਜਾਣ.......ਕੋਈ ਮਾਊਂ ਜਣੇਗੀ। ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ...........

ਵਰਿਆਮ ਦੇ ਟਾਈਟਲ ਵਿੱਚ ਦੇਸ਼ ਭਗਤ ਹਸਤੀਆਂ ਬਾਬਾ ਸੋਹਣ ਸਿੰਘ ਭਕਣਾ, ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ, ਸ. ਅਜੀਤ ਸਿੰਘ, ਭਗਤ ਸਿੰਘ, ਲਾਲਾ ਹਰਦਿਆਲ, ਮਹਾਤਮਾ ਗਾਂਧੀ ਜਿਹੇ ਆਜ਼ਾਦੀ ਸੰਗਰਾਮ ਦੇ ਨੇਤਾ ਵਖਾਏ ਗਏ ਹਨ। ਬਹੁਤ ਸਾਰੇ ਆਜ਼ਾਦੀ ਦੇ ਪਰਵਾਨਿਆਂ ਵਿਚੋਂ ਸੰਕੇਤ ਮਾਤਰ ਹੀ ਕੁਝ ਵਖਾਏ ਜਾ ਸਕਦੇ ਹਨ। ਇਹਨਾਂ ਨੇ ਆਜ਼ਾਦੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਇਆ। ਅਸੀਂ ਸਮਝਦੇ ਹਾਂ ਕਿ ਇਹ ਗੁਰੂ ਰਾਮ ਸਿੰਘ ਦਾ ਵਾਕ ਸੀ ਕਿ ਬਿਲਿਆ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ। ਓਹ ਹੀ ਸੱਤ ਹੋਇਆ ਹੈ।

ਕਦੇ ਕਦੇ ਕੂਕਿਆਂ ਦੇ ਦੀਵਾਨਾਂ ਵਿੱਚ ਏਸ ਸੁਨਿਹਰੇ ਅਤੇ ਖੂਨੀ ਇਤਿਹਾਸ ਦੀ ਬਾਤ ਪੈ ਜਾਂਦੀ ਹੈ ਥੋਹੜਾ ਬਾਹਲਾ ਅਖ਼ਬਾਰਾ ਵਿੱਚ ਵੀ ਜ਼ਿਕਰ ਹੋ ਜਾਂਦਾ ਹੈ। ਬਸ.............

ਭਾਰਤ ਦੀ ਆਜ਼ਾਦੀ ਦੀ ੫੬ਵੀ ਵਰ੍ਹੇ ਗੰਢ ਦੇ ਸਮੇਂ ਉਹਨਾਂ ਮਹਾਨ ਸੂਰਬੀਰਾਂ ਦੀ ਘਾਲਣਾ ਨੂੰ ਜੇ ਯਾਦ ਰਖਾਂਗੇ ਤੇ ਪ੍ਰਸਾਰਾਂਗੇ ਤਾਂ ਦੇਸ਼ ਨੂੰ ਸਹੀ ਦਿਸ਼ਾ ਮਿਲਦੀ ਰਹੇਗੀ ਅਤੇ ਭਾਰਤ ਉਹਨਾਂ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇਗਾ। ਇਹ ਸਾਡਾ ਫਰਜ਼ ਵੀ ਬਣਦਾ ਹੈ ਧਰਮ ਵੀ। ਸਾਡਾ ਸੁਖ, ਸ਼ਾਂਤੀ ਅਤੇ ਤੱਰਕੀ ਵੀ ਇਸੇ ਵਿੱਚ ਹੈ। ਵਰਿਆਮ ਦੇ ਇਸ ਅੰਕ ਵਿਚ ਇਸ ਦਿਸ਼ਾ ਵਲ ਕੁਝ ਕੁ ਯਤਨ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

## .ਗ਼ਜ਼ਲਾ ਡਾ. ਜਗਤਾਰ ਦੀਆਂ



### ਹਰ ਮੋੜ ਤੇ ਸਲੀਬਾਂ

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ
ਜਿੰਨਾ ਕਿਸੇ ਮਿਟਾਇਆ ਹੁੰਦਾ ਗਿਆ ਡੂੰਘੇਰਾ

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰਾ ਜਰਦੀ
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ

ਇਤਿਹਾਸ ਦੇ ਵਰਕ 'ਤੇ, ਵਕਤ ਦੇ ਪਰਾਂ 'ਤੇ
ਉਂਗਲਾਂ ਡਬੋ ਲਹੂ ਵਿਚ, ਲਿਖਿਆ ਹੈ ਨਾਮ ਤੇਰਾ

ਹਰ ਕਾਲ ਕੋਠੜੀ ਵਿਚ, ਤੇਰਾ ਹੈ ਜ਼ਿਕਰ ਏਦਾਂ
ਗ਼ਾਰਾਂ 'ਚ ਚਾਂਦਨੀ ਦਾ ਹੋਵੇ, ਜਿਵੇਂ ਬਸੇਰਾ

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ

ਪੈਰਾਂ 'ਚ ਬੇੜੀਆਂ ਨੇ, ਨੱਚਦੇ ਨੇ ਲੋਕ ਫਿਰ ਵੀ
ਕਿਉਂ ਵੇਖ-ਵੇਖ ਉਡਦੈ, ਚਿਹਰੇ ਦਾ ਰੰਗ ਤੇਰਾ

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਰੇਗੀ ਬੇੜੀ
ਸਦਾ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

### ਸੂਲੀਆਂ ਦਾ ਨਾਮ ਜ਼ਿੰਦੈ

ਕਾਤਿਲਾਂ ਰਲਣਾ ਈ ਸੀ ਸੋ ਰਲ ਗਏ ਸ਼ਾਹਾਂ ਦੇ ਨਾਲ।
ਕਿਸ ਲਈ ਰਲੀਆਂ ਨੇ ਦਰਗਾਹਾਂ ਕਤਲਗਾਹਾਂ ਦੇ ਨਾਲ।

ਭਾਈ ਤਾਂ ਹੁੰਦੀਆਂ ਨੇ ਬਾਹਾਂ, ਬੇਵਜ੍ਹਾ ਨਾ ਕਤਲ ਕਰ,
ਜੇ ਪਿਆ ਮਿਲਨਾ ਮਿਲੇਂਗਾ ਕਿਹੜੀਆਂ ਬਾਹਾਂ ਦੇ ਨਾਲ।

ਹੌਸਲਾ ਕਰ, ਹੰਝੂਆਂ ਨੂੰ ਖ਼ਾਕ ਨਾ ਕਰ, ਧੀਰ ਧਰ,
ਨਾ ਪਿਘਲਦੇ ਨੇ, ਨਾ ਪੱਥਰ ਪਾਟਦੇ ਆਹਾਂ ਦੇ ਨਾਲ।

ਕਾਫ਼ਲੇ ਵਿੱਚ ਕੋਈ ਖੋਟਾ ਹੈ, ਕੋਈ ਕਾਤਿਲ, ਬਖ਼ੀਲ,
ਕਿਸ ਤਰ੍ਹਾਂ ਪਾਵੇਂਗਾ ਮੰਜ਼ਿਲ ਇਹਨਾਂ ਗੁਮਰਾਹਾਂ ਦੇ ਨਾਲ।

ਨਾ ਕਰਮ, ਨਾ ਧਰਮ ਦੀ ਇਨ੍ਹਾਂ ਤੋਂ ਕੋਈ ਆਸ ਰਖ,
ਬਦਸਲੂਕੀ ਕਰ ਰਹੇ ਜੋ ਲੋਕ ਦਰਗਾਹਾਂ ਦੇ ਨਾਲ।

ਰਾਤ ਨੂੰ ਅਪਣੇ ਹੀ ਹਮਲਾ ਕਰਨਗੇ ਦਿਸਦੈ ਪਿਆ,
ਸ਼ਾਮ ਗੋਂਦਾਂ ਗੁੰਦ ਰਹੀ ਹੈ ਮੇਰੇ ਹਮਰਾਹਾਂ ਦੇ ਨਾਲ।

'ਤੇਗ਼' ਤੇ 'ਗੋਬਿੰਦ' ਸਦਕਾ ਜਿਸ ਤਰ੍ਹਾਂ ਇਤਿਹਾਸ ਜ਼ਿੰਦੈ,
ਸੂਲੀਆਂ ਦਾ ਨਾਮ ਜ਼ਿੰਦੈ ਸਾਡਿਆਂ ਸਾਹਾਂ ਦੇ ਨਾਲ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

**G.T. Road, Opp. Jalandhar Octroi Post,**

**PHAGWARA**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਿਦੇਸ਼ੀ ਸਰਕਾਰ ਨੂੰ ਨਾਮਧਾਰੀਆਂ ਵਲੋਂ ਤੌਖਲਾ

## ਮਿਸਟਕ ਮੈਕਨਾਬ ਅਤੇ ਮਿਸਟਰ ਮੈਕ ਐਂਡਰੀਓ ਦੀਆਂ ਰਿਪੋਰਟਾਂ

*—ਸ. ਨਾਹਰ ਸਿੰਘ*

ਭਾਵੇਂ ਅੰਗਰੇਜ਼ ਹਾਕਮ ਆਪਣੇ ਸਿਖ ਚਾਟੜਿਆਂ, ਗੁਰਦੁਆਰਿਆਂ ਦੇ ਜਗੀਰਦਾਰ ਪੁਜਾਰੀਆਂ ਅਤੇ ਮਹੰਤਾਂ ਰਾਹੀਂ ਨਾਮਧਾਰੀ ਆਗੂ ਨਾਮਧਾਰੀ ਸੂਬਿਆਂ ਅਤੇ ਨਾਮਧਾਰੀ ਮਹੰਤਾਂ ਨੂੰ ਲੋਕਾਂ ਵਿਚ ਭੰਡਣ ਦੇ ਕੰਮ ਵਿਚ ਪੂਰੇ ਤਾਣ ਨਾਲ ਲੱਗੇ ਹੋਏ ਸਨ, ਪਰ ਫੇਰ ਭੀ ਦਿਨੋਂ ਦਿਨ ਲੋਕੀ ਨਾਮਧਾਰੀ ਬਣਦੇ ਜਾ ਰਹੇ ਸਨ। ਨਾਮਧਾਰੀਆਂ ਦੇ ਸੁਦੇਸ਼ੀ ਵਸਤਾਂ ਵਰਤਣ ਦੇ ਪਰਨਾਂ ਅਤੇ ਵਦੇਸ਼ੀ ਹਕੂਮਤ ਵਲੋਂ ਚਲਾਈਆਂ ਗਈਆਂ ਸਾਰੀਆਂ ਸੰਸਥਾਵਾਂ, ਸਰਕਾਰੀ ਅਦਾਲਤਾਂ, ਸਰਕਾਰੀ ਹਸਪਤਾਲਾਂ, ਅੰਗਰੇਜ਼ੀ ਦਵਾਈਆਂ ਅਤੇ ਰੇਲ ਦੇ ਸਫਰ ਦਾ ਪੂਰਨ ਪ੍ਰੀਤਿਆਗ ਹਕੂਮਤ ਲਈ ਬੜੇ ਹੀ ਚਿੰਤਾ ਦੇ ਕਾਰਨ ਬਣ ਗਏ ਸਨ। ਨਾਮਧਾਰੀਆਂ ਦਾ ਸੰਗਠਨ, ਉਨ੍ਹਾਂ ਦਾ ਡਾਕ ਪ੍ਰਬੰਧ ਅਤੇ ਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਦੇ ਪਾਲਨ ਨੂੰ ਦੇਖ ਕੇ ਵਦੇਸ਼ੀ ਹਾਕਮਾਂ ਦੇ ਦਿਲਾਂ ਵਿਚ ਇਸ ਲਹਿਰ ਸੰਬੰਧੀ ਸ਼ਕ ਪੈਣੇ ਕੁਦਰਤੀ ਗਲ ਸੀ। ਕਸ਼ਮੀਰ ਅਤੇ ਨੈਪਾਲ ਦੀਆਂ ਫੌਜਾਂ ਵਿਚ ਕੂਕਿਆਂ ਦੀ ਹੋਂਦ ਨੇ ਸਰਕਾਰੀ ਕਰਮਚਾਰੀਆਂ ਦੇ ਦਿਲਾਂ ਤੇ ਇਹ ਗਲ ਪੱਕੀ ਤਰ੍ਹਾਂ ਬਠਾ ਦਿਤੀ ਸੀ, ਕਿ ਨਾਮਧਾਰੀ ਸਿੰਘ ਮੌਕਾ ਆਵਣ ਤੇ ਸਰਕਾਰ ਅੰਗਰੇਜ਼ੀ ਦੇ ਖ਼ਿਲਾਫ ਹਥਿਆਰਾਂ ਨਾਲ ਬਗਾਵਤ ਕਰਨਗੇ। ੫ ਅਗਸਤ ੧੮੭੧ ਨੂੰ ਰਾਏਕੋਟ ਦੇ ਬੁਚੜਾਂ ਦੇ ਕਤਲ ਅਪਰਾਧ ਵਿਚ ਪਿੱਥੋ ਰਿਆਸਤ ਨਾਭਾ ਦੇ ਤਿੰਨ ਨਾਮਧਾਰੀ ਸਿੰਘ ਰਾਏਕੋਟ ਵਿਖੇ ਜਨਤਾ ਦੇ ਸਾਹਮਣੇ ਫਾਂਸੀ ਦੇ ਦਿਤੇ ਗਏ ਸਨ, ਅਤੇ ਗਿਆਨੀ ਰਤਨ ਸਿੰਘ ਮੰਡੀ ਵਾਲੇ ਅਤੇ ਰਤਨ ਸਿੰਘ ਨਾਈਵਾਲੀਏ ਦਾ ਮੁਕੱਦਮਾ ਲੁਧਿਆਣੇ ਲਿਆਂਦਾ ਗਿਆ ਸੀ।

੮ ਅਗਸਤ ਨੂੰ ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਵਿਚ ਮਿਸਟਰ ਕ੍ਰਿਸਟੀ ਦੇ ਫੜੇ ਹੋਏ ਹੋਏ ਸਾਰੇ ਮੁਲਜ਼ਮ ਬੀਲ੍ਹਾ ਸਿੰਘ ਨਾਮਧਾਰੀ ਦੇ ੩ ਅਗਸਤ ਦੇ ਇਕਬਾਲੀ ਬਿਆਨਾਂ ਪਿਛੋਂ ਬਰੀ ਕੀਤੇ ਗਏ। ਇਸ ਤੇ ਕਲਨਲ ਬੇਲੀ ਡਿਪਟੀ ਇਨਸਪੈਕਟਰ ਜਨਰਲ ਲਾਹੌਰ ਨੇ ਸਰਕਾਰ ਦੀ ਮਨਸ਼ਾ ਮੁਤਾਬਕ ਮਿਸਟਰ ਮੈਕਨਾਬ, ਅੰਬਾਲੇ ਦੇ ਕਮਿਸ਼ਨਰ ਅਤੇ ਮਿਸਟਰ ਮੈਕਐਂਡਰੀਓ, ਡਿਪਟੀ ਇਨਸਪੈਕਟਰ ਜਨਰਲ ਪੁਲੀਸ ਅੰਬਾਲਾ ਨੂੰ ਬੁੱਚੜਾਂ ਦੇ ਕਤਲਾਂ ਲਈ ਚੁੱਕ ਦੇਵਣ ਦੇ ਅਪਰਾਧ ਵਿਚ ਗੁਰੂ ਰਾਮ ਸਿੰਘ ਜੀ ਵਿਰੁਧ ਮੁਕੱਦਮਾ ਚਲਾਉਣ ਸੰਬੰਧੀ ਆਪਣੀਆਂ ਰਾਵਾਂ ਦੱਸਣ ਲਈ ਲਿਖਿਆ। ਮਿਸਟਰ ਮੈਕਨਾਬ ਨੇ ਆਪਣੀ ਰੀਪੋਰਟ ੪ ਨਵੰਬਰ ਨੂੰ ਲਿਖੀ ਅਤੇ ਮਿਸਟਰ ਮੈਕਐਂਡਰੀਊ ਨੇ ੨੦ ਨਵੰਬਰ ੧੮੭੧ ਨੂੰ। ਮਿਸਟਰ ਮੈਕਨਾਬ ਦੀ ਰੀਪੋਰਟ ਦਾ ਸਾਰ ਇਸ ਪ੍ਰਕਾਰ ਹੈ :-

(੧) ਸ਼ੁਰੂ ਵਿਚ ਭਾਵੇਂ ਇਸ ਲਹਿਰ ਦੇ ਆਗੂਆਂ ਦੇ ਇਰਾਦੇ ਕੁਝ ਭੀ ਹੋਵਣ; ਪਰ ਹੁਣ ਇਸ ਲਹਿਰ ਦਾ ਝੁਕਾਓ ਸਾਫ ਤੌਰ ਤੇ ਰਾਜਸੀ ਹੈ।

(੨) ਪਹਿਲੋਂ ਪਹਿਲੋਂ ਸਰਦਾਰਾਂ ਵਿਚੋਂ ਸਿਰਫ ਮੰਗਲ ਸਿੰਘ ਬਿਸ਼ਨਪੁਰੀਆ ਹੀ ਨਾਮਧਾਰੀ ਸੀ, ਪਰ ਹੁਣ ਬਹੁਤ ਸਾਰੇ ਸਰਦਾਰ ਅਤੇ ਜਾਗੀਰਦਾਰ ਇਸ ਲਹਿਰ ਵਿਚ ਸ਼ਾਮਲ ਹੋ ਗਏ ਹਨ। ਉਦਾਹਰਣ ਦੇ ਤੌਰ ਤੇ ਗੁਰਦਿੱਤ ਸਿੰਘ ਨਾਈਵਾਲੀਆ, ਬੀਰ ਸਿੰਘ ਦਿਆਲ ਗੜ੍ਹੀਆ, ਗੁਰਸਰਨ ਸਿੰਘ ਮੁਸਤਫਾ ਬਾਦ ਵਾਲਾ ਅਤੇ ਉਸ ਦੇ ਤਿੰਨ ਭਤੀਜੇ, ਹੀਰਾ ਸਿੰਘ ਜਾਗੀਰਦਾਰ ਸਾਢੌਰੇਵਾਲਾ, ਅਤੇ ਸਾਢੌਰੇ ਦੇ ਹੋਰ ਸਾਰੇ ਛੋਟੇ ਜਾਗੀਰਦਾਰ, ਦਿਆਲਗੜ੍ਹੀਏ ਸਰਦਾਰਾਂ ਦੇ ਰਿਸ਼ਤੇਦਾਰ, ਬੁਢਾ ਸਿੰਘ ਜਾਗੀਰਦਾਰ ਸੋਹਾਣੇ ਵਾਲਾ, ਰਿਆਸਤ ਕਲਸੀਆ ਦੇ ਜੈਮਲ ਸਿੰਘ ਅਤੇ ਦਲੀਪ ਸਿੰਘ। ਅੰਬਾਲੇ ਦੇ ਜ਼ਿਲੇ ਦੇ ਛੋਟੇ-ਛੋਟੇ ਜਾਗੀਰਦਾਰ ਸਮਾ ਆਵਣ ਤੇ ਖਾਲਸਾ ਰਾਜ ਮੁੜ ਕਾਇਮ ਕਰਨ ਦੇ ਹਾਮੀ ਜ਼ਰੂਰ ਬਣ ਜਾਵਣਗੇ। ਇਨ੍ਹਾਂ ਵਿਚ ਕੂਕੇ ਬਨਣ ਦੀ ਲਹਿਰ ਵਧਣ ਦੀ ਸੰਭਾਵਨਾ ਹੈ।

(੩) ਪਿਛਲੇ ਸਾਲਾਂ ਵਿਚ ਗੁਰੂ ਰਾਮ ਸਿੰਘ ਨੇ ਨੈਪਾਲ ਦੇ ਯੁਵਰਾਜ ਰਾਹੀਂ, ਮਹਾਰਾਜ ਨਾਲ ਭੀ ਆਪਸ ਵਿਚ ਤੁਹਫੇ ਦਿਤੇ ਅਤੇ ਲਏ।

(੪) ਨਾਮਧਾਰੀ ਜਥੇਬੰਦੀ ਜ਼ਿਲੇਵਾਰ ਸੂਬਿਆਂ ਅਤੇ ਨਾਇਬ ਸੂਬਿਆਂ ਦੁਆਰਾ ਕੀਤੀ ਹੋਈ ਹੈ। ਨਾਮਧਾਰੀਆਂ ਦੇ ਦੂਤ ਲਖਨਊ ਹੈਦਰਾਬਾਦ ਥਾਵਾਂ ਤੇ ਜਿਥੇ ਭੀ ਸਿਖ ਵਸਦੇ ਹਨ, ਪਹੁੰਚਦੇ ਹਨ। ਗੁਰੂ ਰਾਮ ਸਿੰਘ ਜੀ ਸਾਧੂ ਫਕੀਰਾਂ ਵਾਂਗ ਨਹੀਂ ਰਹਿੰਦਾ। ਜਦ ਕਦੀ ਭੀ ਉਹ ਕਿਸੇ ਅਫਸਰ ਨੂੰ ਮਿਲੇ, ਤਦ ਰਾਜਿਆਂ ਵਾਕਰ, ਕਈ ਘੋੜ ਸਵਾਰ ਅਤੇ ਬਹੁਤ ਸਾਰੇ



Sri Satguru Jagjit Singh Ji eLibrary NamdhariElibrary@gmail.com

ਪੈਦਲ ਉਸਦੀ ਅਰਦਲ ਵਿਚ ਹੁੰਦੇ ਹਨ। ਅਫਸਰ ਦੇ ਕਮਰੇ ਵਿਚ ਭੀ, ਰਾਜਿਆਂ ਦੇ ਨਾਲ ਦੇ ਦਰਬਾਰੀਆਂ ਵਾਕਰ, ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ।

ਉਸ ਦੇ ਆਪਣੇ, ਅਤੇ ਨਾਮਧਾਰੀਆਂ ਦੇ ਪਹਿਨੇ ਹੋਏ ਬਸਤਰ, ਬਹੁਤ ਹੀ ਸੋਹਣੇ ਤੇ ਸਫੈਦ ਰੰਗ ਦੇ ਹੁੰਦੇ ਹਨ। ਐਸੀ ਜਥੇਬੰਦੀ ਕੁਝ ਸਮੇਂ ਪਿਛੋਂ ਰਾਜਸੀ ਕਾਰਯਕਰਮ ਦਾ ਵਡਾ ਸੋਮਾ ਬਣ ਸਕਦੀ ਹੈ, ਅਤੇ ਨਾਮਧਾਰੀਆਂ ਦਾ ਹਰ ਇਕ ਕੰਮ ਇਸੇ ਨਸ਼ਾਨੇ ਵਲ ਨੂੰ ਜਾ ਰਿਹਾ ਮਲੂਮ ਦਿੰਦਾ ਹੈ।

(੪) ਜਿਤਨੇ ਸੂਬੇ ਮੈਨੂੰ ਮਿਲੇ ਹਨ ਸਭ ਹੌਸਲੇ ਵਾਲੇ ਆਦਮੀ ਹਨ। ਥੋੜਿਆਂ ਨੂੰ ਛੱਡਕੇ ਜਿਤਨੇ ਕੂਕੇ ਮੈਂ ਦੇਖੇ ਹਨ, ਉਹ ਬੜੇ ਜਰਵਾਨੇ ਸ਼ਰੀਰਾਂ ਅਤੇ ਜੁਸਿਆਂ ਵਾਲੇ ਆਦਮੀ ਹਨ। ਇਸ ਸੰਬੰਧੀ ਮੈਂ ਮਿਸਟਰ ਸੀ. ਪੀ. ਈਲੀਅਟ ਨਾਲ ਸਹਿਮਤ ਹਾਂ।

(੫) ਸਾਰੇ ਪਹਿਲੂ ਵਿਚਾਰ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ, ਕਿ ਇਹ ਲਹਿਰ ਰਾਜਸੀ ਹੈ, ਅਤੇ ਖਾਲਸ ਧਾਰਮਕ ਲਹਿਰ ਨਹੀਂ, ਸ਼ੁਰੂ ਵਿਚ ਭਾਵੇਂ ਕੁਝ ਭੀ ਹੋਵੇ।

(੬) ਗੁਰੂ ਰਾਮ ਸਿੰਘ ਜੀ ਤੇਜ ਬੁਧੀ ਵਾਲਾ, ਧੀਰਜਵਾਨ ਗੰਭੀਰ ਅਤੇ ਉਚ ਆਚਰਨ ਵਾਲਾ ਪੁਰਸ਼ ਹੈ, ਉਸ ਨੇ ਆਪਣੇ ਹਰ ਇਕ ਬਚਨ ਅਤੇ ਕਰਮ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ।

(੭) ਬੁਚੜਾਂ ਦੇ ਕਤਲਾਂ ਦਿਆਂ ਮੁਕੱਦਮਿਆਂ ਦੀਆਂ ਗਵਾਹੀਆਂ ਤੋਂ ਇਹੋ ਨਤੀਜਾ ਨਿਕਲਦਾ ਹੈ, ਕਿ ਗੁਰੂ ਰਾਮ ਸਿੰਘ ਹੀ ਸਾਰੀਆਂ ਗਲਾਂ ਦਾ ਆਧਾਰ ਸੀ, ਅਤੇ ਮਲੂਮ ਹੁੰਦਾ ਹੈ, ਕਿ ਲੋਕੀ ਉਸ ਤੇ ਹੀ ਭਰੋਸਾ ਕਰਦੇ ਸਨ, ਸੂਬਿਆਂ ਉਤੇ ਨਹੀਂ।

(੮) ਹਰ ਪੜ੍ਹਿਆ ਹੋਇਆ ਕੂਕਾ ਆਪਣੇ ਪਾਸ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਦੇ ਛਾਪੇਖਾਨੇ (ਆਫਤਾਬ ਪਰੈਸ) ਦੀ ਛਪੀ ਹੋਈ ਇਕ ਪੋਥੀ ਰਖਦਾ ਹੈ। ਇਸ ਪੋਥੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਗਰੰਥ ਵਿਚੋਂ ਜੰਗ ਲਈ ਉਤਸਾਹਤ ਕਰਨ ਵਾਲੀਆਂ ਬਾਣੀਆਂ ਚੰਡੀ ਪਾਠ, ਅਤੇ ਉਗਰਦੰਤੀ ਦਿਤੀਆਂ ਹੋਈਆਂ ਹਨ। ਇਨ੍ਹਾਂ ਛਪੀਆਂ ਹੋਈਆਂ ਬਾਣੀਆਂ ਤੋਂ ਬਗੈਰ ਤਿੰਨ ਹੋਰ ਅਣਛਪੀਆਂ ਪੋਥੀਆਂ ਹਨ, ਜਿਨ੍ਹਾਂ ਨੂੰ ਕੂਕੇ ਪਰਮਾਣੀਕ ਮੰਨਦੇ ਹਨ। ਇਹ ਹਨ, ਸੌ ਸਾਖੀ, ਬਾਬੇ ਅਜਿੱਤੇ ਦੀ ਗੋਸ਼ਟ ਅਤੇ ਕਰਨੀ ਨਾਮਾ। ਅੰਮ੍ਰਤਸਰ ਦੇ ਬੁੱਚੜਾਂ ਦੇ ਕਤਲ ਦੀ ਤਫਤੀਸ਼ ਸਮੇਂ ਇਨਸਪੈਕਟਰ, ਇਮਦਾਦ ਅਲੀ ਨੇ ਇਹ ਤਿੰਨੇ ਪੋਥੀਆਂ ਤਲਾਸ਼ੀ ਵਿਚ ਭਾਈ ਬੀਹਲਾ ਸਿੰਘ ਨਾਰਲੀ ਵਾਲੇ ਦੇ ਘਰੋਂ ਲਿਆਕੇ ਮਿਸਟਰ ਟਰਟਨ ਸਮਿਥ ਨੂੰ ਦਿਤੀਆਂ ਸਨ, ਅਤੇ ਉਸ ਨੇ ਇਨ੍ਹਾਂ ਦਾ ਤਰਜਮਾ ਕੀਤਾ ਸੀ" ਆਖਰ ਵਿਚ ਮਿਸਟਰ ਮੈਕਨਾਬ ਗੁਰੂ ਰਾਮ ਸਿੰਘ ਜੀ ਵਰੁਧ ਸਿਆਸੀ ਮੁਕੱਦਮੇ ਦੀ ਰੂਪਰੇਖਾ ਇਸ ਪ੍ਰਕਾਰ ਉਲੀਕਦਾ ਹੈ।

"ਗੁਰੂ ਰਾਮ ਸਿੰਘ ਇਕ ਐਸੇ ਫਿਰਕੇ ਦਾ ਅਸਲੀ ਅਤੇ ਨਾਮਵਲੀ ਆਗੂ ਹੈ, ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ੀ ਹਕੂਮਤ ਦਾ ਦੁਸ਼ਮਣ ਹੈ। ਇਹ ਇਕ ਐਸੇ ਫਸਾਦੀ ਫਿਰਕੇ ਦਾ ਵਾਹਦ ਆਗੂ ਅਤੇ ਹਾਕਮ ਹੈ, ਜਿਸ ਫਿਰਕੇ ਦੇ ਆਦਮੀਆਂ ਨੇ ਪੰਜਾਬ ਦੇ ਇਸ ਹਿਸੇ ਵਿਚ ਰਹਿਣ ਵਾਲੇ ਸਾਰੇ ਬੁੱਚੜਾਂ ਨੂੰ ਕਤਲ ਕਰਨ ਦੀਆਂ ਗੋਂਦਾਂ ਗੁੰਦੀਆਂ ਹੋਈਆਂ ਹਨ। ਉਸ ਨੂੰ ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁਚੜਾਂ ਦੇ ਕਤਲਾਂ ਦਾ ਪਹਿਲੋਂ ਤੋਂ ਹੀ ਇਲਮ ਸੀ। ਮੇਰੇ ਸਾਹਮਣੇ ਅਦਾਲਤ ਵਿਚ ਗਵਾਹੀ ਦਿੰਦੇ ਹੋਇਆਂ ਉਸ ਨੇ ਰਾਏਕੋਟ ਵਿਚ ਕਤਲ ਹੋਏ ਬੇਗੁਨਾਹ ਇਸਤਰੀਆਂ ਤੇ ਬੱਚਿਆਂ ਦੇ ਕਤਲ ਦੀ ਨਿਖੇਧੀ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਆਪਣੀ ਜ਼ਾਤੀ ਰਾਏ ਦੇਂਦੇ ਹੋਏ ਮਿਸਟਰ ਮੈਕਨਾਬ ਨੇ ਲਿਖਿਆ, ਕਿ "ਸਰਕਾਰੀ ਤੌਰ ਤੇ ਮਨਜ਼ੂਰ ਹੋਈਆਂ ਖਾਸ ਥਾਵਾਂ ਤੇ ਆਪਣਾ ਵਪਾਰ ਕਰਦੇ ਹੋਏ ਬੁੱਚੜਾਂ ਦਾ ਅਨੋਖੜਾਂ ਦੇ ਹੱਥੋਂ ਕਤਲ ਕੀਤੇ ਜਾਣਾ ਸਰਕਾਰ ਦੇ ਹੁਕਮਾਂ ਅਤੇ ਹਕੂਮਤ ਦੀ ਖੁਲ੍ਹਮ ਖੁਲ੍ਹੀ ਵਿਰੋਧਤਾ ਹੈ। ਇਸ ਤਰ੍ਹਾਂ ਹਕੂਮਤ ਦੀ ਮੁਖਾਲਫਤ ਹੁੰਦੀ ਹੋਵਣ ਦੀ ਸੂਰਤ ਵਿਚ ਜੇਕਰ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਨਾ ਦਿੱਤੀਆਂ ਜਾਵਣ, ਤਦ ਇਸ ਪ੍ਰਕਾਰ ਦੀ ਵਿਰੋਧਤਾ ਸਾਡੀ ਹਕੂਮਤ ਲਈ ਕਦੀ ਨਾ ਕਦੀ ਬੜੀ ਖਤਰਨਾਕ ਸਾਬਤ ਹੋਵੇਗੀ।"

ਇਸ ਗੱਲ ਨੂੰ ਸਭੀ ਮੰਨਦੇ ਹਨ, ਕਿ ਹਕੂਮਤ ਦੀ ਵਿਰੋਧਤਾ ਹੋਵਣ ਯਾ ਕਰਵੌਣ ਵਿਚ ਫਿਰਕੇ ਦੇ ਆਗੂ ਦੀ ਭੀ ਪੂਰੀ ਪੂਰੀ ਸੰਮਤੀ ਹੈ। ਇਨ੍ਹਾਂ ਕਾਰਨਾਂ ਨੂੰ ਮੁਖ ਰਖਦੇ ਹੋਏ ਇਹ ਜ਼ਰੂਰੀ ਮਲੂਮ ਦਿੰਦਾ ਹੈ, ਕਿ ਮੁਲਕ ਦੇ ਅੰਦਰੂਨੀ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ, ਗੁਰੂ ਰਾਮ ਸਿੰਘ ਨੂੰ ਦੇਸ਼-ਨਿਕਾਲਾ ਦੇ ਕੇ ਐਸੀ ਜਗ੍ਹਾ ਰਖਿਆ ਜਾਵੇ, ਜਿਥੇ ਉਸ ਦੇ ਸ਼ਰਧਾਲੂਆਂ ਵਿਚੋਂ ਕੋਈ ਭੀ ਉਸ ਨੂੰ ਨਾਂਹ ਮਿਲ ਸਕੇ। ਉਸ ਦੇ ਸੂਬਿਆਂ ਨੂੰ ਉਨ੍ਹਾਂ ਦੇ ਪਿੰਡੀਂ ਨਜ਼ਰਬੰਦ ਕਰ ਦਿੱਤਾ ਜਾਵੇ, ਅਤੇ ਕੂਕਿਆਂ ਦੇ ਦੀਵਾਨ, ਮੇਲੇ ਅਤੇ ਇਕੱਤਰਤਾਵਾਂ ਹੁਕਮਨ ਬੰਦ ਕਰ ਦਿੱਤੀਆਂ ਜਾਵਣ। ਜੇ ਉਨ੍ਹਾਂ ਵਿਰੁੱਧ ਐਸੇ ਸਖਤ ਹੀਲੇ ਨਾ ਵਰਤੇ ਗਏ, ਤਦ ਆਮ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਬੈਠ ਜਾਵੇਗੀ, ਕਿ ਹਕੂਮਤ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਦੇ ਗੁਰੂ ਰਾਮ ਸਿੰਘ ਤੋਂ ਡਰ ਗਈ ਹੈ, ਅਤੇ ਉਹ ਲੋਕਾਂ ਦੇ ਦਿਲਾਂ ਵਿਚ ਪਹਿਲੇ ਨਾਲੋਂ ਭੀ ਉੱਚੀ ਪਦਵੀ ਹਾਸਲ ਕਰ ਲਵੇਗਾ। ਜੇ ਉਸ ਦੀ ਤਾਕਤ ਵਧਦੀ ਗਈ ਅਤੇ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ, ਤਦ ਸਰਕਾਰ ਨੂੰ ਬੜੇ ਹੀ ਖਤਰਿਆਂ ਅਤੇ ਫਸਾਦਾਂ ਦਾ ਸਾਹਮਣਾ ਕਰਨਾ ਪਵੇਗਾ।

ਅਗੇ ਚਲਕੇ ਮਿਸਟਰ ਮੈਕਨਾਬ ਰਾਏਕੋਟ ਅਤੇ ਅੰਮ੍ਰਿਤਸਰ ਦੇ ਮੁਕੱਦਮਿਆਂ ਦੇ ਗਵਾਹਾਂ ਦੇ ਬਿਆਨਾਂ ਦੇ ਆਧਾਰ ਤੇ ਇਹ ਨਤੀਜਾ ਕੱਢਣ ਦੀ ਕੋਸ਼ਿਸ਼ ਕਰਦਾ ਹੈ, ਕਿ ਬੁਚੜਾਂ ਦੇ ਕਤਲ ਗੁਰੂ ਰਾਮ ਸਿੰਘ ਜੀ ਦੀ ਆਗਿਆ ਨਾਲ ਹੋਏ ਹਨ, ਅਤੇ ਜੇ ਉਸ ਉੱਤੇ ਕਤਲਾਂ ਲਈ ਸ਼ਹਿ ਅਤੇ ਚੁਕ ਦੇਵਣ ਦਾ ਮੁਕੱਦਮਾ ਅਦਾਲਤ ਵਿਚ ਸਾਬਤ ਨ ਭੀ ਹੋ ਸਕੇ, ਤਦ ਭੀ ਉਸ ਨੂੰ ਬਰੀ ਨਹੀਂ ਕਰਨਾ ਚਾਹੀਦਾ, ਸਗੋਂ ਇਹ ਫੈਸਲਾ ਦੇਣਾ ਚਾਹੀਦਾ ਹੈ, ਕਿ ਉਸ ਦੇ ਖਿਲਾਫ ਮੁਕੱਦਮਾ ਸਾਬਤ ਨਹੀਂ ਹੋ ਸਕਿਆ, ਪਰ ਉਹ ਦੋਸ਼ੀ ਜ਼ਰੂਰ ਹੈ। ਮੁਕੱਦਮਾ ਸਾਬਤ ਨਾ ਹੋਵਣ ਦੀ ਸੂਰਤ ਵਿਚ ਉਸ ਦੇ ਖਿਲਾਫ਼ ਬੰਗਾਲ ਐਕਟ ਨੰ: ੩ ਸੰਨ ੧੮੧੮ ਦੀ ਕਾਰਵਾਈ ਕਰਨੀ ਚਾਹੀਦੀ ਹੈ। ਮੇਰੀ ਇਹ ਪੱਕੀ ਰਾਏ ਹੈ ਕਿ ਗੁਰੂ ਰਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਟਾਪੂ ਵਿਚ ਭੇਜ ਦਿੱਤਾ ਜਾਵੇ। ਇਹੋ ਸਭ ਤੋਂ ਸੌਖੀ ਗੱਲ ਹੋਵੇਗੀ। ਪਰ ਇਹ ਕਾਰਵਾਈ ਜਨਵਰੀ ਦੇ ਮਹੀਨੇ ਦਿੱਲੀ ਵਿਚ ਹੋਣ ਵਾਲੇ ਵੱਡੇ ਫੌਜੀ ਜਲਸੇ ਵਿਚ ਫੌਜਾਂ ਦੇ ਸ਼ਾਮਲ ਹੋਣ ਲਈ ਜਾਵਣ ਤੋਂ ਪਹਿਲੋਂ ਪਹਿਲੋਂ ਹੋ ਜਾਣੀ ਚਾਹੀਦੀ ਹੈ। ਲੁਧਿਆਣੇ ਵਿਚ ਪੁਲੀਸ ਦੀ ਗਿਣਤੀ ਵਧਾ ਕੇ ਉਸ ਨੂੰ ਮਜ਼ਬੂਤ ਕਰ ਲੈਣਾ ਚਾਹੀਦਾ ਹੈ। ਅਤੇ ਕੁਝ ਫੌਜ ਇਸ ਕੰਮ ਲਈ ਜਲੰਧਰ ਤਿਆਰ ਰੱਖਣੀ ਚਾਹੀਦੀ ਹੈ। ਮੇਰਾ ਖਿਆਲ ਹੈ, ਕਿ ਗੁਰੂ ਰਾਮ ਸਿੰਘ ਲੜਾਈ ਨਹੀਂ ਕਰੇਗਾ, ਸਗੋਂ ਮਾਮੂਲੀ ਸੱਮਣਾਂ ਤੇ ਹਾਜ਼ਰ ਹੋ ਜਾਵੇਗਾ।

ਦੂਸਰਾ ਤਰੀਕਾ ਇਹ ਹੈ ਕਿ ਗੁਰੂ ਰਾਮ ਸਿੰਘ ਜੀ ਨੂੰ ਪੱਕੇ ਤੌਰ ਤੇ ਇਹ ਗੱਲ ਸਮਝਾ ਦਿੱਤੀ ਜਾਵੇ, ਕਿ ਉਹ ਆਪਣਾ ਪ੍ਰਚਾਰ ਬੰਦ ਕਰ ਦੇਵੇ ਅਤੇ ਸੂਬਿਆਂ ਨੂੰ ਭੀ ਪ੍ਰਚਾਰ ਕਰਨੋਂ ਮਨ੍ਹਾ ਕਰ ਦੇਵੇ। ਨਾਲ ਦੀ ਨਾਲ ਆਪਣੇ ਸ਼ਰਧਾਲੂਆਂ ਦੀਆਂ ਕਾਰਵਾਈਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਲਵੇ। ਪਰ ਇਨ੍ਹਾਂ ਗੱਲਾਂ ਦਾ ਉਸ ਤੇ ਕੋਈ ਅਸਰ ਨਹੀਂ ਹੋਵੇਗਾ, ਅਤੇ ਨਾ ਹੀ ਉਹ ਆਪਣਾ ਪ੍ਰਚਾਰ ਬੰਦ ਕਰੇਗਾ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਉੱਪਰ ਮੇਰੇ ਖਿਆਲ ਵਿਚ ਗੁਰੂ ਰਾਮ ਸਿੰਘ ਜੀ ਦੀ ਸ਼ਹਿ ਤੇ ਅਤੇ ਉਸਦੀ ਸੰਮਤੀ ਨਾਲ ਇਹ ਕਤਲ ਯਾ ਵਡੇ ਜੁਰਮ ਕੀਤੇ ਗਏ ਹਨ। ਇਸ ਗੱਲ ਨੂੰ ਮੁਖ ਰੱਖਦਿਆਂ ਹੋਇਆਂ ਮੈਂ ਇਹ ਕਹਿਣ ਦੀ ਦਲੇਰੀ ਕਰਦਾ ਹਾਂ, ਕਿ ਸਰਕਾਰ ਦਾ ਰੁਹਬ, ਇਜ਼ਤ ਅਤੇ ਦਬਦਬਾ ਹੁਣ ਇਸ ਗੱਲ ਨਾਲ ਹੀ ਕਾਇਮ ਰਹਿ ਸਕਦਾ ਹੈ, ਜੇਕਰ ਗੁਰੂ ਰਾਮ ਸਿੰਘ ਜੀ ਨੂੰ ਹਰ ਹਾਲਤ ਵਿਚ ਹੀ ਸਜ਼ਾ ਦਿੱਤੀ ਜਾਵੇ।

ਅਖੀਰ ਵਿਚ ਮਿਸਟਰ ਮੈਕਨਾਬ ਬੜੀ ਹਸੌਣੀ ਜਿਹੀ ਗੱਲ ਲਿਖਦਾ ਹੈ। ਉਹ ਸਰਕਾਰ ਨੂੰ ਹੁਸ਼ਿਆਰ ਕਰਦਾ ਹੈ, ਕਿ ਉਸ ਦੀ ਇਹ ਰੀਪੋਰਟ ਲਾਹੌਰ ਦੇ ਕਿਸੇ ਛਾਪੇ ਖਾਨੇ ਵਿਚ ਨਾ ਛਪਾਈ ਜਾਵੇ। ਦਲੀਲ ਇਹ ਦਿੰਦਾ ਹੈ, ਕਿ ਛਾਪੇ ਖਾਨੇ ਵਾਲਿਆਂ ਦੀ ਬਰਾਦਰੀ ਵਿਚ ਦੀਵਾਨ ਬੂਟਾ ਸਿੰਘ ਦਾ ਬਹੁਤ ਅਸਰ ਰਸੂਖ ਹੈ, ਅਤੇ ਡਰ ਇਹ ਸੀ ਕਿ ਛਪਣ ਤੋਂ ਪਹਿਲੋਂ ਹੀ ਉਸ ਦੀ ਰੀਪੋਰਟ ਦੀ ਨਕਲ ਬੂਟਾ ਸਿੰਘ ਰਾਹੀਂ ਗੁਰੂ ਰਾਮ ਸਿੰਘ ਜੀ ਪਾਸ ਪਹੁੰਚ ਜਾਵੇਗੀ।

ਮਿਸਟਰ ਮੈਕਐਂਡਰੀਉ ਨੇ ਆਪਣੀ ਰੀਪੋਰਟ ੨੦ ਨਵੰਬਰ ੧੮੭੧ ਨੂੰ ਲਿਖੀ, ਜਿਸ ਦਾ ਸਾਰ ਇਸ ਪ੍ਰਕਾਰ ਹੈ।

(੧) ਗਊ ਕਸ਼ੀ ਬੰਦ ਕਰਨ ਲਈ ਬੁੱਚੜਾਂ ਨੂੰ ਵੱਢਣ ਦੀ ਵਿਓਂਤਾਂ ਕੂਕਿਆਂ ਨੇ ਖੋਟਿਆਂ ਦੇ ਪਿਛਲੇ ਮੇਲੇ ਤੋਂ ਸ਼ੁਰੂ ਕੀਤੀਆਂ। ਇਹ ਮੇਲਾ ਦਮਦਮੇ ਸਾਹਿਬ ਦੀ ਵਿਸਾਖੀ ਦੇ ਜੋੜ ਮੇਲੇ ਪਿਛੋਂ ਪ੍ਰਚਾਰ ਦੇ ਦੌਰੇ ਵਿਚ ਲਗਿਆ ਸੀ। ਗੁਰੂ ਰਾਮ ਸਿੰਘ ਜੀ ਭੀ ਇਸ ਵਿਚ ਹਾਜ਼ਰ ਸੀ।

ਇਸ ਮੇਲੇ ਤੇ ਬਾਬੇ ਜਵਾਹਰ ਸਿੰਘ ਅਤੇ ਸਰਦਾਰ ਹੀਰਾ ਸਿੰਘ ਸਕਰੋਦੀ ਵਾਲੇ ਦਾ ਆਪਸ ਵਿਚ ਹੀਰਾ ਸਿੰਘ ਦੇ ਆਪਣੀ ਇਸਤਰੀ ਦਾ ਕਟਿਆ ਹੋਇਆ ਜੂੰਡਾ ਡਾਂਗ ਤੇ ਲਟਕਾਈ ਫਿਰਨ ਸੰਬੰਧੀ ਝਗੜਾ ਹੋ ਪਿਆ। ਗੁਰੂ ਰਾਮ ਸਿੰਘ ਜੀ ਨੇ ਆਪਸ ਦੀ ਲੜਾਈ ਦੀ ਖਬਰ ਸੁਣਕੇ ਅਤੇ ਦੁਖੀ ਹੋ ਕੇ ਕੁਝ ਐਸੇ ਬਚਨ ਕੀਤੇ, ਜਿਨ੍ਹਾਂ ਨੂੰ ਨਾਮਧਾਰੀਆਂ ਨੇ ਬੁਚੜਾਂ ਦੇ ਵਢਣ ਲਈ ਇਸ਼ਾਰਾ ਸਮਝਿਆ।

(੨) ਰਾਏਕੋਟ ਅਤੇ ਅੰਮ੍ਰਿਤਸਰ ਦਿਆਂ ਮੁਕੱਦਮਿਆਂ ਦੀਆਂ ਮਿਸਲਾਂ ਵਿਚ ਹੋਏ ਬਿਆਨਾਂ ਤੋਂ ਇਹ ਮਲੂਮ ਦਿੰਦਾ ਹੈ, ਕਿ ਇਹ ਕਤਲ ਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਹੋਏ ਹਨ। ਮੈਂ ਇਹ ਨਹੀਂ ਕਹਿ ਸਕਦਾ, ਕਿ ਅੰਮ੍ਰਿਤਸਰ ਅਤੇ ਰਾਏਕੋਟ ਦੇ ਸਰਕਾਰੀ ਗਵਾਹਾਂ ਦੇ ਅਧਾਰ ਤੇ ਗੁਰੂ ਰਾਮ ਸਿੰਘ ਜੀ ਵਿਰੁੱਧ ਅਦਾਲਤ ਵਿਚ ਚਲਾਇਆ ਗਿਆ ਮੁਕੱਦਮਾ ਕਾਮਯਾਬ ਹੋ ਸਕੇਗਾ ਯਾ ਨਹੀਂ। ਮੇਰੀ ਇਹ ਰਾਏ ਹੈ, ਕਿ ਐਸਾ ਮੁਕੱਦਮਾ ਚਲਾਉਣਾ ਜਿਸ ਵਿਚ ਘਟੋ ਘਟ ਉਮਰ ਕੈਦ, ਯਾ ਦੇਸ ਨਕਾਲੇ ਦੀ ਸਜ਼ਾ ਨਾ ਹੋ ਸਕੇ, ਬੜੀ



Sri Satguru Jagjit Singh Ji eLibrary NamdhariElibrary@gmail.com

ਭਾਰੀ ਗਲਤੀ ਹੋਵੇਗੀ। ਇਸ ਲਈ ਸਰਕਾਰ ਨੂੰ ਕਿਸੇ ਐਸੇ ਮੁਕੱਦਮੇ ਦੇ ਚਲਾਉਣ ਦਾ ਲੰਬਾ ਚੌੜਾ ਸਵਾਂਗ ਨਹੀਂ ਰਚਣਾ ਚਾਹੀਦਾ। ਸਗੋਂ ਇਸ ਤੋਂ ਬਗੈਰ ਹੀ ਹਕੂਮਤ ਦੀ ਸਿਆਸੀ ਲੋੜ ਅਤੇ ਅਮਨ ਕਾਇਮ ਰੱਖਣ ਦੇ ਨਾਮ ਤੇ ਗੁਰੂ ਰਾਮ ਸਿੰਘ ਜੀ ਨੂੰ ਦੇਸ ਨਕਾਲਾ ਦੇ ਦੇਣਾ ਚਾਹੀਦਾ ਹੈ।

ਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਸ਼ਰਧਾਲੂਆਂ ਨੇ ਬਿਲਾ ਸ਼ੁਭਾ ਹੀ ਹਕੂਮਤ ਦੇ ਕਾਨੂੰਨਾਂ ਅਤੇ ਹੁਕਮਾਂ ਦੀ ਮਿਟੀ ਪਲੀਤ ਕਰ ਛਡੀ ਹੈ। ਸਰਕਾਰ ਨੂੰ ਇਸ ਦੀ ਓਟ ਵਿਚ, ਫਾਇਦਾ ਉਠਾ ਕੇ ਕੂਕਿਆਂ ਸੰਬੰਧੀ ਸਰਕਾਰ ਪਰੇਸ਼ਾਨੀ ਅਤੇ ਤਕਲੀਫ ਨੂੰ ਜਿਹੜੀ ਲਗਾਤਾਰ ੧੦ ਸਾਲ ਤੋਂ ਚਲੀ ਆ ਰਹੀ ਹੈ, ਬੰਦ ਕਰਨਾ ਚਾਹੀਦਾ ਹੈ।

(੩) ਮਿਸਟਰ ਮੈਕਐਂਡਰੀਉ ਲਿਖਦਾ ਹੈ, ਕਿ ਕਲਨਲ ਬੇਲੀ ਕੂਕਿਆਂ ਦੀ ਸੰਸਥਾ ਨੂੰ ਕੁਝ ਜ਼ਿਆਦਾ ਹੀ ਅਹਿਮੀਅਤ ਦਿੰਦਾ ਹੈ। ਇਸ ਦਾ ਇਹ ਅੰਦਾਜ਼ਾ, ਕਿ ਕੋਈ ਡੇਢ ਲੱਖ ਆਦਮੀ ਇਸ ਪੰਥ ਵਿਚ ਸ਼ਾਮਲ ਹੋ ਗਏ ਹਨ, ਮੈਨੂੰ ਠੀਕ ਪ੍ਰਤੀਤ ਨਹੀਂ ਹੁੰਦਾ। ਮੇਰਾ ਅੰਦਾਜ਼ਾ ਹੈ ਕਿ ਜੇ ਗਿਣਤੀ ਕੀਤੀ ਜਾਵੇ, ਤਾਂ ਗਿਣਤੀ ਪੰਜਾਹ ਕੁ ਹਜ਼ਾਰ ਹੋਵੇਗੀ।

(੪) ਅਜੇ ਤਕ ਕੂਕਿਆਂ ਦੀ ਬਹੁਤੀ ਗਿਣਤੀ ਲੁਧਿਆਣਾ, ਫੀਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ ਅਤੇ ਸਿਆਲ ਕੋਟ ਦੇ ਜ਼ਿਲ੍ਹਿਆਂ ਵਿਚ ਹੀ ਹੈ, ਪਰ ਨਾਲ ਦੀ ਨਾਲ ਇਸ ਗੱਲ ਵਿਚ ਭੀ ਕੋਈ ਸ਼ੱਕ ਨਹੀਂ, ਕਿ ਗੁਰੂ ਰਾਮ ਸਿੰਘ ਜੀ ਚੰਗੀ ਸਿਆਣਪ ਵਾਲਾ ਅਤੇ ਉੱਘਾ ਆਦਮੀ ਹੈ। ਸੂਬਿਆਂ ਰਾਹੀਂ ਲੋਕਾਂ ਨੂੰ ਨਾਮਧਾਰੀ ਬਣੌਣ ਦੇ ਕਾਰਯਕਰਮ ਵਿਚ ਉਸਨੂੰ ਚੰਗੀ ਸਫਲਤਾ ਹੋਈ ਹੈ। ਇਨ੍ਹਾਂ ਕਾਰਨਾਂ ਕਰਕੇ ਉਹ ਆਪਣਾ ਅਸਰ ਰਸੂਖ ਵਰਤਣ ਲਈ ਇਕ ਐਸੀ ਥਾਂ ਤੇ ਪਹੁੰਚ ਚੁਕਾ ਹੈ, ਜੋ ਸਾਡੀ ਹਕੂਮਤ ਲਈ ਖਤਰਨਾਕ ਹੋਵੇਗੀ। ਉਸ ਨੇ ਜੋ ਉਪਨਾਮ ਹੁਣ ਅਖਤਿਆਰ ਕੀਤਾ ਹੈ, ਉਸ ਤੋਂ ਉਸ ਦੀ ਤਰੱਕੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਦ ਉਹ ਹਜ਼ਰੋ ਦੇ ਗੁਰੂ ਬਾਲਕ ਸਿੰਘ ਦੀ ਗੱਦੀ ਦਾ ਜਾਨਸ਼ੀਲ ਬਣਿਆ, ਤਦ ਉਹ ਮਹੰਤ ਰਾਮ ਸਿੰਘ ਸੀ। ਉਪਰੰਤ ਉਸ ਨੂੰ ਲੋਕੀ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲੱਗੇ ਅਤੇ ਹੁਣ ਸਤਿਗੁਰੂ ਪਾਤਸ਼ਾਹ ਦੇ ਨਾਮ ਨਾਲ ਪੁਕਾਰਕੇ ਉਸਦਾ ਸਨਮਾਨ ਕਰਦੇ ਹਨ।

(੫) ਜਿਉਂ ਜਿਉਂ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਧਦੀ ਗਈ ਹੈ, ਉਸ ਦੇ ਧਨ ਅਤੇ ਸੰਪੱਤੀ ਵਿਚ ਭੀ ਵਾਧਾ ਹੁੰਦਾ ਗਿਆ ਹੈ। ਹੁਣ ਉਸ ਪਾਸ ਆਪਣੇ ਹਾਜ਼ਰਬਾਸ਼ ਹਜ਼ੂਰੀ ਸੇਵਾਦਾਰ ਹਨ। ਉਹ ਦਰਬਾਰ ਲਗਾਂਦਾ ਹੈ, ਅਤੇ ਸਾਰੇ ਮੁਲਕ ਵਿਚੋਂ ਹਰਕਾਰੇ ਅਨੁਗਾਮੀ, ਅਤੇ ਪਰਿਤੀਧਰ ਲੋਕਾਂ ਦੇ ਸੰਦੇਸੇ ਲੈ ਕੇ ਉਸ ਪਾਸ ਆ ਕੇ ਹਾਜ਼ਰ ਹੁੰਦੇ ਹਨ। ਪਿਛਲੇ ਦਿਨਾਂ ਵਿਚ ਬਹੁਤ ਸਾਰੇ ਸਿੱਖ ਜਾਗੀਰਦਾਰ ਅਤੇ ਸਰਦਾਰ ਉਸ ਨਾਲ ਮਿਲ ਗਏ ਹਨ ਅਤੇ ਨਾਮਧਾਰੀ ਬਣ ਗਏ ਹਨ। ਰਿਆਸਤ ਕਸ਼ਮੀਰ ਵਿਚ ਇਕ ਕੂਕਾ ਪਲਟਣ ਖੜੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨੈਪਾਲ ਰਾਜ ਦੀ ਸਰਕਾਰ ਪਾਸ ਭੀ ਕੂਕੇ ਦੂਤ ਤੋਹਫੇ ਦੇ ਕੇ ਭੇਜੇ ਗਏ। ਇਹ ਸਾਰੀਆਂ ਕਾਰਵਾਈਆਂ ਇਕ ਉਚੀਆਂ ਉਮੰਗਾਂ ਰੱਖਣ ਵਾਲੇ ਪੁਰਖ ਦੀਆਂ ਮਨੋਭਾਵਾਂ ਨੂੰ ਜ਼ਾਹਰ ਕਰਦੀਆਂ ਹਨ। ਪੂਰਬੀ ਮਹਾਂਦੀਪ ਦੇ ਦੇਸ਼ਾਂ ਵਿਚ ਪਹਿਲੋਂ ਦੀਆਂ ਛੋਟੀਆਂ ਛੋਟੀਆਂ ਕਾਰਵਾਈਆਂ ਤੋਂ ਹੀ ਵੱਡੇ ਵੱਡੇ ਇਤਿਹਾਸ ਦੇ ਫੈਸਲਾਕੁਨ ਨਤੀਜੇ ਨਿਕਲਦੇ ਰਹੇ ਹਨ।

(੬) ਮੇਰੇ ਮਨ ਦੇ ਉਕਤ ਭਾਵ ਹੋਰ ਭੀ ਮਜ਼ਬੂਤ ਹੋ ਜਾਂਦੇ ਹਨ, ਜਦ ਮੈਂ ਆਪਣੇ ਹਿੰਦੋਸਤਾਨੀ ਮਿਤ੍ਰਾਂ, ਸਿਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਦਿੱਤੀਆਂ ਖਬਰਾਂ, ਇਤਲਾਹਾਂ ਅਤੇ ਰਾਵਾਂ ਤੇ ਡੂੰਘੀ ਵਿਚਾਰ ਕਰਦਾ ਹਾਂ। ਉਹ ਦਸਦੇ ਹਨ, ਕਿ ਕੂਕਾ ਲਹਿਰ ਵਿਚ ਕੋਈ ਚੰਗਿਆਈ ਨਹੀਂ। ਇਸਦਾ ਰੁਝਾਨ ਅਤੇ ਨਿਸ਼ਾਨਾ ਫਸਾਦ ਕਰਨਾ ਯਾ ਬੁਰਾਈ ਹੈ। ਹਿੰਦੋਸਤਾਨ ਮਿਤ੍ਰ ਇਹ ਭੀ ਦਸਦੇ ਹਨ, ਕਿ ਅਜੇ ਤਕ ਇਹ ਲਹਿਰ ਆਪਣੇ ਇਆਣਪੁਣੇ ਦੇ ਦਿਨਾਂ ਵਿਚ ਹੈ ਅਤੇ ਆਮ ਜਨਤਾ ਖਾਸ ਕਰਕੇ ਲਕੀਰ ਦੇ ਫਕੀਰ ਕੱਟੜ ਸਿੱਖਾਂ ਨੇ ਇਸ ਨੂੰ ਨਹੀਂ ਅਪਣਾਇਆ। ਹਿੰਦੂ ਅਤੇ ਮੁਸਲਮਾਨ ਭੀ ਇਸ ਦੇ ਵਿਰੋਧੀ ਹਨ। ਇਸ ਸਮੇਂ ਸਰਕਾਰ ਵਲੋਂ ਥੋੜ੍ਹੀ ਜਿਹੀ ਤਾਕਤ ਅਤੇ ਹਕੂਮਤ ਦੀ ਵਰਤੋਂ ਨਾਲ ਇਕ ਦਮ ਇਹ ਲਹਿਰ ਬੰਦ ਕੀਤੀ ਜਾ ਸਕਦੀ ਹੈ। ਫਸਾਦ ਅਤੇ ਬੁਰਾਈ ਦੀਆਂ ਬੁਨਿਆਦਾਂ ਤੇ ਖੜੀ ਕੀਤੀ ਗਈ ਇਹ ਲਹਿਰ ਔਣ ਵਾਲੇ ਸਮੇਂ ਵਿਚ ਬੜੇ ਬੜੇ ਖਤਰਿਆਂ ਅਤੇ ਤੋੜੂ ਫੋੜੂ ਵਾਕਿਆਂ ਦੀ ਜਨਮ ਦਾਤਾ ਬਣ ਜਾਵੇਗੀ।

ਨਵੰਬਰ ੧੮੭੧ ਦੇ ਅਖੀਰ ਵਿਚ ਇਹ ਦੋਵੇਂ ਰੀਪੋਰਟਾਂ ਲਾਟ ਸਾਹਿਬ ਪੰਜਾਬ ਪਾਸ ਪਹੁੰਚ ਗਈਆਂ। ਲਾਟ ਸਾਹਿਬ ਨੇ ਇਨ੍ਹਾਂ ਨੂੰ ਵੀਚਾਰਕੇ ਇਹ ਬਿਲਕੁਲ ਹੀ ਨਾਮੁਨਾਸਬ ਸਮਝਿਆ, ਕਿ ਗੁਰੂ ਰਾਮ ਸਿੰਘ ਜੀ ਦੇ ਬਰਖਲਾਫ ਬੁਚੜਾਂ ਦੇ ਕਤਲਾਂ ਸੰਬੰਧੀ ਕਾਤਲਾਂ ਨੂੰ ਉਕਸਾਣ ਅਤੇ ਸ਼ਹਿ ਦੇਵਣ ਦੇ ਅਪਰਾਧ ਵਿਚ ਅਦਾਲਤ ਵਿਚ ਫੌਜਦਾਰੀ ਮੁਕੱਦਮਾ ਚਲਾਇਆ ਜਾਵੇ। ਲਾਟ ਸਾਹਿਬ ਦੀ ਇਹ ਰਾਏ ਸੀ, ਕਿ ਗੁਰੂ ਰਾਮ ਸਿੰਘ ਜੀ ਦੇ ਬਰਖਲਾਫ ਸਾਫ ਤੌਰ ਤੇ ਐਸੇ ਸਬੂਤ



Sri Satguru Jagjit Singh Ji eLibrary NamdhariElibrary@gmail.com

ਅਤੇ ਗਵਾਹੀਆਂ ਮਿਲਣ ਦੀ ਸੰਭਾਵਨਾ ਨਹੀਂ, ਜਿਨ੍ਹਾਂ ਦੇ ਆਧਾਰ ਤੇ ਇਕ ਖੁਲ੍ਹੀ ਅਦਾਲਤ ਵਿਚ ਉਸਨੂੰ ਅਪਰਾਧੀ ਸਾਬਤ ਕੀਤਾ ਜਾ ਸਕੇਗਾ। ਅਤੇ ਜੇਕਰ ਸਰਕਾਰ ਵਲੋਂ ਚਲਾਇਆ ਗਿਆ ਐਸਾ ਮੁਕੱਦਮਾ ਅਦਾਲਤ ਵਿਚ ਸਾਬਤ ਨਾ ਹੋਇਆ, ਤਦ ਇਸ ਘਬਰਾਏ ਹੋਏ ਅਤੇ ਤਹਿਕੇ ਹੋਏ ਫਿਰਕੇ ਦੇ ਲੋਕ ਸਰਕਾਰ ਦੀ ਇਸ ਕਾਨੂੰਨੀ ਹਾਰ ਨੂੰ ਆਪਣੀ ਜੈ ਸਮਝਣਗੇ।

(੭) ਲਾਟ ਸਾਹਿਬ ਦਾ ਖਿਆਲ ਸੀ, ਕਿ ਅਜੇ ਤੱਕ ਇਸ ਕਿਸਮ ਦੇ ਹਾਲਾਤ ਪੈਦਾ ਨਹੀਂ ਹੋਏ, ਜਿਨ੍ਹਾਂ ਨੂੰ ਅਗੇ ਰਖਕੇ ਹਿੰਦ ਦੀ ਕੇਂਦਰੀ ਸਰਕਾਰ ਪਾਸੋਂ ਬੰਗਾਲ ਰੈਗੂਲੇਸ਼ਨ ਨੰ: ੩ ਸੰਨ ੧੮੧੮ ਮੁਤਾਬਕ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਵੱਡੇ ਸੂਬਿਆਂ ਦੇ ਖਿਲਾਫ ਵਾਰੰਟ ਹਾਸਲ ਕੀਤੇ ਜਾਵਣ। ਲਾਟ ਸਾਹਿਬ ਦਾ ਖਿਆਲ ਸੀ ਕਿ ਜਦ ਇਕ ਛੋਟੀ ਅਦਾਲਤ ਹੀ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਸੂਬਿਆਂ ਦੇ ਖਿਲਾਫ ਕਾਰਵਾਈ ਕਰਨ ਲਈ ਸਰਕਾਰ ਪਾਸ ਕਾਫੀ ਸ਼ਹਾਦਤਾਂ ਮਸਾਲਾ ਅਤੇ ਸਾਮਗਰੀ ਆਪਣੇ ਮੁਕੱਦਮੇ ਨੂੰ ਮਜ਼ਬੂਤ ਕਰਨ ਲਈ ਨਹੀਂ, ਤਦ ਕਾਨੂੰਨ ਦੀਆਂ ਖਾਸ ਕਾਰਵਾਈਆਂ, ਜਿਹੜੀਆਂ ਨਕ ਜਿੰਦ ਆਉਣ ਵਾਲੇ ਮੌਕਿਆਂ ਅਤੇ ਪਾਣੀ ਸਿਰ ਤੋਂ ਉੱਪਰ ਚੜ੍ਹ ਆਉਣ ਦੇ ਵਕਤਾਂ ਲਈ ਹੀ ਵਰਤੀਆਂ ਜਾਂਦੀਆਂ ਹਨ, ਇਸ ਮੁਆਮਲੇ ਵਿਚ ਕਿਵੇਂ ਵਰਤੀਆਂ ਜਾ ਸਕਦੀਆਂ ਹਨ। ਜੇਕਰ ਅਜੇ ਤੱਕ ਕਾਮਯਾਬ ਅਦਾਲਤੀ ਕਾਰਵਾਈ ਵਿਚ ਹੀ ਸੰਦੇਹ ਹੈ, ਤਦ ਖਾਸ ਵਰੰਟਾਂ ਦੀ ਗੱਲ ਤਾਂ ਕਿਧਰੇ ਰਹੀ। ਲਾਟ ਸਾਹਿਬ ਨੇ ਆਪਣੀ ਉਕਤ ਰਾਏ ਦੇ ਕੇ ਮਿਸਲਾਂ ਫਾਈਲ ਕਰ ਦਿੱਤੀਆਂ।

ਇਨ੍ਹਾਂ ਰੀਪੋਰਟਾਂ ਦੇ ਅਧਾਰ ਤੇ ਕੂਕਿਆਂ ਦੇ ਦੀਵਾਨ ਅਤੇ ਮੇਲੇ ਲਾਵਣੇ ਬੰਦ ਕਰ ਦਿੱਤੇ ਗਏ ਅਤੇ ਇਸ ਹੁਕਮ ਤੇ ਸਖਤੀ ਨਾਲ ਅਮਲ ਹੋਵਣ ਲਗਾ। ਨਾਮਧਾਰੀਆਂ ਨੇ ਧਰਮ ਅਤੇ ਸਮਾਜ ਸੁਧਾਰ ਪ੍ਰਚਾਰ ਕਰਨ ਤੇ ਐਸੀਆਂ ਪਾਬੰਦੀਆਂ ਲਗਣ ਕਾਰਨ ਵਿਦੇਸ਼ੀ ਸਰਕਾਰ ਨਾਲ ਸਿਧੀ ਟੱਕਰ ਲੈਵਣ ਦੇ ਫੈਸਲੇ ਕਰ ਲਏ। ਸਰਕਾਰ ਦੇ ਅਯੋਗ ਹੁਕਮਾਂ ਦੀ ਉਲੰਘਣਾ ਕਰਨ ਲਈ ਜਾਨਾਂ ਤਲੀਆਂ ਤੇ ਰਖ ਲਈਆਂ। ਦੁਖੇ ਹੋਏ, ਅਤੇ ਸਰਕਾਰੀ ਕਰਮਚਾਰੀਆਂ ਦੀਆਂ ਨਿਤ ਨਿਤ ਦੀਆਂ ਸਖਤੀਆਂ ਝਲ ਝਲ ਕੇ ਤੰਗ ਆਏ ਹੋਏ, ਸ਼ਸਤ੍ਰਹੀਣ ਮਾਈਆਂ ਦੇ ਲਾਲਾਂ ਨੇ, ਸਿਰ ਦੇ ਕੇ ਸੁਰਖਰੂ ਹੋਵਣ ਦੇ ਪਰਨ ਲੈ ਲੀਤੇ।

## ਸੂਬਾ ਹਰਭਜਨ ਸਿੰਘ ਇੰਪਰੂਵਮੈਂਟ ਟਰੱਸਟ ਲੁਧਿਆਣਾ ਦੇ ਟਰੱਸਟੀ ਨਿਯੁਕਤ

ਨਾਮਧਾਰੀ ਸਮਾਜ ਦੀ ਇਕ ਹਰਮਨ ਪਿਆਰੀ ਆਗੂ ਸ਼ਖਸੀਅਤ ਸੂਬਾ ਹਰਭਜਨ ਸਿੰਘ ਜਿਥੇ ਨਾਮਧਾਰੀ ਸੰਗਤ ਲੁਧਿਆਣਾ ਦੇ ਮੁੱਖੀ ਹਨ ਉਥੇ ਪੰਜਾਬ ਦੇ ਉਘੇ ਉਦਯੋਗਕ ਪਰਿਵਾਰ ਦੇ ਵੀ ਰੁਕਨ ਹਨ। ਲੁਧਿਆਣਾ ਵਿੱਚ ਹੌਜ਼ਰੀ ਦਾ ਸਮਾਨ ਬਨਾਉਣ ਵਾਲੀ ਉਦੇ ਨਿਟਵੀਅਰ ਨਾਮੀ ਪ੍ਰਸਿਧ ਫਰਮ ਅਤੇ ਹੋਰ ਸਹਿਯੋਗੀ ਫਰਮਾਂ ਸੂਬਾ ਹਰਭਜਨ ਸਿੰਘ ਜੀ, ਵੱਡੇ ਭਰਾਤਾ ਸ. ਜਗਮੋਹਣ ਸਿੰਘ ਅਤੇ ਛੋਟੇ ਵੀਰ ਸ. ਬਖਸ਼ੀਸ਼ ਸਿੰਘ ਹੋਰਾਂ ਦੀ ਸਰਦਾਰੀ ਵਿੱਚ ਬਹੁਤ ਸਫਲਤਾ ਸਹਿਤ ਚਲ ਰਹੀਆਂ ਹਨ। ਪਿਤਾ ਸ. ਸਰਦਾਰਾ ਸਿੰਘ ਜੀ ਦਾ ਸਾਰਾ ਪਰਿਵਾਰ ਹੀ ਗੁਰੂ ਘਰ ਅਤੇ ਸਮਾਜ ਦੀ ਸੇਵਾ ਵਿੱਚ ਸਦਾ ਹੀ ਤੱਤਪਰ ਰਹਿੰਦਾ ਹੈ। ਸੂਬਾ ਹਰਭਜਨ ਸਿੰਘ ਜੀ ਵਿੱਚ ਨਿਰਮਾਨਤਾ ਸਪਸ਼ਟਤਾ ਦ੍ਰਿੜਤਾ ਅਤੇ ਤੁਰੰਤ ਫੈਸਲਾ ਲੈਣ ਦੇ ਸਾਰੇ ਹੀ ਮੀਰੀ ਗੁਣ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਪ ਸਤਿਕਾਰੇ ਸਨਮਾਨੇ ਵਿਸ਼ਵਾਸ਼ ਪਾਤਰ ਸਿਖ ਹਨ। ਹੁਣ ਪੰਜਾਬ ਸਰਕਾਰ ਨੇ ਆਪ ਨੂੰ ਲੁਧਿਆਣਾ ਸ਼ਹਿਰ ਦੇ ਵਿਕਾਸ ਲਈ ਬਣੇ ਹੋਏ ਇੰਪਰੂਵਮੈਂਟ ਟਰੱਸਟ ਦਾ ਟਰੱਸਟੀ ਮੈਂਬਰ ਨਿਯੁਕਤ ਕੀਤਾ ਹੈ। ਇਸ ਮੰਤਵ ਲਈ ਲੋਕਲ ਗੌਰਮੈਂਟ ਪੰਜਾਬ ਦੇ ਮਹਿਕਮੇ ਵਲੋਂ ਸ੍ਰੀ ਏ. ਕੇ. ਦੂਬੇ ਪ੍ਰਿੰਸੀਪਲ ਸਕੱਤਰ ਨੇ ਆਪਣੇ ਪੱਤਰ ਰਾਹੀਂ ਨਿਯੁਕਤੀ ਸੰਦੇਸ਼ ਜਾਰੀ ਕੀਤਾ ਹੈ। ਨਿਰਸੰਦੇਹ ਲੁਧਿਆਣਾ ਸ਼ਹਿਰ ਨੂੰ ਸੂਬਾ ਹਰਭਜਨ ਸਿੰਘ ਜੀ ਵਰਗੇ ਅਜ਼ਮਾਏ ਹੋਏ ਸਿਆਣੇ, ਇਮਾਨਦਾਰ ਅਤੇ ਕੁਸ਼ਲ ਨੇਤਾ ਨੂੰ ਬਤੌਰ ਟਰੱਸਟੀ ਪ੍ਰਾਪਤ ਕਰਕੇ ਬਹੁਤ ਲਾਭ ਪਹੁੰਚੇਗਾ। ਅਸੀਂ ਸੂਬਾ ਹਰਭਜਨ ਸਿੰਘ ਜੀ, ਉਹਨਾਂ ਦੇ ਸਮੁੱਚੇ ਪਰਿਵਾਰ, ਨਾਮਧਾਰੀ ਸੰਗਤ ਅਤੇ ਲੁਧਿਆਣਾ ਨਿਵਾਸੀਆਂ ਨੂੰ ਵਧਾਈ ਦਿੰਦੇ ਹਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੂਬਾ ਜੀ ਨੂੰ ਸੇਵਾ ਦਾ ਵਿਸ਼ਾਲ ਪੱਧਰ ਤੇ ਅਵਸਰ ਮਿਲਿਆ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼
ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prof. S. Ajit Singh Namdhari

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 8412861
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ

—ਸੁਵਰਨ ਸਿੰਘ ਵਿਰਕ

੧੯੯੮ ਈ. ਵਿਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਸਤ ਕੰਵਲਾਂ ਨਾਲ ਲਿਖੇ ਪੱਤਰਾਂ ਨੂੰ "ਸ੍ਰੀ ਸਤਿਗੁਰੂ....ਜੀ ਦੇ ਹੁਕਮਨਾਮੇ" ਸੀਰਸ਼ਕ ਤਹਿਤ ਪ੍ਰਕਾਸ਼ਿਤ ਕਰਵਾ ਦਿੱਤਾ। ਇਸ ਤੋਂ ਪਹਿਲਾਂ ਨਾਮਧਾਰੀ ਸੰਗਤ, ਹੋਲੇ ਮੇਲਿਆਂ ਦੇ ਦੀਵਾਨਾਂ ਸਮੇਂ ਹੀ ਇਹਨਾਂ ਹੁਕਮਨਾਮਿਆਂ ਦਾ ਪਾਠ ਸਰਵਣ ਕਰਨ ਦਾ ਲਾਹਾ ਖੱਟਦੀ ਸੀ। ਹੁਣ ਇਹ ਛਾਪੇ ਦੇ ਜਾਮੇ ਵਿਚ, ਆਪਣੇ ਲਿਖੇ ਜਾਣ ਤੋਂ ਕੋਈ ਛੇ ਵੀਹਾਂ ਦੇ ਕਰੀਬ ਵਰ੍ਹੇ ਮਗਰੋਂ ਹੀ ਸਹੀ ਆਪਣੇ ਪਾਠਕਾਂ ਦੀਆਂ ਰੂਹਾਨੀ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਵਿਚ ਵਧੇਰੇ ਹਿੱਸਾ ਪਾ ਸਕਣਗੇ। ਇਹ ਹੁਕਮਨਾਮੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬ ਦਾ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਾਹਿਤਕ ਦਸਤਾਵੇਜ਼ ਹਨ।

ਇਸ ਅਮੁੱਲ ਨਿਧੀ ਨੂੰ ਪੰਜਾਬੀ ਜਗਤ ਵਿਚ ਪਹੁੰਚਾਉਣ ਦਾ ਮਹਾਨ ਕਾਰਜ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ, ਜਸਵਿੰਦਰ ਸਿੰਘ ਐਮ.ਏ. ਨੇ ਨਿਭਾਇਆ ਹੈ। ਉਹਨਾਂ ਨੇ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਹੈ। ਨਾਵਾਂ ਥਾਵਾਂ ਦੀ ਜਾਣਕਾਰੀ ਲਈ ਫੁੱਟ ਨੋਟ ਦਿੱਤੇ ਹਨ। 'ਹੁਕਮਨਾਮਿਆਂ ਬਾਰੇ' ਸਿਰਲੇਖ ਹੇਠ ੨੭ ਸਫੇ ਦਾ ਇਕ ਖੋਜ ਭਰਪੂਰ ਆਲੇਖ ਲਿਖਿਆ ਹੈ ਜੋ ਉਹਨਾਂ ਦੀ ਇਤਿਹਾਸਕ ਮਸਲਿਆਂ ਤੇ ਪਕੜ ਦਾ ਇਕ ਜਿਊਂਦਾ ਜਾਗਦਾ ਸਬੂਤ ਹੈ। ਤਕਰੀਬਨ ਦੋ ਦਹਾਕੇ ਪਹਿਲਾਂ ਸਰਕਾਰੀ ਨੌਕਰੀ ਤਿਆਗਣ ਤੋਂ ਬਾਦ ਜਸਵਿੰਦਰ ਸਿੰਘ ਨੇ ਨਾਮਧਾਰੀ ਇਤਿਹਾਸ ਦੀ ਖੋਜ ਨੂੰ ਆਪਣੇ ਜੀਵਨ ਦਾ ਮਕਸਦ ਘੋਸ਼ਿਤ ਕਰ ਦਿੱਤਾ ਅਤੇ ਉਹਨਾਂ ਨੇ "ਕੂਕਾਜ਼ ਆਫ ਨੋਟ ਇਨ ਪੰਜਾਬ" (ਮਹੱਤਵਪੂਰਨ ਕੂਕੇ) ੧੯੮੧ ਦੇ ਅੰਗਰੇਜ਼ ਸਰਕਾਰਾਂ ਦੇ ਰਿਕਾਰਡ ਤੇ ਆਧਾਰਿਤ ਅਤੇ ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ (੧੮੮੦ ਈ. ਤੋਂ ੧੯੦੩ ਈ. ਤੱਕ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਸਰਕਾਰੀ ਦਸਤਾਵੇਜ਼) ਦੀਆਂ ਪੁਸਤਕਾਂ ਵੀ ੧੯੮੫ ਵਿਚ ਪ੍ਰਕਾਸ਼ਿਤ ਕਰਵਾਈਆਂ ਹਨ, ਜਿਹਨਾਂ ਦੁਆਰਾ ਸਾਡੇ ਇਤਿਹਾਸ ਦੇ ਬਹੁਤ ਸਾਰੇ ਹਨੇਰੇ ਕੋਨਿਆਂ ਤੇ ਨਵੀਂ ਰੋਸ਼ਨੀ ਪਾਈ ਗਈ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮਿਆਂ ਦੇ ਸੰਬੰਧ ਵਿਚ ਏਨੀ ਮੁਕੰਮਲ ਅਤੇ ਵਧੀਆ ਜਾਣਕਾਰੀ ਨਾਲ ਪਾਠਕਾਂ ਦੀ ਸਾਂਝ ਪਹਿਲਾ ਕਦੇ ਵੀ ਨਹੀਂ ਪੁਆਈ ਗਈ। ਇਹ ਹੁਕਮਨਾਮੇ ਰੰਗੂਨ ਦੇ ਜਿਸ ਮੁਕਾਮ ਤੋਂ ਅਤੇ ਫਿਰ ਮਰਗੋਈ ਟਾਪੂ ਤੋਂ ਸੰਗਤਾਂ ਵੱਲ ਸਾਦਰ ਹੁੰਦੇ ਸਨ, ਉਹਨਾਂ ਨਾਵਾਂ ਥਾਵਾਂ ਦੀਆਂ ਬਾਰੀਕੀਆਂ ਵਿਚੋਂ ਲੇਖਕ ਖੁਦ ਲੰਘਿਆ ਹੈ ਅਤੇ ਬਰਮਾ ਸਰਕਾਰ ਦੇ ਪੁਰਾਣੇ ਰੀਕਾਰਡ ਫੋਲ ਫੋਲ ਕੇ ਸਤਿਗੁਰੂ ਜੀ ਦੀ ਨਜ਼ਰਬੰਦੀ ਵਾਲੇ ਬੰਗਲੇ ਦੇ ਸਥਾਨ ਨੂੰ ਵੀ ਸੁਨਿਸ਼ਚਿਤ ਕੀਤਾ ਹੈ।

ਅੰਬਾਲੇ ਦੇ ਕਮਿਸ਼ਨਰ ਫੋਰਸਿੱਥ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਰਤ ਤੋਂ ਬਾਹਰ ਕਰਨ ਤੋਂ ਪਹਿਲਾਂ, ਪੰਜਾਬ ਤੋਂ ਦੂਰ ਅਲਾਹਾਬਾਦ ਪੁਚਾਉਣ ਬਾਦ ਲਿਖਿਆ "ਐਸੇ ਵਿਅਕਤੀ ਨੂੰ ਸੁਤੰਤਰ ਰਹਿਣ ਦੇਣਾ ਸਿਖਰ ਦਰਜੇ ਦਾ ਖਤਰਾ ਹੋਵੇਗਾ।" ਐਸੇ ਵਿਅਕਤੀ ਨੂੰ ਹੀ ਅੰਗਰੇਜ਼ ਸਰਕਾਰ ਬਗਾਵਤ ਦਾ ਪੰਜਾਬ ਵਿਚ ਇਕ ਮਾਤਰ ਪ੍ਰਤੀਕ ਸਮਝਦੀ ਸੀ। ਪੰਜਾਬ ਨੂੰ ਸਤਿਗੁਰੂ ਜੀ ਦੀ ਅਗਵਾਈ ਤੋਂ ਵਾਂਝਿਆ ਕਰਨਾ ਉਹਨਾਂ ਦੇ ਹਿਤ ਵਿਚ ਸੀ। ਸਤਿਗੁਰੂ ਜੀ ਅਤੇ ਪੰਜਾਬ ਵਿਚਲੀ ਸੰਗਤ ਦੇ ਵਿਚਾਲੇ ਕੋਈ ਵੀ ਸੰਪਰਕ ਸੂਤਰ ਬਰਤਾਨਵੀ ਸਰਕਾਰ ਦੀ ਅੱਖ ਦੀ ਕਿਰਕਿਰੀ ਸੀ। ਸਰਕਾਰ ਸਤਿਗੁਰੂ ਜੀ ਦੇ ਪੈਰੋਕਾਰਾਂ ਤੇ ਸਖਤੀਆਂ ਦੇ ਪਹਾੜ ਰੋਹੜਨ ਤੇ ਤੁਲੀ ਹੋਈ ਸੀ। ਕੂਕੇ ਸਨ ਕਿ ਉਹ ਸਿਰ ਤਲੀ ਤੇ ਧਰਕੇ ਵੀ ਆਪਣੇ ਮਹਿਬੂਬ ਸਤਿਗੁਰੂ ਦੇ ਨਿਵਾਸ ਵਾਲੀ ਗਲੀ ਵਿਚ ਗੇੜੇ ਮਾਰਨੋਂ ਨਹੀਂ ਸਨ ਉਕਦੇ। ਇਕ ਨਹੀਂ ਦੋ ਨਹੀਂ ਚਾਰ ਨਹੀਂ ਪੂਰਾ ਇਕ ਸੈਂਕੜਾ ਤੋਂ ਵੱਧ ਨਾਮਧਾਰੀ ਸਿੰਘਾਂ ਨੇ ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਜਾ ਕੇ ਦਰਸ਼ਨ ਪਰਸੇ ਅਤੇ ਆਪਣੇ ਵਲੋਂ ਪੰਜਾਬ ਦੇ ਸਿੰਘਾਂ ਵਲੋਂ ਲਿਖੀਆਂ ਅਰਦਾਸਾਂ ਦਿੱਤੀਆਂ ਅਤੇ ਜੁਆਬ ਵਿਚ ਸਤਿਗੁਰੂ ਜੀ ਤੋਂ ਹੁਕਮਨਾਮੇ ਪ੍ਰਾਪਤ ਕਰਕੇ, ਵੱਡੇ ਜਫਰ ਜਾਲਕੇ ਇਹਨਾਂ ਨੂੰ ਦੇਸ ਵਿਚ ਲਿਆਂਦਾ। ਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕਦੇ ਮੈਦਾਨ ਜੰਗ ਵਿਚ ਜੂਝਣ ਵਾਲੇ ਨਾਇਕ ਬਣੇ। ਕਦੇ ਗਊ ਘਾਤੀਆਂ ਨੂੰ ਸੋਧਾ ਲਾ ਕੇ ਫਾਂਸੀਆਂ ਤੇ ਲਟਕਣ ਅਤੇ ਤੋਪ ਅੱਗੇ ਛਾਤੀਆਂ ਡਾਹੁਣ ਵਾਲੇ ਨਾਇਕ ਬਣੇ। ਹੁਣ ਇਹ ਨਾਇਕ ਸਨ ਜੋ ਗੁਰੂ ਦਰਸ਼ਨਾਂ ਲਈ, ਸਫਰ ਖਰਚ ਦੀ ਮਾਇਆ ਭਾਵੇਂ ਭੋਇੰ ਵੇਚ ਕੇ ਭਾਵੇਂ ਆਸੇ ਪਾਸਿਉਂ ਮੰਗ ਤੰਗ ਕੇ ਹਾਸਲ ਕਰਦੇ ਅਤੇ ਫਿਰ ਇਸ ਬਿਖਮ ਮਾਰਗ ਤੇ ਅੱਗੇ ਵਧਦੇ। ਪਤਾ ਸੀ ਕਿ ਪਕੜੇ ਜਾਣ ਦੀ ਸੂਰਤ ਵਿਚ, ਆਪਣੇ ਰਾਜ ਵਿਚ ਸੂਰਜ ਨਾ ਡੁੱਬਣ ਦੇਣ ਦੀ ਫੜ ਮਾਰਨ ਵਾਲਾ ਦੁਸ਼ਮਣ ਘੱਟ ਨਹੀਂ ਕਰੇਗਾ। ਪਰ ਇਮਤਿਹਾਨ ਦੀ ਇਸ ਘੜੀ ਵਿਚ ਗੁਰੂ ਕੇ ਸਿੰਘ ਸਿੱਖੀ ਸਿਦਕ ਵਲੋਂ ਸੌ ਫੀਸਦੀ ਅੰਕ ਲੈ ਕੇ ਪੂਰੇ ਉਤਰੇ। ਲਹਿਰ ਦੇ ਰੌਂਅ ਨੂੰ ਉਹਨਾਂ ਮੱਠਾ ਨਹੀਂ ਪੈਣ ਦਿੱਤਾ।



Sri Satguru Jagjit Singh Ji eLibrary NamdhariElibrary@gmail.com

ਜਸਵਿੰਦਰ ਸਿੰਘ ਹੋਰੀਂ ਲਿਖਦੇ ਹਨ ਕਿ ਜਨਵਰੀ ੧੮੭੨ ਈ. ਤੋਂ ਬਾਦ ਵੀ ਪੰਜਾਬ ਸਰਕਾਰ ਐਨੀ ਡਰੀ ਹੋਈ ਸੀ ਕਿ ਉਸਨੂੰ ਹੋਲੇ ਮਹੱਲੇ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਚ ਕਿਸੇ ਵੱਡੇ ਜਨ ਉਭਾਰ ਦੇ ਉਠਣ ਦੀ ਆਸ਼ੰਕਾ ਸੀ। ਇਸ ਲਈ ਪੰਜਾਬ ਦਾ ਲੈਫਟੀਨੈਂਟ ਗਵਰਨਰ ਉਸ ਹੋਲੇ ਦੇ ਦਿਨੀਂ ਖੁਦ ਅੰਮ੍ਰਿਤਸਰ ਵਿਚ ਰਿਹਾ ਅਤੇ ਡਿਪਟੀ ਕਮਿਸ਼ਨਰ ਨੂੰ ਉਸਨੇ ਅਨੰਦਪੁਰ ਸਾਹਿਬ ਭੇਜਿਆ। ਫੌਜ ਦੇ ਘੋੜ ਸਵਾਰ ਦਸਤੇ ਅੰਬਾਲੇ ਤੋਂ ਰੋਪੜ ਭੇਜੇ ਗਏ ਅਤੇ ਇਸ ਤਰ੍ਹਾਂ ਦੇ ਇੰਤਜ਼ਾਮ ਵੈਸਾਖੀ ਦੇ ਮੇਲੇ ਸਮੇਂ ਵੀ ਕੀਤੇ ਗਏ।

ਪਹਿਲਾਂ ਕੁਝ ਸਮਾਂ ਸਿੰਘਾਂ ਨੂੰ ਸਤਿਗੁਰੂ ਜੀ ਦਾ ਪਤਾ ਨਹੀਂ ਲੱਗ ਸਕਿਆ ਕਿ ਕਿਥੇ ਹਨ। ਸੰਨ ੧੮੭੫ ਈ. ਵਿਚ ਬਾਰਬਟਨ, ਪੁਲਿਸ ਕਪਤਾਨ ਲੁਧਿਆਣਾ ਦੀ ਘਰਵਾਲੀ, ਮੇਮ ਤੋਂ ਬਾਬਾ ਦਰਬਾਰਾ ਸਿੰਘ ਰਾਏਪੁਰ ਵਾਲੇ ਨੂੰ ਸਤਿਗੁਰੂ ਜੀ ਦੇ ਰੰਗੂਨ ਹੋਣ ਦਾ ਪਤਾ ਲੱਗਾ। ਹੁਣ ਸਿੰਘਾਂ ਲਈ ਇਹ ਸੁਨਹਿਰੀ ਮੌਕਾ ਸੀ। ਜਸਵਿੰਦਰ ਸਿੰਘ ਲਿਖਦੇ ਹਨ ਕਿ ਹੁਣ ਇਕ ਦੌੜ ਸ਼ੁਰੂ ਹੋ ਗਈ, ਸਰਕਾਰ ਵਲੋਂ ਹਰ ਹੀਲੇ ਗੁਰੂ ਦਰਸ਼ਨਾਂ ਲਈ ਜਾਂਦੇ ਸਿੰਘਾਂ ਦਾ ਰਾਹ ਰੋਕਣਾ ਅਤੇ ਸਿੰਘਾਂ ਵਲੋਂ ਰੋਕਾਂ ਉਲੰਘ ਕੇ ਪਹੁੰਚਣਾ। ਇਸ ਦੌੜ ਵਿਚ ਜਿਤ ਕੂਕਿਆਂ ਦੀ ਹੋਈ। ਇਸ ਸਮੇਂ ਕਈ ਹੁਕਮਨਾਮੇ ਤਾਂ ਪਕੜੇ ਗਏ ਪਰ ਜੁਲਾਈ ੧੮੮੦ ਤਕ ਇਕ ਵੀ ਸਿੰਘ ਸਤਿਗੁਰੂ ਜੀ ਨੂੰ ਮਿਲਦਾ ਅਥਵਾ ਹੁਕਮਨਾਮੇ ਲੈਂਦਾ ਫੜਿਆ ਨਹੀਂ ਜਾ ਸਕਿਆ। ੧੮੭੭ ਈ. ਵਿਚ ਇਕ ਗੋਰੇ ਅਫਸਰ ਨੇ ਖੁਦ ਸਤਿਗੁਰੂ ਜੀ ਨੂੰ ਨੈਣਾਂ ਸਿੰਘ ਦੇ ਰੰਗੂਨ ਆਉਣ ਅਤੇ ਹੁਕਮਨਾਮੇ ਲੈ ਜਾਣ ਬਾਰੇ ਪੁਛਿਆ ਸੀ, ਪਰ ਫੇਰ ਵੀ ਇਹ ਪ੍ਰਵਾਹ ਰੁਕਿਆ ਨਹੀਂ।...ਗੋਰੀ ਸਰਕਾਰ ਨੇ ਮਈ ੧੮੭੮ ਈ. ਦੀ ਇਕ ਫਾਇਲ ਵਿਚ ਲਿਖਿਆ..."ਉਹ (ਸਤਿਗੁਰੂ ਰਾਮ ਸਿੰਘ ਜੀ) ਬਹੁਤ ਖਤਰਨਾਕ ਵਿਅਕਤੀ ਹੈ, ਸ਼ਾਇਦ ਹਿੰਦੁਸਤਾਨ ਵਿਚ ਇਸ ਸਮੇਂ ਸਭ ਤੋਂ ਜ਼ਿਆਦਾ ਖਤਰਨਾਕ ਵਿਅਕਤੀ ਅਤੇ ਇਸ ਨਾਲ ਹੋ ਰਹੇ ਖਤ ਪੱਤਰ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਰੰਗੂਨ ਤੋਂ ਹੀ ਸਤਿਗੁਰੂ ਜੀ ਦਾ ਸੰਪਰਕ ਉਥੇ ਜਾਂਦੇ ਸਿੱਖਾਂ ਰਾਹੀਂ ਰੂਸ ਤੱਕ ਜੁੜਿਆ ਰਿਹਾ।"

ਜਸਵਿੰਦਰ ਸਿੰਘ ਹੋਰਾਂ ਮੁਤਾਬਿਕ ਬਹੁਤ ਸਾਰੇ ਹੁਕਮਨਾਮੇ ਸਮੇਂ ਦੀ ਧੂੜ ਵਿਚ ਗੁੰਮ ਵੀ ਹੋ ਗਏ ਅਤੇ ਜੋ ਉਹਨਾਂ ਨੂੰ ਨਾਮਧਾਰੀ ਦਰਬਾਰ ਤੋਂ ਪ੍ਰਾਪਤ ਹੋਏ ਉਹ ੬੫ ਹੁਕਮਨਾਮੇ ਇਸ ਸੰਕਲਨ ਵਿਚ ਉਹਨਾਂ ਨੇ ਸ਼ਾਮਲ ਕਰ ਲਏ ਹਨ।

ਸਰਕਾਰੀ ਪੱਧਰ ਤੇ ਮਾਮੂਲੀ ਕਾਰ ਵਿਹਾਰੀ ਪੁੱਛ ਜਾਂ ਸੁਖ ਸਾਦ ਦੀਆਂ ਸਤਿਗੁਰੂ ਜੀ ਵਲੋਂ ਡੇਰੇ ਭੈਣੀ ਸਾਹਿਬ ਛੋਟੇ ਭਰਾਤਾ (ਗੁਰੂ ਹਰੀ ਸਿੰਘ ਜਿਹਨਾਂ ਦਾ ਪਹਿਲਾ ਨਾਂ ਬੁੱਧ ਸਿੰਘ ਸੀ) ਨੂੰ ਲਿਖੇ ਖਤ ਵੀ ਆਪਣੇ ਨਿਸ਼ਾਨੇ ਤੇ ਪੁਚਾਉਣ ਵਿਚ ਬਰਤਾਨਵੀ ਸਰਕਾਰ ਪ੍ਰੇਸ਼ਾਨੀ ਮਹਿਸੂਸ ਕਰਦੀ ਸੀ। ਉਹੋ ਪਹਿਲਾਂ ਵਾਲੀ ਹੀ ਨੀਤੀ ਕਿ ਪੰਜਾਬ ਅਤੇ ਸਤਿਗੁਰੂ ਰਾਮ ਸਿੰਘ ਵਿਚਾਲੇ ਕਿਸੇ ਕਿਸਮ ਦਾ ਸਬੰਧ ਬਣਿਆ ਨਾ ਰਹਿਣ ਦਿੱਤਾ ਜਾਏ। ਇੱਕਾ ਦੁੱਕਾ ਪੱਤਰ ਸਤਿਗੁਰੂ ਜੀ ਵੱਲ ਭੈਣੀ ਸਾਹਿਬ ਤੋਂ ਅਤੇ ਰੰਗੂਨ ਤੋਂ ਉਹਨਾਂ ਵਲੋਂ ਲਿਖੇ ਭੈਣੀ ਸਾਹਿਬ ਪੁਚਾਏ ਜਾਣ ਦੇ ਹਵਾਲੇ ਜਸਵਿੰਦਰ ਸਿੰਘ ਦਿੰਦੇ ਹਨ।

ਅੰਗਰੇਜ਼ ਸਰਕਾਰ ਖਤ ਪੱਤਰਾਂ ਹੁਕਮਨਾਮਿਆਂ ਤੇ ਕਿਉਂ ਰੋਕ ਲਾਉਂਦੀ ਸੀ ਕਿਉਂਕਿ ਖੋਟੀ ਨੀਅਤ ਵਾਲੀ ਸਰਕਾਰ, ਜਿਸ ਨੇ ਵਲ ਛਲ ਨਾਲ ਪੰਜਾਬ ਤੇ ਕਬਜ਼ਾ ਕੀਤਾ ਸੀ ਉਹ ਪੰਜਾਬ ਵਿਚ ਸਤਿਗੁਰੂ ਜੀ ਦੀ Mass Appeal (ਭਾਰੀ ਜਨਤਕ ਪ੍ਰਭਾਵ) ਤੋਂ ਬਹੁਤ ਭੈ-ਭੀਤ ਸੀ ਕਿ ਉਹਨਾਂ ਦੇ ਹੁਕਮ ਤੇ ਸਾਧਾਰਨ ਪੰਜਾਬੀ ਵੀ ਨਾਮਧਾਰੀ ਸਿੰਘਾਂ ਨਾਲ ਮਿਲ ਕੇ ਅੰਗਰੇਜ਼ਾਂ ਦਾ ਬੀਅ ਨਾਸ ਕਰਨ ਤੱਕ ਚਲਾ ਜਾਏਗਾ। ਕਿਸਾਨ ਖੇਤਾਂ ਵਿਚੋਂ ਫਾਲਤੂ ਨਦੀਨ ਕੱਢਣ ਨੂੰ ਸੂੜ ਮਾਰਨਾ ਕਹਿੰਦੇ ਹਨ। ਸਤਿਗੁਰੂ ਜੀ ਹੁਕਮਨਾਮਿਆਂ ਵਿਚ ਅੰਗਰੇਜ਼ਾਂ ਦੇ ਇਸ ਡਰ ਬਾਰੇ ਕਈ ਥਾਈਂ ਲਿਖਦੇ ਹਨ—

**"ਏਨਾਂ ਨੂੰ ਏਹੁ ਬਡਾ ਭਰਮੁ ਹੈ, ਚਿਠੀ ਦੀ ਬਡੀ ਤਕੜਾਈ ਰਖਦੇ ਹੈਨ ਮੇਰੀ। ਕਹਿੰਦੇ ਹਨ ਕਿਤੇ ਚਿਠੀ ਭੇਜਕੇ ਸੂੜ ਨਾ ਕਰਾਇ ਦੇਵੇ। ਏਧੇ ਪਿਛੇ ਬਹੁਤ ਆਦਮੀ ਹੈ।"**

(ਹੁਕਮਨਾਮੇ-੬)

੧੮੫੭ ਈ. (ਸੰਬਤ ੧੯੧੪) ਦੇ ਸੁਤੰਤਰਤਾ ਸੰਗਰਾਮ ਨੂੰ ਅਜੇ ਕਿੰਨਾ ਕੁ ਚਿਰ ਹੋਇਆ ਸੀ। ਪੰਜਾਬ ਵਿਚ ਅੰਗਰੇਜ਼ਾਂ ਨੂੰ ਫਿਰ ੧੮੫੭ ਆਉਂਦਾ ਦਿਸਦਾ ਸੀ। ਸਤਿਗੁਰੂ ਜੀ ਮੁਤਾਬਿਕ **"ਪਿਛੋ ਤਾਂ ਲਿਆਏ ਹੈ ਜੋ ਏਥੇ ਰਹਾ ਤਾਂ ਚੌਧੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਇਹ ਡਰ ਹੈ ਭਾਈ ਚਿਠੀ ਭੇਜਕੇ ਪਿਛੇ ਸੂੜ ਕਰਾ ਦੇਊ ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ। ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ।"** (ਹੁਕਮਨਾਮਾ-੭)

੩੧ ਅਗਸਤ ੧੮੭੮ ਨੂੰ ਲੁਧਿਆਣਾ' ਦੇ ਪੁਲੀਸ ਕਪਤਾਨ ਜੇ.ਪੀ. ਵਾਰਬਰਟਨ ਨੇ ਪੰਜਾਬ ਪੁਲੀਸ ਦੇ ਆਈ.ਜੀ. ਕਰਨਲ ਐਚ.ਐਨ ਮੂਲਰ ਦੇ ਨਾਂ ਜੋ ਲੰਮਾ ਖਤ ਭੇਜਿਆ ਉਸ ਵਿਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਪੰਜਾਬ ਵਿਚ ਆ ਰਹੇ ਹੁਕਮਨਾਮਿਆਂ ਦੇ ਰਾਜਨੀਤਕ ਮਹੱਤਵ ਤੇ ਪ੍ਰਕਾਸ਼ ਵੀ ਪਾਇਆ ਹੈ। ਆਪਣੇ ਦੁਆਰਾ ਪਕੜੇ ਗਏ ਕੁਝ



Sri Satguru Jagjit Singh Ji eLibrary NamdhariElibrary@gmail.com

ਹੁਕਮਨਾਮਿਆ ਦਾ ਅੰਗਰੇਜ਼ੀ ਅਨੁਵਾਦ ਵੀ, ਉਚ ਅਧਿਕਾਰੀਆਂ ਦੇ ਮਨਾਂ ਵਿਚ ਨਾਮਧਾਰੀ ਲਹਿਰ ਦੇ ਵੱਡੇ ਖਤਰੇ ਨੂੰ ਸਹੀ ਸਿਧ ਕਰਨ ਲਈ, ਨਾਲ ਜੋੜ ਦਿਤਾ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਤੇ ਸੂਬੇ ਦੇਸ ਬਦਰ ਕਰ ਦਿਤੇ ਸਨ। ਸਿੰਘ ਸ਼ਹੀਦੀਆਂ ਪਾ ਚੁੱਕੇ ਸਨ। ਕੁਝ ਕਾਲੇ ਪਾਣੀ ਜਾ ਰਹੇ ਸਨ। ਉਹਨਾਂ ਦੇ ਘਰਘਾਟ ਮਾਲ ਅਸਬਾਬ ਅਤੇ ਭੋਇੰ ਭਾਂਡੇ ਜ਼ਬਤ ਕੀਤੇ ਜਾ ਚੁੱਕੇ ਸਨ। ਪੰਜ ਤੋਂ ਵੱਧ ਨਾਮਧਾਰੀ ਖੁਸ਼ੀ ਗਮੀ ਦੀ ਧਾਰਮਿਕ ਰਸਮ ਵਿਚ ਵੀ ਬਿਨਾਂ ਆਗਿਆ ਇਕੱਠੇ ਨਹੀਂ ਸੀ ਹੋ ਸਕਦੇ। ਅਖੰਡ ਪਾਠ ਹਵਨ ਜੱਗ ਚੰਡੀ ਦੀ ਵਾਰ ਦਾ ਪਾਠ ਸਰਕਾਰ ਦੀਆਂ ਨਜ਼ਰਾਂ ਵਿਚ ਬਾਗੀ ਕਰਮ ਬਣ ਚੁੱਕੇ ਸਨ। ਭਜਨ ਦੇਣ ਵਾਲੇ ਸਿੰਘਾਂ ਤੇ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਸੀ। ਅੱਠਾਂ ਪਹਿਰਾਂ ਵਿਚ ਦਸਾਂ ਤੋਂ ਵੱਧ ਸਿੰਘ ਡੇਰੇ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਨਹੀਂ ਕਰ ਸਕਦੇ ਸਨ। ਵਾਰਬਰਟਨ ੧੦ ਸਿੰਘਾਂ ਦੀ ਦਰਸ਼ਨਾਂ ਦੀ ਇਜਾਜ਼ਤ ਨੂੰ ਵੀ ਖਤਰਨਾਕ ਸਮਝਦਾ ਸੀ। ਉਹ ਕਹਿੰਦਾ ਸੀ ਕਿ ਪੰਜਾਬ ਦੇ ਸਾਰੇ ਕੋਨਿਆਂ ਵਿਚੋਂ ਨਾਮਧਾਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਲੁਕ ਛਿਪ ਕੇ ਟਿਕੇ ਰਹਿੰਦੇ ਹਨ। (ਗੁਰੂ ਦਰਸ਼ਨਾਂ ਲਈ ਆਪਣੀ ਵਾਰੀ ਦੀ ਇੰਤਜ਼ਾਰ ਵਿਚ)। ਉਹ ਲਿਖਦਾ ਹੈ ਕਿ ਭਾਵੇਂ ਕੂਕਿਆ ਦੀ ਗਿਣਤੀ ਪਹਿਲਾਂ ਨਾਲੋਂ ਘੱਟ ਹੈ ਪਰ ਫਿਰ ਵੀ ਉਹ ਵਧ ਰਹੇ ਹਨ। ਕੁਝ ਪ੍ਰਲੋਭਨਾਂ ਕਰਕੇ ਉਹ ਕ੍ਰਿਆਸ਼ੀਲ ਵਿਚ ਅੱਗੇ ਵਧ ਰਹੇ ਹਨ। ਇਹ ਪ੍ਰਲੋਭਨ ਆਉਣ ਵਾਲੇ ਖਾਲਸਾ ਜਾਂ ਕੂਕਾ ਰਾਜ ਦਾ ਵੀ ਹੋ ਸਕਦਾ ਹੈ। ਸਨਾਤਨਪੰਥੀ ਸਿੱਖਾਂ ਦੀ ਨਾਮਧਾਰੀਆਂ ਨਾਲ ਕੱਟੜ ਵਿਰੋਧਤਾ ਨੂੰ ਵੀ ਉਹ ਕੂਕਿਆਂ ਦੀ ਸਿਆਸੀ ਮਹੱਤਤਾ ਨੂੰ ਘਟਾ ਕੇ ਵੇਖਣ ਲਈ ਵਰਤੋਂ ਕਰਦਾ ਹੈ। ਫਿਰ ਵੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਉਮਦਾ ਸਿੱਖਿਆਵਾਂ ਨੂੰ, ਉਹ ਈਸਾਈ ਧਰਮ ਗ੍ਰੰਥਾਂ ਦੀ ਨਕਲ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਨੇਕੀ ਤੇ ਕਿਸੇ ਇਕ ਫਿਰਕੇ ਦੀ ਇਜਾਰੇਦਾਰੀ ਨਹੀਂ ਹੁੰਦੀ ਸ਼ਾਇਦ ਉਹ ਇਹ ਭੁੱਲ ਜਾਂਦਾ ਹੈ। ਉਹ ਆਪਣੇ ਪਿਛਲੇ ੬ ਸਾਲਾਂ ਦੇ ਅਨੁਭਵ ਦੇ ਆਧਾਰ ਤੇ ਨਾਮਧਾਰੀਆਂ ਦੀ ਆਪਸੀ ਇਕਮੁੱਠਤਾ ਨਵੇਂ ਕੂਕੇ ਬਨਾਉਣ ਲਈ ਉਹਨਾਂ ਦੀਆਂ ਸਿਰ ਤੋੜ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਉਹ ਕੂਕਿਆਂ ਦੀ ਆਪਣੇ ਮਿਸ਼ਨ ਪ੍ਰਤੀ ਸ਼ੈਦਾਈ ਲਗਨ ਨੂੰ ਵੀ ਨੋਟ ਕਰਦਾ ਹੈ। ਸਤਿਗੁਰੂ ਰਾਮ ਸਿੰਘ ਉਹਦੇ ਮੁਤਾਬਿਕ ਫ਼ਰੰਗੀਆਂ ਦੇ ਮੁਕੰਮਲ ਖਾਤਮੇ ਅਤੇ ਕੂਕਾ ਰਾਜ ਕਾਇਮ ਹੋਣ ਦੀਆਂ ਭਵਿੱਖ ਬਾਣੀਆਂ ਕਰਦੇ ਹਨ। ਲਹਿਰ ਚਲਦੀ ਰੱਖਣ ਲਈ ਦੁਸ਼ਮਣ ਤੇ ਹਮਲਾ ਅਤੇ ਆਪਣੇ ਉੱਜਲ ਭਵਿੱਖ ਦੀ ਕਾਮਨਾ, ਲੋਕ ਮਨਾਂ ਦਾ ਹਿੱਸਾ ਬਨਾਉਣੀ ਪੈਂਦੀ ਹੈ। ਉਹ ਅੱਗੇ ਚੱਲ ਕੇ ਇਹ ਵੀ ਕਹਿੰਦਾ ਹੈ ਕਿ ਜੇ ਅਸੀਂ ਕਿਸੇ ਮੁਸੀਬਤ ਵਿਚ ਫਸ ਗਏ, ਕਿਸੇ ਜੰਗ ਵਿਚ ਹਾਰ ਗਏ ਤਾਂ ਨਾਮਧਾਰੀ ਨਿਸ਼ਚੇ ਹੀ ਆਪਣੇ ਸਿਰ ਚੁੱਕਣਗੇ। ਸਾਡੇ ਪੈਰ ਉੱਖੜਦਿਆਂ ਹੀ ਬਹੁਤ ਸਾਰੇ ਸਧਾਰਨ ਕਿਸਾਨ ਅਤੇ ਹੋਰ ਝਗੜਾਲੂ ਲੋਕ ਇਹਨਾਂ ਭਵਿੱਖ ਬਾਣੀਆਂ ਤੇ ਯਕੀਨ ਕਰਦਿਆਂ ਇਸ ਫਿਰਕੇ ਵਿਚ ਸ਼ਾਮਲ ਹੋ ਜਾਣਗੇ। ਅਸੀਂ ਹਰ ਕਾਨੂੰਨੀ ਵਿਧੀ ਨਾਲ ਉਹਨਾਂ ਨੂੰ ਕੋਈ ਵੀ ਸ਼ਰਾਰਤ ਕਰਨ ਤੋਂ ਅਯੋਗ ਬਣਾ ਦਈਏ।

ਫਿਰ ਨਾਮਧਾਰੀਆਂ ਤੋਂ ਚੋਖੇ ਭੈਭੀਤ, ਤੱਤ ਕਾਲੀਨ ਪੰਜਾਬ ਵਿਚ ਕਾਂ ਵਰਗੇ ਚਾਲਕ ਅਤੇ ਕਠੋਰ ਦਿਲ ਪੁਲੀਸ ਅਫਸਰ ਦਾ ਕਹਿਣਾ ਹੈ ਉਹ ਸਤਿਗੁਰੂ ਰਾਮ ਸਿੰਘ ਦੀਆਂ ਬਗਾਵਤ ਸਿੱਖਿਆਵਾਂ ਦੇ ਹੋਰ ਦਸਤਾਵੇਜ਼ੀ ਸਬੂਤ ਇਕੱਠੇ ਕਰੇਗਾ। ਇਹਨਾਂ ਦੇ ਆਧਾਰ ਤੇ ਜਿਹਨਾਂ ਵੀ ਇਸ ਕਾਰਵਾਈ (ਹੁਕਮਨਾਮੇ ਲੈ ਕੇ ਆਉਣ ਵਾਲੀ) ਵਿਚ ਹਿੱਸਾ ਲਿਆ ਹੈ, ਉਹਨਾਂ ਤੇ ਮੁਕੱਦਮਾ ਚਲਾ ਕੇ ਉਹਨਾਂ ਨੂੰ ਦੇਸ ਬਦਰ ਕੀਤਾ ਜਾਵੇ ਅਤੇ ਉਹਨਾਂ ਦੀਆਂ ਜਾਇਦਾਤਾਂ ਜ਼ਬਤ ਕਰ ਲਈਆਂ ਜਾਣ। ਉਹ ਸਮਝਦਾ ਹੈ ਕਿ ਬਰਤਾਨਵੀ ਸਰਕਾਰ ਵਿਰੁਧ ਕੂਕਿਆਂ ਦੇ ਮਨਾਂ ਵਿੱਚ ਭਰੇ ਗੈਰ ਵਫਾਦਾਰੀ ਦੇ ਫੁਰਨੇ ਤੇ ਸਰਕਾਰ ਨਾਲ ਹੋਰ ਮੱਤਭੇਦ ਉਹਨਾਂ ਦੇ ਦਿਲਾਂ ਵਿਚੋਂ ਇਸ ਤਰ੍ਹਾਂ ਦੇ ਕਰੜੇ ਕਦਮਾਂ ਨਾਲ ਹੀ ਕੱਢੇ ਜਾ ਸਕਣਗੇ। ਇਸ ਤਰ੍ਹਾਂ ਦੇ ਬਾਗੀ ਸੰਦੇਸ਼ਿਆਂ ਨੂੰ ਪਕੜਨ ਲਈ ਵਿਸ਼ੇਸ਼ ਬੰਦੋਬਸਤ ਕੀਤੇ ਜਾਣ। ਇਸ ਤੋਂ ਵੀ ਹੋਰ ਅੱਗੇ ਵਧਦਿਆਂ ਇਹ ਐਂਗਲੋ ਇੰਡੀਅਨ ਐਸ.ਪੀ. ਆਪਣੇ ਵੱਡੇ ਅਫਸਰ ਨੂੰ ਸੁਝਾ ਦਿੰਦਾ ਹੈ ਕਿ ਕੋਈ ਇਕ ਦਿਨ ਤਹਿ ਕਰਕੇ ਸਾਰੇ ਪੰਜਾਬ ਵਿੱਚ ਇੱਕੋ ਹੀ ਸਮੇਂ ਸਾਰੇ ਕੂਕਿਆਂ ਦੀ ਹਥਿਆਰਾਂ ਅਤੇ ਦਸਤਾਵੇਜ਼ਾਂ (ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮੇ ਹੀ ਮੁੱਖ ਤੌਰ ਤੇ ਲਈ ਤਲਾਸ਼ੀ ਅਭਿਆਨ ਚਲਾਇਆ ਜਾਵੇ[1]।

ਹੁਕਮਨਾਮਿਆਂ ਦੇ ਸਿਆਸੀ ਮਹੱਤਵ ਦੀ ਉਪਰੋਕਤ ਚਿਠੀ ਤੋਂ ਵੱਧ ਮੂੰਹ ਬੋਲਦੀ ਤਸਵੀਰ ਹੋਰ ਕੀ ਹੋ ਸਕਦੀ ਹੈ ?

ਸ੍ਰੀ ਸਤਿਗੁਰੂ ਜੀ ਨੂੰ ਉਹਨਾਂ ਦੇ ਕੱਟੜ ਵਿਰੋਧੀ ਅੰਗਰੇਜ਼ ਹਾਕਮ ਸਿਆਸੀ ਤੌਰ ਤੇ ਜੋ ਮਹੱਤਵ ਦਿੰਦੇ ਸਨ ਉਹ ਇਸ ਗੱਲ ਤੋਂ ਵੀ ਸਿੱਧ ਹੁੰਦਾ ਹੈ ਕਿ ਆਪ ਦੀ ਰਿਹਾਇਸ਼ ਲਈ ਰੰਗੂਨ ਵਿੱਚ ਜੋ ਬੰਗਲਾ ਚੁਣਿਆ ਗਿਆ ਉਸ ਵਿੱਚ ਜਲਾਵਤਨੀ ਸਮੇਂ ਆਖਰੀ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫਰ' ਨੂੰ ਮਰਨ ਤੱਕ ੧੮੬੨ ਈ. ਤੱਕ ਰਖਿਆ ਗਿਆ। ਫਿਰ ਉਸਦਾ ਪਰਿਵਾਰ ੧੮੬੬ ਈ. ਤਕ ਰਿਹਾ। ਬਾਦ ਵਿੱਚ

---

੧. ਕੂਕਾ ਮੂਵਮੈਂਟ, ਫਰੀਡਮ ਸਟਰਗਲ ਇੰਨ ਪੰਜਾਬ- ਜਸਵਿੰਦਰ ਸਿੰਘ (ਸਫੇ ੨੯-੩੦-੩੧)



Sri Satguru Jagjit Singh Ji eLibrary NamdhariElibrary@gmail.com

ਇਸ ਬੰਗਲੇ ਨੂੰ ਰੰਗੂਨ ਛਾਉਣੀ ਇਲਾਕੇ ਦਾ ਡਾਕਘਰ ਬਣਾ ਦਿਤਾ ਗਿਆ ਅਤੇ ੬ ਸਾਲ ਬਾਦ ਫਿਰ ਸਤਿਗੁਰੂ ਜੀ ਲਈ ਖਾਲੀ ਕਰਵਾ ਲਿਆ ਗਿਆ। ਸਤਿਗੁਰੂ ਜੀ ਲਿਖਦੇ ਹਨ :

**—"ਜਿਸ ਜਗਾ ਮੈਂ ਅਸੀਂ ਰਹਿੰਦੇ ਹਾਂ, ਏਥੇ ਅੱਗੇ ਦਿੱਲੀ ਬਾਲਾ ਬਾਦਸ਼ਾਹ ਰਹਿੰਦਾ ਸੀ। ਉਹ ਮਰ ਗਿਆ, ਜਾਗਾ ਉਸੀ ਮੈਂ ਹੁਣ ਅਸੀਂ ਰਹਿੰਦੇ ਹਾਂ।"** (ਹੁਕਮਨਾਮਾ ੧੬)

ਬੰਗਲੇ ਦਾ ਹਦੂਦ ਅਰਬਾ ਵੀ ਵਿਦਵਾਨ ਸੰਪਾਦਕ ਨੇ ਖੋਜ ਕੇ ਲਿਖਿਆ ਹੈ ਅਤੇ ਹੁਣ ਇਸੇ ਖੋਜ ਤੇ ਅਧਾਰਿਤ ਇਸ ਦਾ ਇਕ ਮਾਡਲ ਤਿਆਰ ਹੋ ਚੁੱਕਾ ਹੈ, ਜਿਸ ਨੂੰ ਨਵੇਂ ਬਣੇ ਆਗਤ-ਭਾਗਤ ਵਾਲੇ ਭਵਨ ਵਿੱਚ ਵੇਖਿਆ ਜਾ ਸਕਦਾ ਹੈ। ਸਤਿਗੁਰੂ ਜੀ ਲਿਖਦੇ ਹਨ ਕਿ ਉਹਨਾਂ ਪਾਸ ਨਾ ਕਿਸੇ ਨੂੰ ਬੋਲਣ ਦਿੰਦੇ ਹਨ ਨਾਂ ਖੜਾ ਹੋਣ ਦਿੰਦੇ ਹਨ। ਸਤਿਗੁਰੂ ਜੀ ਜੁਲਾਈ ੧੮੮੦ ਈ. ਦੇ ਹੁਕਮਨਾਮੇ ਵਿੱਚ ਭਾਈ ਸਾਉਣ ਸਿੰਘ, ਹਰਨਾਮ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਵੀ ਇਸ ਸਥਿਤੀ ਬਾਰੇ ਲਿਖਦੇ ਹਨ :—

**"ਏਨਾ ਨੂੰ ਏਹੁ ਹੁਕਮੁ ਦਿੰਦੇ ਹੈਨ ਏਨਾ ਦੇ ਉਹੁਦੇਦਾਰ ਜੇ ਕੋਈ ਬਾਤ ਕਰੇ ਇਨ ਕੇ ਨਾਲ ਉਨ ਕੋ ਫਕੜੋ ਅਰੁ ਕੋਈ ਚੀਜ ਬਾਹਰ ਤੇ ਸਿਟੇ ਤਾ ਉਸਕੋ ਫਕੜੋ। ਜੇ ਕੋਈ ਅੰਦਰ ਤੇ ਕਿਸੇ ਕੋ ਦੇਵੇ ਤਾਂ ਉਸਕੋ ਫਕੜੋ। ਦਿਨੁ ਰਾਤਿ ਏਹੋ ਹੁਕਮ ਸੁਣਾਈਦਾ ਹੈ ਕਿ ਪਹਰੇ ਬਾਲਿਆ ਕੋ।**

**ਜੋ ਚਾਰ ਉਗਲਿ ਕਾਗਤ ਦਿੰਦੇ ਲੈਦੇ ਕੋ ਦੇਖ ਲੈਣ ਜੋ ਏਥੇ ਸਾਡੇ ਪਹਰੇ ਪੁਰਿ ਹੈਨ ਤਾਂ ਨਾਲੇ ਏਨਾ ਸੰਤਰੀ ਨੂੰ ਕੈਦ ਕਰਿ ਦੇਣ ਨਾਲੇ ਬੈਤਾਂ ਮਾਰਨ ਪਹਰੇ ਬਾਲਿਆਂ ਦੇ ਨਾਲੇ ਨਾਮੇ ਕਟਿ ਦੇਣ ਏਨਾ ਦੇ।"** (ਹੁਕਮਨਾਮਾ ਨੰ : ੬੨)

ਕੋਈ ਕੋਈ ਸੰਤਰੀ ਸਾਧੂ ਸੁਭਾਉਦਾ ਕਈ ਵੇਰ ਡਿਊਟੀ ਤੇ ਆ ਜਾਂਦਾ। ਉਹ ਪੰਜਾਬੋਂ ਆਏ ਸਿੰਘਾਂ ਨਾਲ ਸਤਿਗੁਰੂ ਜੀ ਦੀ ਗੱਲ ਬਾਤ ਵੀ ਆਪਣੀ ਨੌਕਰੀ ਦੀ ਕੀਮਤ ਤੇ ਕਰਵਾ ਦਿੰਦਾ ਬੰਗਲੇ ਦੇ ਨੇੜੇ ਰਹਿਣ ਨਾਲਾ ਇਕ ਬੈਰਾਗੀ ਫਕੀਰ ਵੀ ਹੁਕਮਨਾਮੇ ਲੈਣ ਤੇ ਅਰਦਾਸਾਂ ਪੁਚਾਉਣ ਵਿੱਚ ਸਿੰਘਾਂ ਦੀ ਮਦਦ ਕਰਦਾ।

ਜਸਵਿੰਦਰ ਸਿੰਘ ਲਿਖਦੇ ਹਨ ਕਿ ਭਾਰੀ ਤਕਲੀਫਾਂ ਝੱਲ ਕੇ ਜਦੋਂ ਪੰਜਾਬ ਤੋਂ ਗਏ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਮਾਤਰ ਹੀ ਕਰਕੇ ਸਬਰ ਦਾ ਘੁੱਟ ਭਰ ਲੈਂਦੇ, ਬਚਨ ਬਿਲਾਸ ਨਾ ਹੁੰਦਾ ਤਾਂ ਦੋਹਾਂ ਪਾਸਿਆਂ ਦੇ ਮਨਾਂ ਤੇ ਕੀ ਗੁਜਰਦੀ ਹੋਵੇਗੀ ? "ਅੱਜ ਅਸੀਂ ਉਸ ਵੈਰਾਗਮਈ ਵਿਛੋੜੇ ਦੀ ਅਵਸਥਾ ਨੂੰ, ਮਜਬੂਰੀ ਨੂੰ, ਸ਼ਾਇਦ ਹੀ ਮਹਿਸੂਸ ਕਰੀਏ।" ਸਤਿਗੁਰੂ ਜੀ ਦੇ ਮਨ ਦੀ ਇਹ ਅਵਸਥਾ ਹੁਕਮਨਾਮਿਆਂ ਵਿੱਚ ਅਨੇਕ ਜਗ੍ਹਾ ਤੇ ਝਲਕਦੀ ਹੈ :

**—"ਹੋਰ ਭਾਈ ਸੁਵੇਗ ਸਿੰਘ ਜੀ ਤੇ ਜੀਵਣ ਸਿੰਘ ਜੀ ਪਹਿਰੇ ਦਾ ਸਾਨੂ ਕੋਈ ਦੁਖ ਨਹੀਂ। ਇਕ ਐਤਨਾ ਦੁਖ ਹੈ ਆਏ ਸਿੰਘ ਨਾਲ ਅਛੀ ਤਰਾ ਮੇਲਾ ਨਹੀਂ ਹੁੰਦਾ।"** (ਹੁਕਮਨਾਮਾ ੬)

**—"ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾਂ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤੀ ਨਹੀਂ ਹੁੰਦੀ।"** (ਹੁਕਮਨਾਮਾ ੯)

**—ਭਾਈ ਤੁਸੀ ਤਾਂ ਸਾਡੀ ਦੇਹ ਪ੍ਰਾਨ ਹੋ। ਸਾਨੂ ਤਾ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾਂ ਉਸਨੂੰ ਬੀ ਬਡੀ ਚਾਹਿ ਨਾਲ ਮਿਲਦੇ ਹਾ। ਸਾਨੂ ਤਾ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਭੀ ਬਡਾ ਦੁਰਲੰਭ ਹੈ। (ਹੁਕਮਨਾਮਾ ੯)**

ਸਤਿਗੁਰੂ ਜੀ ਦੀ ਇਹ ਵੀ ਲਾਚਾਰੀ ਸੀ ਤਿ ਉਹ ਆਏ ਸਿਖ ਦੀ ਪ੍ਰਸ਼ਾਦੇ ਪਾਣੀ ਦੀ ਟਹਿਲ ਸੇਵਾ ਕਰਨ ਦੇ ਅਧਿਕਾਰ ਤੋਂ ਵਿਰਵੇ ਸਨ। ਇਸੇ ਲਈ ਉਹ ਦਿਲ ਦੀ ਵੇਦਨਾ ਇਉਂ ਪ੍ਰਗਟ ਕਰਦੇ ਹਨ :

**—"ਜੇ ਅੰਦਰ ਔਣ ਦੇਣ ਤਾਂ ਸੇਵਾ ਟਹਿਲ ਕਰੀਏ, ਪ੍ਰਸਾਦਿ ਚੰਗੇ ਛਕਾਈਏ ਲੰਗਰ ਕੋ। ਪਦਾਰਥ ਬਹੁਤ ਹੈ, ਖੰਡ ਘੇਓ ਸਭੋ ਕੁਛ ਬਥੇਰਾ ਹੈ, ਪਰ ਸੰਗਤ ਦਾ ਦਰਸਨ ਕਰਕੇ ਤ੍ਰਿਪਤ ਨਹੀਂ ਹੁੰਦੀ ਚਿਤ ਕੋ। ਦਰਸਨ ਹੁੰਦਾ ਹੈ ਤਾਂ ਚਮਤਕਾਰੇ ਮਾਤ੍ਰ ਹੁੰਦਾ ਹੈ।"** (ਹੁਕਮਨਾਮਾ ੪੧)

ਇਕ ਨਾਮਧਾਰੀ ਕਵੀ ਭਾਈ ਨਿਰੰਜਨ ਸਿੰਘ ਮਿਰਗੇਸ਼, ਉਸ ਮਸਤਾਨੇ ਸਤਿਗੁਰੂ ਦੀ ਤਦੋਕੀ ਮਨੋਦਸ਼ਾ ਦਾ ਵਰਨਣ ਆਪਣੀ ਕਲਮ ਨਾਲ ਇਉਂ ਕਰਦੇ ਹਨ :

"ਮੈਨੂੰ ਇਕੋ ਦੁੱਖ ਵਿਛੋੜੇ ਦਾ,
ਸੰਗਤ ਦਾ ਦਰਸ ਨਸੀਬ ਨਹੀਂ।
ਮੇਰੇ ਦੁੱਖ ਦਾ ਦਾਰੂ ਸੰਗਤ ਹੈ,
ਅੱਜ ਮਿਲਦੇ ਵੀਰ ਹਬੀਬ ਨਹੀਂ।
ਜਿਸ ਡਿਠਿਆਂ ਤਨਮਨ ਸ਼ਾਦ ਹੋਏ,
ਸੁਖ-ਸੋਮੇ ਮਿਲਣ ਤਬੀਬ ਨਹੀਂ।
ਜਿਹਨੂੰ ਦਰਸ਼ਨ ਨਹੀਂ ਅਜ ਸੰਗਤ ਦਾ,
ਕੋਈ ਮੇਰੇ ਜਿਹਾ ਗਰੀਬ ਨਹੀਂ।"

ਅੰਗਰੇਜ਼ਾਂ ਦੇ ਵਿਰੁੱਧ, ਪ੍ਰਭੂ ਸੱਤਾ ਸੰਪਨ ਤਤਕਾਲੀਨ ਰੂਸ ਦੀ ਸਰਕਾਰ ਨਾਲ ਸੰਬੰਧ ਸਥਾਪਿਤ ਕਰਨ ਦੀ ਰੀਝ, ਬੰਦੀ ਜੀਵਨ ਸਮੇਂ ਸਤਿਗੁਰੂ ਜੀ ਦੇ ਮਨ ਵਿੱਚ ਪਲਦੀ ਰਹੀ। ਇਹਨਾਂ ਵਰ੍ਹਿਆਂ ਦੇ ਲਾਗੇ ਚਾਗੇ ਹੀ ਆਖਰੀ ਸਿਖ ਮਹਾਰਾਜਾ ਵੀ ਮਾਸਕੋ ਪੁੱਜਦਾ ਹੈ ਰੂਸੀਆਂ ਦੀ ਸਹਾਇਤਾ ਨਾਲ ਸੈਨਾ ਭਰਤੀ ਕਰਕੇ ਪੰਜਾਬ ਨੂੰ ਗੋਰਾ ਸ਼ਾਹੀ ਤੋਂ ਮੁਕਤ ਕਰਾਉਣ ਲਈ। ਨਾਮਧਾਰੀ ਸਿੰਘਾਂ ਦਾ ਦੇਸ਼ ਦੀ ਆਜ਼ਾਦੀ ਲਈ ਉਨ੍ਹੀਵੀਂ



Sri Satguru Jagjit Singh Ji eLibrary NamdhariElibrary@gmail.com

ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿੱਚ ਘੁਲਿਆ ਗਿਆ ਇਹ ਘੋਲ ਲਾਜਵਾਬ ਹੈ। ਉਹ ਭਾਵੇਂ ਸਫਲ ਨਹੀਂ ਹੋਏ ਪਰ ਉਹਨਾਂ ਦੀ ਮਜ਼ਬੂਤ ਇਛਾ ਸ਼ਕਤੀ ਨੇ ਵੇਲੇ ਦੀ ਜਾਬਰ ਹਕੂਮਤ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ। ਚੱਕ ਰਮਦਾਸ ਦੇ ਸੂਬਾ ਗੁਰਚਰਨ ਸਿੰਘ ਦੁਆਰਾ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੇ ਨਾਂ ਰੂਸੀ ਅਧਿਕਾਰੀਆਂ ਵੱਲੋਂ ਅਤੇ ਇਹਨਾਂ ਵੱਲੋਂ ਰੂਸ ਦੇ ਜ਼ਾਰ ਵੱਲ ਖਤਾਂ ਦਾ ਆਦਾਨ ਪਰਦਾਨ ਹੋਇਆ। ਸਤਿਗੁਰੂ ਜੀ ਇਸ ਆਸ ਵਿੱਚ ਸਨ ਕਿ ਰੂਸ ਗੁਆਂਢੀ ਦੇਸ਼ ਦੇ ਨਾਤੇ ਸਾਡੀ ਮੱਦਦ ਕਰ ਸਕਦਾ ਹੈ। ਕਸ਼ਮੀਰ ਦੇ ਮਹਾਰਾਜੇ ਅਤੇ ਕਾਬਲ ਦੇ ਅਮੀਰ ਨਾਲ ਵੀ ਨਾਮਧਾਰੀ ਦਰਬਾਰ ਦੇ ਨੈਪਾਲ ਦੇ ਸ਼ਾਹ ਜਿਉਂ ਹੀ ਮਿਤਰਤਾ ਪੂਰਨ ਸਬੰਧ ਬਣ ਚੁੱਕੇ ਸਨ। ਇਸ ਤਰ੍ਹਾਂ ਉਤਰੀ ਭਾਰਤ ਦੇ ਇਸ ਖਿਤੇ ਵਿੱਚ ਇਹਨਾਂ ਗਠਜੋੜਾਂ ਦਾ ਧੂੰਆਂ ਹੌਲੀ ਹੌਲੀ ਧੁਖਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਵਿੱਚ ਗੁਪਤ ਭਾਸ਼ਾ ਸ਼ੈਲੀ ਦੀ ਵਰਤੋਂ ਕੀਤੀ ਹੈ। ਉਹ ਰੂਸ ਨੂੰ ਸਰੂਪ ਸਿੰਘ, ਬਰਤਾਨੀਆਂ ਨੂੰ ਬਿੱਲਾ ਸਿੰਘ, ਆਪਣੇ ਲਈ ਦਿਆਲ ਸਿੰਘ ਜਾਂ ਗੰਗਾ ਵਾਲਾ ਮਸਤਾਨਾ ਅਤੇ ਸੇਵਕ ਨਾਨੂੰ ਸਿੰਘ ਲਈ ਕਿਰਪਾਲ ਸਿੰਘ ਦਾ ਨਾਂ ਵਰਤਦੇ ਹਨ। ਉਹ ਉਡੀਕਦੇ ਹਨ ਕਿ ਰੂਸ ਦੀਆਂ ਫੌਜਾਂ ਬੁਖਾਰੇ ਤੋਂ ਤੁਰ ਕੇ ਕਾਬਲ ਦੇ ਲਾਗੇ ਅਪੜ ਰਹੀਆਂ ਹਨ ਕਿ ਨਹੀਂ। ਉਹ ਵਿਸ਼ਵ ਘਟਨਾ ਕਰਮ ਤੇ ਵੀ ਆਪਣੇ ਸੀਮਿਤ ਵਸੀਲਿਆਂ ਦੇ ਬਾਵਜੂਦ ਪੈਨੀ ਨਜ਼ਰ ਰਖ ਰਹੇ ਸਨ ਜਿਹਾ ਕਿ ਉਹ ਹੁਕਮਨਾਮਿਆਂ ਵਿੱਚ ੧੯੩੪ ਬਿਕਰਮੀ ਦੇ ਹਾਲਾਤ ਜੋ ਜਸਵਿੰਦਰ ਸਿੰਘ ਮੁਤਾਬਿਕ "ਇਹਨਾਂ ਦਿਨਾਂ ਵਿੱਚ ਰੂਸ-ਟਰਕੀ ਲੜਾਈ ਅਤੇ ਅੰਗਰੇਜ਼ਾਂ ਨਾਲ ਰੂਸ ਦੀ ਬਰਲਨ ਕਾਂਗਰਸ ਕਰਕੇ ਵਧੇ ਤਨਾਵ ਸ਼ਾਮਲ ਸਨ। ਚੌਧੇ ੧੯੧੪ ਬਿਕਰਮੀ/੧੮੫੭ ਈ. ਦੇ ਗਦਰ ਵਰਗੇ ਹਾਲਾਤ ਅੰਗਰੇਜੀ ਸਾਮਰਾਜ ਵਿਰੁਧ ਭਵਿਖਤ ਵਾਕ ਮਿਲਦੇ ਹਨ।" ਉਹ ਗੁਰੂ ਹਰੀ ਸਿੰਘ ਜੀ ਨੂੰ ਸਿੰਘਾਂ ਦੇ ਤਕਲੀਫਾਂ ਝਲ ਕੇ ਆਉਣ ਤੋਂ ਵਰਜਦੇ ਵੀ ਹਨ ਅਤੇ ਹਾਲਾਤ ਸੁਖਾਵੇਂ ਹੋਣ ਤੇ ਆਉਣ ਬਾਰੇ ਲਿਖਦੇ ਹਨ :

**—"ਹੋਰ ਤੁਸੀਂ ਛੇਤੀ ਸਿੰਘ ਨਾ ਭੇਜਿਓ। ਕੁਛ ਸਰੂਪ ਸਿੰਘ ਦਾ ਮੇਲ ਦੇਖਕੇ ਆਵੇ।"** (ਹੁਕਮਨਾਮਾ-੧੧)

**—"ਰੂਸਾ ਕੇ ਆਏ ਤੇ ਆਵਾਗੇ"** (ਹੁਕਮਨਾਮਾ ੨੭)

**"ਹੋਰ ਸਮਾਂ ਕੈਸਾ ਹੈ ? ਕੀ ਭਾਉ ਅਨਾਜ ਬਿਕਦਾ ਹੈ ? ਹੋਰ ਕੁਛ ਰੂਸ ਦੀ ਖਬਰ ਹੋਵੇ ਕਿ ਬੁਖਾਰੇ ਈ ਹੈ ਕੇ ਕਾਬਲ ਕੀ ਤਰਫ ਚਲਿਆ ਹੈ ਕਿ ਨਾਹੀ।"** (ਹੁਕਮਨਾਮਾ ੩੮)

**—"ਹੋਰੁ ਅਗੇ ਦੇਸ ਦਾ ਹਵਾਲੁ ਸਾਨੂੰ ਲਿਖਕੇ ਦੇਓ, ਦੇਸ ਦਾ ਕੈਸਾ ਹਾਲ ਹੈ ? ਕੀ ਭਾਉ ਅਨਾਜੁ ਹੈ ਅਰੁ ਪਛੌਰ ਬਲ ਕੀ ਹਾਲੁ ਹੈ ? ਰੂਸ ਆਇ ਪਹੁੰਚਾ ਹੈ ਕਾਬਲ ਦੇਸ਼ ਮੈ ਕਿ ਅਜੇ ਕਿਤੇ ਦੂਰ ਈ ਹੈ। ਜੈਸਾ ਹੈ ਤੈਸਾ ਹਵਾਲੁ ਲਿਖੋਂ।**

(ਹੁਕਮਨਾਮਾ ੪੮)

ਇਕ ਹੁਕਮਨਾਮੇ ਵਿੱਚ ਇਹ ਵੀ ਪੁਛਿਆ ਹੈ ਕਿ ਡੇਰੇ ਦੇ ਨੇੜੇ ਵਾਲੀ ਨਹਿਰ ਵਿੱਚ ਪਾਣੀ ਛੱਡਿਆ ਹੈ ਕਿ ਨਹੀਂ। ਜਦੋਂ ਸਤਿਗੁਰੂ ਜੀ ਗਏ ਸਨ ਉਦੋਂ ਇਹ ਨਹਿਰ ਪੁਟੀ ਜਾ ਰਹੀ ਸੀ। ਜਿਹੜੀ ਸਰਹਿੰਦ ਨਹਿਰ ਦੇ ਤੌਰ ਤੇ ਪ੍ਰਸਿੱਧ ਹੋਈ। ਇਕ ਹੁਕਮਨਾਮੇ ਵਿੱਚ ਇਹ ਵੀ ਪੁੱਛਦੇ ਹਨ ਕਿ ਡੇਰੇ ਭੈਣੀ ਸਾਹਿਬ ਵਿੱਚ ਲੰਗਰ ਦੀ ਹਾਲਤ ਕੈਸੀ ਹੈ। ਅਨਾਜ ਕਿੰਨਾ ਕੁ ਜਮ੍ਹਾਂ ਕੀਤਾ ਹੈ ਕਿ ਲੋੜ ਜੋਗਾ ਹੈ ਜਾਂ ਥੋੜਾ ਹੈ ?

ਸ਼ਾਹ ਮੁਹੰਮਦ ਭੂਤਰੀ ਸਿੱਖਾ ਸ਼ਾਹੀ ਦੀ ਦਸ਼ਾ ਆਪਣੇ ਕਿੱਸੇ ਵਿੱਚ ਇਉਂ ਬਿਆਨ ਕਰਦਾ ਹੈ :

"ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।"

ਇਹ ਭਾਈ ਬੀਰ ਸਿੰਘ ਜੀ ਦਾ ਨੌਰੰਗਾਬਾਦ ਬਹੁਤ ਪ੍ਰਸਿੱਧ ਡੇਰਾ ਸੀ। ਮਹਾਰਾਜਾ ਰਣਜੀਤ ਸਿੰਧ ਦੇ ਦੋ ਸ਼ਹਿਜ਼ਾਦੇ ਉਹਨਾਂ ਦੀ ਸ਼ਰਨ ਆ ਗਏ ਸਨ। ਉਹਨਾਂ ਨੂੰ ਬਚਾਉਂਦਿਆ ਆਪ ਤੋਪ ਦੇ ਗੋਲੇ ਦਾ ਸ਼ਿਕਾਰ ਹੋ ਗਏ ਸਨ। ਆਪਣੇ ਸਿੰਘਾਂ ਨੂੰ, ਜੋ ਹਜਾਰਾਂ ਦੀ ਗਿਣਤੀ ਵਿੱਚ ਸਨ, ਚੜ੍ਹਦੇ ਆਈ ਸਿੱਖ ਸੈਨਾ ਤੇ ਹੱਥ ਨਾਂ ਚੁੱਕਣ ਦਾ ਪ੍ਰਣ ਉਹਨਾਂ ਪੱਕਿਆਂ ਕਰਵਾ ਲਿਆ ਸੀ। ਭਾਈ ਬੀਰ ਸਿੰਘ ਜੀ ਤੋਂ ਬਾਦ ਉਹਨਾਂ ਦੇ ਡੇਰੇ ਦੇ ਮੁਖੀ ਭਾਈ ਮਹਾਰਾਜ ਸਿੰਘ ਥਾਪੇ ਗਏ। ਰਾਵਲਪਿੰਡੀ ਦੇ ੧੮੪੯ ਈ. ਵਾਲੇ ਇਤਿਹਾਸਕ ਦਰਬਾਰ ਵਿੱਚ ਜਦੋਂ ਸਿਖ ਫੌਜ ਬੇਹਥਿਆਰੀ ਕੀਤੀ ਗਈ ਤਾਂ ਭਾਈ ਮਹਾਰਾਜ ਸਿੰਘ ਜੀ ਨੇ ਆਪਣੇ ਹਥਿਆਰ ਨਾਂ ਰੱਖੇ ਅਤੇ ਅੰਗਰੇਜ਼ਾਂ ਦੇ ਵਿਰੁੱਧ ਜੰਗ ਦਾ ਐਲਾਨ ਕਰਕੇ ਉਥੋਂ ਤੁਰ ਪਏ। ਪਿੱਛੇ ਪਿੱਛੇ ਅੰਗਰੇਜ਼ੀ ਸੈਨਾ। ਉਹ ਜਿਹੜੇ ਪਿੰਡ ਵਿੱਚ ਰੁਕਦੇ ਜੇ ਲੋਕ ਉਹਨਾਂ ਨੂੰ ਚੰਗਾ ਹੁੰਗਾਰਾ ਦਿੰਦੇ ਤਾਂ ਬਾਦ ਵਿੱਚ ਆਈ ਗੋਰੀ ਸੈਨਾ ਉਹ ਪਿੰਡ ਲੂਹਣ ਤਕ ਚਲੀ ਜਾਂਦੀ। ਮੇਰੇ ਪੁਰਖਿਆਂ ਦਾ ਪਿੰਡ ਝੱਬਰ (ਜਿਲ੍ਹਾ ਸ਼ੇਖੂਪੁਰਾ-ਪੱਛਮੀ ਪੰਜਾਬ) ਵੀ ਭਾਈ ਸਾਹਿਬ ਨੂੰ ਨਿਵਾਜਣ ਦੇ ਦੋਸ਼ ਵਿੱਚ ਅੰਗਰੇਜ਼ੀ ਹਕੂਮਤ ਨੇ ਅੱਗ ਲਾਕੇ ਸਾੜ ਦਿਤਾ ਸੀ। ਭਾਈ ਮਹਾਰਾਜ ਸਿੰਘ ਕਈ ਵਰ੍ਹੇ ਭੂਮੀਗਤ ਲੜਾਈ ਲੜਦੇ ਰਹੇ ਪਰ ਫਿਰ ਮੁਖਬਰਾਂ ਨੇ ਜੋ ਆਪਣੇ ਲੋਕ ਹੀ ਸਨ ਫੜਵਾ ਦਿਤੇ। ਜਿਲਾਵਤਨ ਕੀਤੇ ਗਏ ਅਤੇ ਕੈਦ ਵਿੱਚ ਹੀ ੧੮੫੬ ਈ. ਵਿੱਚ ਅਕਾਲ ਚਲਾਣਾ ਕਰ ਗਏ। ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਆਪਣੇ ਲੋਕਾਂ (ਸਿਖ ਜਨਤਾਂ) ਨਾਲ ਇਹ ਵੱਡਾ



Sri Satguru Jagjit Singh Ji eLibrary NamdhariElibrary@gmail.com

ਗਿਲਾ ਹੈ ਕਿ ਉਹਨਾਂ ਦੁਆਰਾ ਵਿੱਢੇ ਸੁਤੰਰਤਾ ਸੰਗਰਾਮ ਵਿੱਚ ਉਹਨਾਂ ਦੇ ਨਾਲ ਸ਼ਾਮਲ ਹੋਣ ਦੀ ਬਜਾਏ ਉਲਟਾ ਦੁਸ਼ਮਣਾਂ ਦਾ ਹੱਥ ਠੋਕਾ ਬਣਕੇ ਕੂਕਾ ਆਗੂਆਂ ਵਿਰੁੱਧ ਝੂਠ ਸੱਚ ਦੇ ਤੂਫਾਨ ਬਦੇਸ਼ੀ ਸਰਕਾਰ ਦੇ ਕਹਿਣ ਤੇ ਝਲਾਉਂਦੇ ਰਹੇ। ਇਸ ਸੰਦਰਭ ਵਿੱਚ ਸਤਿਗੁਰੂ ਜੀ ਖੁਦ ਨੂੰ ਭਾਈ ਬੀਰ ਸਿੰਘ ਨੌਰੰਗਾਬਾਦੀਏ ਅਤੇ ਆਪਣੇ ਹੀ ਜਿਲ੍ਹੇ ਦੇ ਪਿੰਡ ਰੱਬੋਂ ਉਚੀ ਦੇ ਭਾਈ ਮਹਾਰਾਜ ਸਿੰਘ ਦੀ ਕਤਾਰ ਵਿੱਚ ਖਲੋਤੇ ਵੇਖਦੇ ਹਨ :

—"ਐਸਾ ਪ੍ਰਮੇਸਰ ਦਾ ਭਾਣਾ ਵਰਤਿਆ, ਰਾਜੇ, ਰਈਅਤਿ, ਭੇਖ, ਹੋਰ ਲੋਕ ਸਭੇ ਮਾਰ ਮਾਰ ਕਰਦੇ ਹੈ, ਅਰੁ ਬਹੁਤ ਨਿੰਦਾ ਸੁਣਦੇ ਹਾਂ ਹੋਇ ਰਹੀ ਹੈ।..........ਅੱਗੇ ਆਪਣੇ ਖਾਲਸੇ ਵਿੱਚ ਤਾਂ ਏਹੁ ਵਰਤਾਰਾ ਵਰਤ ਗਿਆ ਅਜਕਲ ਕੇ ਸਮੇਂ ਮੈਂ। ਪਹਿਲਾ ਸਿਖਾ ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉਤੇ ਸਿਖਾ ਕੀ ਕਿਰਪਾ ਹੋਈ।" (ਹੁਕਮਨਾਮਾ ੭)

ਸਤਿਗੁਰੂ ਜੀ ਨੂੰ ਆਪਣੀ ਨਿੰਦਿਆ ਦੀ ਪ੍ਰਵਾਹ ਨਹੀਂ। ਪਰੇਸ਼ਾਨੀ ਇਹ ਹੈ ਕਿ ਨਿੰਦਾ ਕਰਨ ਵਾਲੇ, ਸੰਤ ਜੰਨਾਂ ਦੇ ਇਸ ਪੂਰ ਵਿੱਚ ਸ਼ਾਮਲ ਹੋਣੋਂ ਰਹਿ ਗਏ। ਝੂਠ ਤੇ ਸੱਚ ਦਾ ਅੰਤਰ ਵੀ ਸਪਸ਼ਟ ਕਰਦੇ ਹਨ ਅਤੇ ਸੰਗਤਾਂ ਦਾ ਹੌਂਸਲਾ ਵੀ ਬੰਨਾਉਂਦੇ ਹਨ ਕਿ ਸਾਡੇ ਮਾੜੇ ਦਿਨ ਸਦਾ ਨਹੀਂ ਰਹਿਣੇ :

—"ਅਰੁ ਮੈਨੂ ਤਾਂ ਨਿੰਦਿਆ ਦਾ ਕੁਛ ਦੁਖ ਨਹੀਂ, ਏਨਾ ਨਿੰਦਕਾ ਦਾ ਈ ਬੜਾ ਅਮਸੋਸ ਹੈ ਕਿ ਇਕ ਤਾਂ ਮਿਲੇ ਨਾ, ਨਾਲੇ ਸੰਤ ਖਾਲਸੇ ਨਾਲ ਵੈਰ ਬੰਨੀ ਫਿਰਦੇ ਹੈਨ ਬੇਅਰਥਾ।

"ਭਾਈ ਨਿੰਦਕ ਹਾਰ ਜਾਣਗੇ ਠੀਕ, ਕਿਉ ਜੋ ਝੂਠ ਮੈ ਫੁਰਤੀ ਚਲਾਕੀ ਤਾ ਬਹੁਤ ਹੈ ਪਰ ਝੂਠ ਦਾ ਦਮ ਥੋੜਾ ਹੈ। ਸਚ ਬਰਾਬਰ ਦਮ ਨਹੀਂ। ਅਗੇ ਭਾਈ ਗੁਰੂ ਜਾਣੇ। ਕੁਛ ਖਬਰ ਨਹੀਂ ਗੁਰੂ ਜੀ ਨੂੰ ਕੌਣ ਅਛਾ ਲਗਦਾ ਹੈ। ਪਰ ਹਮੇਸ਼ਾ ਭੰਡੀ ਸਾਡੇ ਈ ਮਗਰ ਨਹੀਂ ਰਹਿਣੀ। ਹੁਣ ਦੇਖ ਲੈਣਾ ਕੀ ਰੰਗ ਖੁਲਦਾ ਹੈ। ਸਮਾ ਤੇ ਆਇ ਪੁਜਾ ਹੈ ਅਗੇ ਗੁਰੂ ਜੀ ਦੀ ਗੁਰੂ ਜਾਣੇ।" (ਹੁਕਮਨਾਮਾ ੪੩)

ਵਿਦੇਸ਼ੀ ਸਰਕਾਰ ਦੇ ਹੱਥ ਠੋਕੇ ਸਿਖ ਤਖਤਾਂ ਦੇ ਪੁਜਾਰੀਆਂ ਨੇ ਨਾਮਧਾਰੀ ਸੰਗਤ ਦੇ ਬਾਈਕਾਟ ਦੇ ਹੁਕਮ ਚਾਹੜ ਦਿਤੇ ਹਨ। ਸਤਿਗੁਰੂ ਦੇ ਪਵਿਤਰ ਨਾਮ ਬਾਰੇ ਇਹ ਪਰਚਾਰਿਆ ਕਿ ਕੂਕੇ ਕਲਾਮ ਦਿੰਦੇ ਹਨ। ਇਕ ਹੁਕਮਨਾਮਾ, ਬਾਈ ਸ਼ਾਮ ਸਿੰਘ ਸਿਰਹਲੀ ਦੀ ਮਾਰਫਤ ਇਹਨਾਂ ਤਖਤਾਂ ਦੇ ਪੁਜਾਰੀਆਂ ਲਈ ਉਚੇਚਾ ਲਿਖਿਆ ਹੈ ਤੇ ਉਹਨਾਂ ਨੂੰ ਤਾੜਨਾ ਕੀਤੀ ਹੈ ਕਿ ਗੁਰੂ ਦੀ ਸੰਗਤ ਨਾਲ ਅਕਾਰਣ ਵੈਰ ਵਿੱਢਣ ਦਾ ਲੇਖਾ ਤੁਹਾਨੂੰ ਦੇਣਾ ਪੈਣਾ ਹੈ :

—"ਹਮਾਰਾ ਤਾ ਜੋ ਵਿਗੜਨਾ ਥਾ ਸੋ ਵਿਗੜ ਹਟਾ, ਅਬ ਤੁਮਾਰੀ ਬਾਰੀ ਹੈ ਨਾਲੇ ਤੁਹਾਡੇ ਪਖੀਆ ਕੀ।....

"ਹੋਰ ਖਾਲਸਾ ਲਈ ਤੁਸਾ ਨੂੰ ਕਈ ਬਰਸ ਹੋਇ ਹੈ ਕਹਿੰਦਿਆ ਨੂੰ ਕਿ ਕੂਕਿਓ ਤੁਸੀਂ ਤਨਖਾਹਿ ਬਖਸਾਓ ਅਸੀਂ ਏਸ ਤੇ ਨਹੀਂ ਬਖਸਾਈ ਤੁਸਾ ਨੂੰ ਅਸੀਂ ਜਾਨਿਆ ਜੋ ਆਗੂ ਤੇ ਹੈਨ ਪਰ ਅੰਨ੍ਹੇ ਹੈ। ਮੋਤੀਆ ਫਿਰਾ ਹੈ ਏਨਾ ਦੇ ਬੁਧ ਰੂਪੀ ਨੇਤ੍ਰਾ ਉਤੇ। ਮੋਤੀਆ ਫਿਰਾ ਹੁੰਦਾ ਹੇ ਜਿਸਦੇ ਓਧੇ ਨੇਤ੍ਰ ਦੇਖਣ ਨੂੰ ਅਛੇ ਹੁੰਦੇ ਹੈ ਪਰ ਨਜਰ ਨਹੀਂ ਆਉਂਦਾ।

"ਦੁਹਾ ਬਾਤਾ ਮੈ ਇਕ ਕਰੇ ਬਿਨਾ ਹਮ ਤੁਮਾਰਾ ਪਿਛਾ ਨਹੀਂ ਛੋਡੇਗੇ, ਕੇ ਮਿਲੋ ਕੇ ਮਿਟਾਓ। (ਹੁਕਮਨਾਮਾ ੬੦)

ਸਤਿਗੁਰੂ ਜੀ ਦਾ ਕਹਿਣਾ ਹੈ ਕਿ ਜੇ ਨਾਮਧਾਰੀ ਪੰਥ, ਜਿਹੜੇ ਆਦਿ ਤੇ ਦਸਮ ਗਰੰਥ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਬਿਨਾਂ ਹੋਰ ਕਿਸੇ ਗਰੰਥ ਤੇ ਨਿਸ਼ਚਾ ਨਹੀਂ ਰੱਖਦੇ ਗੁਰੂ ਆਸ਼ੇ ਦੇ ਵਿਰੁੱਧ ਹੈ ਤਾਂ ਪੁਜਾਰੀ ਸਜਣੋਂ ਸਿੰਘ ਸਭਾ ਜੋ ਨਵੀਂ ਨਵੀਂ ਬਣੀ ਹੈ, ਉਸ ਨੂੰ ਵੀ ਨਾਲ ਲੈਕੇ ਇਸ ਪੰਥ ਨੂੰ ਸਮਾਪਤ ਕਰ ਦਿਉ ਅਤੇ ਜੇ ਉਹ ਗੁਰੂ ਦੇ ਭਾਣੇ ਵਿਚ ਬਣਿਆ ਹੈ ਤਾਂ ਫਿਰ ਖੁਦ ਵੀ ਸਾਡੇ ਨਾਲ ਸ਼ਾਮਲ ਹੋ ਜਾਵੋ।

ਇਹਨਾਂ ਹੁਕਮਨਾਮਿਆਂ ਦਾ ਸਮਾਜਿਕ ਮਹੱਤਵ ਵੇਖਕੇ ਸ੍ਰੀ ਸਤਿਗੁਰੂ ਜੀ ਨੂੰ ਵਿਸ਼ਵ ਦੇ ਚੋਟੀ ਦੇ ਕੁਝ ਕੁ ਸੁਧਾਰਕ ਆਗੂਆਂ ਵਿਚ ਵੀ ਗਿਣਿਆ ਜਾ ਸਕਦਾ ਹੈ। ਸਾਡਾ ਮੱਧਕਾਲੀ ਸਾਹਿਤ ਸਾਰਾ ਹੀ ਇਸਤਰੀ ਭੰਡੀ ਨਾਲ ਭਰਿਆ ਪਿਆ ਹੈ :

"ਭੱਠ ਰੰਨਾਂ ਦੀ ਦੋਸਤੀ
ਖੁਰੀਂ ਜਿਹਨਾਂ ਦੀ ਮੱਤ।"...... (ਪੀਲੂ ਸ਼ਾਇਰ)

ਵਦੇਸ਼ੀ ਹਮਲਾਵਰਾਂ ਤੋਂ ਡਰਦਿਆਂ ਬਾਲ ਵਿਆਹ ਪ੍ਰਚਲਿਤ ਸੀ। ਅਜੋੜ ਵਿਆਹ ਅਤੇ ਵੱਟੇ ਦੇ ਸਾਕ ਹੁੰਦੇ ਸਨ ਜਿਸ ਨਾਲ ਇਕ ਔਰਤ ਦੇ ਹਿੱਸੇ ਦਾ ਕਸ਼ਟ ਅਕਾਰਣ ਹੀ ਦੂਸਰੀ ਨੂੰ ਭੁਗਤਣਾ ਪੈਂਦਾ ਸੀ। ਸਤਿਗੁਰੂ ਜੀ ਨੇ ਕੁੜੀਆਂ ਮਾਰਨ ਵਾਲਿਆਂ ਦੇ ਸਮਾਜਕ ਬਾਈਕਾਟ ਦਾ ਸੱਦਾ ਵੀ ਦਿਤਾ ਅਤੇ ਬਾਲ ਵਿਆਹ ਤੇ ਅਜੋੜ ਵਿਆਹ ਬੰਦ ਕਰਵਾਏ ਉਹ ਪਹਿਲਾਂ ਲੜਕੀ ੧੫-੧੬ ਬਰਸ ਤੋਂ ਘੱਟ ਦੀ ਨਾ ਵਿਆਹਣ ਅਤੇ ਫਿਰ ੧੮ ਸਾਲ ਦੀ ਲੜਕੀ ਅਤੇ ੨੦ ਸਾਲ ਦੇ ਲੜਕੇ ਦੀ ਉਮਰ ਨੂੰ ਵਿਆਹ ਲਈ ਆਦਰਸ਼ ਉਮਰ ਆਪਦੇ ਹੁਕਮਨਾਮਿਆਂ ਵਿਚ ਲਿਖਦੇ ਹਨ। ਨਾਰੀ ਜਾਤੀ ਪ੍ਰਤੀ ਆਪਦੇ ਮਨ ਵਿਚ ਕਿੰਨੇ ਕੋਮਲ ਵਿਚਾਰ ਹਨ:

"ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ



Sri Satguru Jagjit Singh Ji eLibrary NamdhariElibrary@gmail.com

ਪਾਪੁ ਹੈ ਜੋ ਲੜਕੀਆਂ ਮੈਂ ਬਹੁਤ ਹੀ ਗੁਣ ਹੈਨ, ਅਨੇਕ ਤਰ੍ਹਾ ਦੇ ਸੁੱਖ ਦਿੰਦੀਆਂ ਹੈਨ ਇਸਤ੍ਰੀਆ। ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਭੀ ਬਡਾ ਪਾਪੁ ਹੈ ਅਰੁ ਬਰੁ ਬੱਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੋ ਬੁਢਾ ਕੋ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਦਾ। ਕੁੜੀ ਬਹੁਤੁ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਦੀ ਹੈ।...ਏਹੁ ਸਾਰੋ ਪਾਪੁ ਮਾਪਿਆ ਕੋ ਲਗਦਾ ਹੈ। (ਹੁਕਮਨਾਮਾ-੨੮)

ਗ੍ਰਹਿਸਤ ਮਾਰਗ ਦੀ ਵੀ ਸਤਿਗੁਰੂ ਜੀ ਪ੍ਰਸੰਸਾ ਕਰਦੇ ਹਨ। ਉਮਰ ਤੇ ਹਾਣ ਪਰਵਾਣ ਰਿਸ਼ਤਿਆਂ ਨੂੰ ਮਨਜ਼ੂਰੀ ਦਿੰਦੇ ਹਨ।

ਸੁੱਧ ਸਿੰਘ ਸਪੁੱਤਰ ਸ੍ਰ. ਰਾਮ ਸਿੰਘ ਪਿੰਡ ਮਦੌਰ ਜ਼ਿਲ੍ਹਾ ਅੰਬਾਲਾ ਨੂੰ ਲਿਖਦੇ ਹਨ:

"—ਹੱਛਾ ਹੋਆ ਵਿਆਹੁ ਕਰ ਲਿਆ। ਭੋਗ ਬਾਸਨਾ ਰਹਿੰਦੀ ਤਾ ਬਹੁਤ ਬੁਰੀ ਥੀ, ਨਾਲੇ ਨਾਗਾ ਕੋਟ ਬਾਲਾ ਆਧਾ ਹੁੰਦਾ ਸੀ ਅਖੇ ਛੜਾ ਤਾ ਪ੍ਰੇਤ ਹੁੰਦਾ ਹੈ। ਕਬੀਲਦਾਰ ਚਤ੍ਰਭੁਜ ਹੋਇ ਜਾਦਾ ਹੈ। ਪਰ ਜੀ ਕਬੀਲਦਾਰੀ ਦਾ ਫਿਕਰੁ ਬਹੁਤ ਹੋਇ ਜਾਦਾ ਹੈ। ਹਛਾ ਅਗੇ ਤੂੰ ਕਲਾ ਭਜਨੁ ਬਾਣੀ ਕਰਦਾ ਸੀ, ਜੇ ਲੜਕੇ ਬਾਲੇ ਹੋ ਗਏ ਦੋ ਚਾਰ ਸਾਧ ਦੇ, ਬਹੁਤ ਭਜਨ ਬਾਣੀ ਕਰਨਗੇ। ਬਖਸਣੇ ਤਾ ਸਾਰੇ ਗੁਰੂ ਮਹਾਰਾਜ ਨੇ ਹੈ, ਛੜੇ ਤੇ ਕਬੀਲਦਾਰ ਬੀ, ਗੁਰੂ ਗੁਰੂ ਜਪੋ ਤਕੜੇ ਹੋ ਕੇ।"

(ਹੁਕਮਨਾਮਾ ੫੯)

ਇਕ ਹੁਕਮਨਾਮੇ ਵਿਚ ਗੁਰੂ ਹਰੀ ਸਿੰਘ ਜੀ ਨੂੰ ਕਹਿੰਦੇ ਹਨ ਕਿ ਜੇ ਪਿੰਡ ਦਾ ਕੋਈ ਗਰੀਬ ਕਿਸਾਨ ਬੈਲ ਗੱਡਾ ਮੰਗਣ ਆਵੇ ਤਾਂ ਦੇ ਦੇਣਾ। ਇਕ ਸਿੰਘ ਨੂੰ ਲਿਖਦੇ ਹਨ ਕਿ ਥੋਹੜੇ ਕੱਖ ਪੱਠੇ ਤੋਂ ਸੀਰੀ ਨਾਲ ਵਿਗਾੜ ਨਹੀਂ ਪਾਉਣਾ। ਸੀਤ ਪ੍ਰਸਾਦ ਮੰਗਣ ਵਾਲੇ ਕਿਸੇ ਯਾਚਕ ਨੂੰ ਕਹਿੰਦੇ ਹਨ ਕਿ "ਜੂਠਾ ਖਾ ਕੇ ਬਬਾਨਾ ਤੇ ਚੜ੍ਹਦਾ" ਮੈਂ ਤਾਂ ਕੋਈ ਨਹੀਂ ਵੇਖਿਆ। ਉਹ ਬਚਨ ਮੰਨਣ ਨੂੰ ਹੀ ਸੀਤ ਪ੍ਰਸਾਦਿ ਛਕਣਾ ਲਿਖਦੇ ਹਨ। ਫਿਰ ਬਾਕੀਆਂ ਲਈ ਵੀ ਆਖਿਆ—

"ਸਭ ਕੋ ਹੁਕਮੁ ਸੁਣਾ ਦੇਣਾ ਨਾ ਕੋਈ ਜੂਠਾ ਦੇਵੇ ਕਿਸੇ ਕੋ, ਨਾ ਕੋਈ ਜੂਠਾ ਖਾਵੇ ਕਿਸੇ ਦਾ।" (ਹੁਕਮਨਾਮਾ ੬੧)

ਇਹ ਵੀ ਲਿਖਦੇ ਹਨ ਕਿ "ਬਿਨਾ ਹੁਕਮ ਮੰਨੇ ਦੇਖ ਲੇਓ ਗੁਰੂ ਜੀ ਦੇ ਪੁਤ ਪਾਸ ਈ ਬੈਠੇ ਰਹੇ, ਗੁਰਿਆਈ ਅੰਗਦ ਜੀ ਨੂੰ ਮਿਲੀ, ਕਿਥੇ ਥਾਂ ਦੇ ਖਤਰੀ ਨੂੰ।"

ਬਹੁਤ ਸਾਰੇ ਬਚਨ ਨੀਤੀ ਬਚਨਾਂ ਦਾ ਰੂਪ ਧਾਰਨ ਕਰ ਗਏ ਹਨ—

"ਗੁਰੂ ਜੀ ਦਾ ਬਚਨ ਹੈ ਛੇਤੀ ਕਰਨੀ ਮਨੁਖਾ ਦਾ ਕੰਮ ਨਹੀਂ ਭੂਤਾ ਦਾ ਕੰਮ ਹੈ।" (ਹੁਕਮਨਾਮਾ ੬੦)

"ਹੋਰ ਭਾਈ ਦਰਬਾਰਾ ਸਿੰਘ ਜੀ ਹੁਣ ਪਿਛੇ ਬਾਲਾ ਕਰੜਾ ਸੁਭਾਉ ਨਹੀਂ ਰੱਖਣਾ।" (ਹੁਕਮਨਾਮਾ ੫੬)

"ਮਨ ਮਤਿ ਏਸ ਦਾ ਨਾਉ ਹੈ ਜੋ ਬਾਣੀ ਪੜੀ ਪਰ ਬਾਣੀ ਦਾ ਆਖਿਆ ਨਾ ਕੀਤਾ।"

"ਬਾਧਾ ਕਰਨੇ ਤੇ ਤਾ ਰਾਜਸੀਆ ਤੇ ਪਾਤਿਸਾਹੀਆ ਦਾ ਨਾਸ ਹੋਇ ਗਿਆ ਹੈ, ਪਰ ਤੁਸੀਂ ਬੀ ਜਰਾ ਧੀਰਜ ਰਖੋ।"

(ਹੁਕਮਨਾਮਾ ੫੫)

"ਅਰ ਮਨੁਖਾ ਦਾ ਮੇਲ ਜਿਥੇ ਹੋਵੈ ਤਾ ਗੁਰਮੁਖਾ ਦਾ ਮੇਲਾ ਹੋਵੈ। ਅਰ ਮਨਮੁਖਾ ਦੀ ਸੰਗਤ ਤੇ ਰਖ ਲਈ।"

(ਹੁਕਮਨਾਮਾ ੫੩)

"ਰੰਡੀ ਮੁੰਡੇ ਤੇ ਬਹੁਤ ਕਰਕੇ ਬਚਣਾ। ਏਹੁ ਤਾ ਨਿਰਾ ਘਾਟੇ ਦਾ ਈ ਥਾਉ ਹੈ, ਨਫਾ ਕੋਈ ਬੀ ਨਹੀਂ।"

(ਹੁਕਮਨਾਮਾ ੪੯)

"ਜੋ ਕੋਈ ਗੁਰਦੁਆਰਿਆ ਦਾ ਮਾਨੁ ਕਰੇ ਤਾ ਸਭ ਤੇ ਬਡਾ ਗੁਰਿਦੁਆਰਾ ਗ੍ਰੰਥ ਸਾਹਿਬ ਜੀ ਹੈਨ, ਜੋ ਹਮਾਰੇ ਪਾਸ ਬੀ ਹੈਨ। ਤੁਸੀਂ ਰਖੋ ਗੁਰਦੁਆਰਿਆ ਕੋ।" (ਹੁਕਮਨਾਮਾ ੩੯)

"ਦੇਹਾ ਦਾ ਮੇਲਾ ਭੀ ਐਸਾ ਹੀ ਬਣਾ ਹੈ ਮਿਲਨਾ ਵਿਛੜ ਜਾਣਾ।" (ਹੁਕਮਨਾਮਾ ੩੭)

ਮੇਰੀ ਲਜਿਆ ਤੁਸੀਂ ਸਾਧ ਸੰਗਤ ਨੇ ਰਖਣੀ ਹੈ। ਜੇਕਰ ਤੁਸੀਂ ਭਲੇ ਹੋਵਹੁਗੇ ਤਾ ਮੈਨੂੰ ਬੁਰਾ ਕਿਸੇ ਨਹੀਂ ਆਖਣਾ। ਤੁਹਾਡੇ ਪਿਛੇ ਅਰ ਮੈਨੂੰ ਬੀ ਬਖਸ਼ ਦੇਊਗਾ ਗੁਰੂ। (ਹੁਕਮਨਾਮਾ-੨)

"ਹੋਰ ਖਾਲਸਾ ਜੀ ਜੇ ਸਰਬੰਧੀ ਸਰੀਰ ਛੋਡ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀਂ।" (ਹੁਕਮਨਾਮਾ-੩)

"ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂੰ ਨਿੰਦਾ ਕਾ, ਆਪ ਸਭ ਕੇ ਸਾਥ ਅਨੰਦ ਰਹਿਣਾ।"

(ਹੁਕਮਨਾਮਾ-੩)

"ਅਰ ਭੁਖਾ ਕੋਈ ਬੀ ਹੋਵੇ ਚਾਹੇ, ਭੁਖੇ ਨੂੰ ਅੰਨ ਦੇਣ ਦਾ ਵਡਾ ਪੁੰਨ ਹੈ, ਗੁਰੂ ਸਾਹਿਬ ਦਾ ਹੁਕਮ ਹੈ।"

(ਹੁਕਮਨਾਮਾ-੫)

"ਏਹੁ ਪ੍ਰਿਥੀ ਤਾ ਪ੍ਰਮੇਸਰ ਦੇ ਰਜਉਣ ਦੀ ਹੈ, ਮਨੁੱਖ ਦੇ ਰਜਉਣ ਦੀ ਨਹੀਂ ਹੈ। ਤੂੰ ਜਥਾ ਸਕਤਿ ਵਰਤੀ ਜੋ ਪੁਜਿ ਆਵੈ।" (ਹੁਕਮਨਾਮਾ-੧੧)

"ਲਾਰਾ ਦੇ ਕੇ ਜਵਾਬ ਦੇਣਾ ਬਡਾ ਦੋਸ ਹੈ।"

(ਹੁਕਮਨਾਮਾ-੧੯)

"ਪੁੰਨ ਦਾਨ ਤੇ ਧਨ ਨਹੀਂ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।" (ਹੁਕਮਨਾਮਾ-੨੦)

"ਹੁਣ ਤਾ ਚਿਠੀ ਚਪਠੀ ਦਾ ਈ ਮੇਲਾ ਰਹਿ ਗਿਆ ਹੈ,



Sri Satguru Jagjit Singh Ji eLibrary NamdhariElibrary@gmail.com

ਦੇਹਾ ਦਾ ਗੁਰੂ ਮਿਲਾਊਗਾ ਤਾ ਮਿਲਾਗੇ।" (ਹੁਕਮਨਾਮਾ-੨੫)

"ਹੋਰੁ ਬਗਾਨੀ ਅੰਸ ਕਿਸੇ ਤਰਾ ਬੀ ਨਾ ਲੈਣੀ, ਨਾ ਚੁਰਾ ਕੇ, ਨਾ ਖੋਹ ਕੇ, ਨਾ ਠੱਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾ ਜਿਸਦੀ ਹੋਵੇ ਓਸਕੋ ਦੇ ਦੇਣੀ।" ਅਰੁ ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪੁ ਹੈ।.... (ਹੁਕਮਨਾਮਾ-੨੮)

"ਅਰੁ ਬਸਿ ਕਰਦੇ ਕਿਸੇ ਕੋ ਫਿਕਾ ਬੀ ਨਹੀਂ ਬੋਲਣਾ।" (ਹੁਕਮਨਾਮਾ-੨੮)

"ਅਨੰਦ ਈ ਹੈ, ਕੋਈ ਭਾਮੇ ਠੋਕਾ[1] ਕਹੋ ਭਾਮੇ ਕੁਛ ਹੋਰ ਕਹੋ।" (ਹੁਕਮਨਾਮਾ-੩੩)

ਅੰਮ੍ਰਿਤਸਰ ਬੁਚੜ ਬੱਧ ਦੇ ਸਾਕੇ ਦਾ ਮਫਰੂਰ ਭਾਈ ਮਿਹਰ ਸਿੰਘ ਲੋਪੋਕਿਆਂ ਵਾਲਾ ਬੇਨਤੀ ਕਰਦਾ ਹੈ ਕਿ ਜੇ ਹੁਕਮ ਹੋਵੇ ਤਾਂ ਉਹ ਵੀ ਦਰਸ਼ਨ ਕਰਨ ਆਵੇ। ਉਸ ਦੇ ਮਾਮਲੇ ਦੀ ਨਜ਼ਾਕਤ ਨੂੰ ਸਮਝ ਕੇ ਉਹਨੂੰ ਰਾਇ ਦਿੰਦੇ ਹਨ ਕਿ ਭਾਈ ਕੰਗ[2] ਤਾਂ ਤੁਹਾਡੇ ਪੈਰੋਂ ਹੀ ਉਠੀ ਸੀ। ਇਸ ਲਈ ਉਧਰ ਹੀ ਲੁਕ ਛਿਪ ਕੇ ਦਿਨ ਕੱਟ ਲਵੇ ਏਧਰ ਆਇਆ ਫਸ ਸਕਦਾ ਹੈ। ਪਰ ਇਕ ਹੋਰ ਮਫਰੂਰ ਭਗਵਾਨ ਸਿੰਘ "ਅੜਬੰਗੀ" ਦਰਸ਼ਨ ਕਰ ਗਿਆ ਸੀ। ਸਤਿਗੁਰੂ ਜੀ ਨੂੰ ਮਾਝੇ, ਮਾਲਵੇ, ਦੁਆਬੇ, ਮੈਨ ਦੁਆਬ ਤੇ ਪੁਆਧ ਦੇ ਬਹੁਤ ਸਾਰੇ ਸਿੱਖਾਂ ਦੇ ਨਾਂ ਪਤੇ ਜ਼ਬਾਨੀ ਯਾਦ ਹਨ ਜਿਹਨਾਂ ਦੀ ਗਵਾਹੀ ਹੁਕਮਨਾਮਿਆਂ ਵਿਚੋਂ ਮਿਲਦੀ ਹੈ।

ਜਿੱਥੋਂ ਤੱਕ ਇਹਨਾਂ ਹੁਕਮਨਾਮਿਆਂ ਦੇ ਸਾਹਿਤਕ ਮਹੱਤਵ ਦਾ ਸੁਆਲ ਹੈ, ਇਹ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਗੱਦ ਰਚਨਾ ਦਾ ਉਤਕ੍ਰਿਸ਼ਟ ਪ੍ਰਮਾਣ ਹਨ। ਦਰਅਸਲ ਸਤਿਗੁਰੂ ਜੀ ਨੂੰ ਹੋਰ ਬਹੁਤ ਸਾਰੀਆਂ ਕਾਰਵਾਈਆਂ ਦੇ ਮੋਢੀ ਹੋਣ ਦੇ ਨਾਲ ਨਾਲ ਹੀ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਵੀ ਮੰਨਿਆ ਜਾ ਸਕਦਾ ਹੈ। ਉਸ ਸਮੇਂ ਦੇ ਹੋਰ ਪੰਜਾਬੀ ਵਾਰਤਕਾਰਾਂ ਸ਼ਰਧਾ ਰਾਮ ਫਲੌਰੀ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਗਿਆਨ ਸਿੰਘ ਹੋਰਾਂ ਦੀ ਗੱਦ ਰਚਨਾ ਨਾਲ ਜਦੋਂ ਹੁਕਮਨਾਮਿਆਂ ਦੀ ਵਾਰਤਕ ਦੀ ਤੁਲਨਾ ਕੀਤੀ ਜਾਵੇਗੀ ਤਾਂ ਇਹ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਾਲੇ ਇਕ ਮਹੱਤਵਪੂਰਨ ਕੜੀ ਦੇ ਤੌਰ ਤੇ ਨਜ਼ਰ ਆਏਗੀ। ਇਸ ਵਿਚ ਇਹ ਲੌਕਿਕ ਤੇ ਪਾਰਲੌਕਿਕ ਦੋਵੇਂ ਰੰਗ ਹਨ। ਇਹ ਇਕ ਕਹਿਣੀ ਅਤੇ ਕਰਨੀ ਦੇ ਸੂਰਮੇ ਸਤਿਗੁਰੂ ਦੀ ਕਾਨੀ ਦੀ ਨੋਕ ਤੇ ਆਏ ਉਹ ਬਚਨ ਹਨ ਜੋ ਉਹ ਆਪਣੇ ਪ੍ਰਾਣਾਂ ਤੋਂ ਵੀ ਪਿਆਰੇ ਸਿੰਘਾਂ ਨਾਲ ਸਾਂਝੇ ਕਰਨੇ ਚਾਹੁੰਦੇ ਹਨ। ਸਤਿਗੁਰੂ ਜੀ ਦੇ ਜੀਵਨ ਵਿਚ ਨਿਜ ਨੂੰ ਸਮੂਹ ਤੋਂ ਨਿਖੇੜਣ ਵਾਲੀ ਰੇਖਾ ਅਲੋਪ ਹੋ ਚੁੱਕੀ ਹੈ। ਇਸ ਲਈ ਕਦੇ ਉਹਨਾਂ ਦਾ ਦਿਲ ਗੁਰਬਾਣੀ ਦਾ ਗਾਇਨ ਕਰਨ ਵਾਲੇ ਧੁਲੇਤੇ ਪਿੰਡ ਦੇ ਰਬਾਬੀ ਭਾਈ ਗੁਰਦਿਤੇ ਲਈ ਧੜਕਦਾ ਹੈ ਕਿ ਸੰਗਤ ਉਸ ਦੀ ਯਥਾਯੋਗ ਸਹਾਇਤਾ ਕਰੇ ਤੇ ਕਦੇ ਸਿਰਹਾਲੀ ਪਰਿਵਾਰ ਦੇ ਬਿਗੜੈਲ ਮੁੰਡੇ ਮੀਹਾਂ ਸਿੰਘ ਲਈ ਧੜਕਦਾ ਹੈ ਜੋ ਭਾਵੇਂ ਤਿੰਨ ਵੇਰ ਪ੍ਰਦੇਸ ਵਿਚ ਦਰਸ਼ਨ ਕਰਨ ਆਇਆ ਹੈ। ਮਾਇਆ ਵੀ ਲੈ ਕੇ ਆਉਂਦਾ ਹੈ ਪਰ ਕੁਸੰਗ ਕਰਨ ਤੇ ਉਸਨੂੰ ਵੀ ਮਿੱਠੀਆਂ ਝਾੜਾਂ ਪਾਈਆਂ ਹਨ ਜਿਹੋ ਜਿਹੀਆਂ ਪਿਤਾ ਵਲੋਂ ਅਲਕ ਵਛੇਰੇ ਜਹੇ ਪੁੱਤਰਾਂ ਨੂੰ ਪਾਈਆਂ ਜਾਂਦੀਆਂ ਹਨ।

"ਸੇਵਾ" ਵਜੋਂ ਅਰੰਭ ਵਿਚ ਕੁਝ ਲਿਖਣ ਵਾਲੇ "ਟਾਕੀਆਂ ਵਾਲੇ ਚੋਲੇ" ਵਾਲੇ ਪ੍ਰਸਿੱਧ ਪੰਜਾਬੀ ਆਲੋਚਕ ਡਾ. ਹਰਿਭਜਨ ਸਿੰਘ ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਨੂੰ ਬਹੁਤ ਸਰਲ ਰਚਨਾ ਮੰਨਦੇ ਹੋਏ ਲਿਖਦੇ ਹਨ—

"ਅਸੀਂ ਕੁਝ ਐਸੇ ਪਾਠਕਾਂ ਨੂੰ ਵੀ ਜਾਣਦੇ ਹਾਂ ਜੋ ਇਸ ਲਿਖਤ ਨੂੰ ਪੜ੍ਹ ਕੇ ਅੱਜ ਵੀ ਮਸਤਾਨੇ ਹੋ ਜਾਂਦੇ ਹਨ। ਇਹ ਲਿਖਤ ਸਾਡੇ ਸਭਿਆਚਾਰ ਦਾ ਮਹਾਨ ਸਰਮਾਇਆ ਹੈ।"

"ਜਿਸ ਕਾਲ ਖੰਡ (ਉਨ੍ਹੀਵੀਂ ਸਦੀ ਦਾ ਦੂਜਾ ਅੱਧ) ਵਿਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤੱਕ ਪੰਜਾਬੀ ਵਾਰਤਕ ਦਾ ਕੋਈ ਸਪੱਸ਼ਟ ਨਮੂਨਾ ਉਭਰ ਕੇ ਸਾਹਮਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਸਨ। ਪੰਜਾਬੀ ਬੋਲਚਾਲ ਦੇ ਯੁੱਗ ਵਿਚੋਂ ਨਿਕਲਕੇ, ਲਿਖਤ ਦੇ ਯੁੱਗ ਵਿਚ ਪ੍ਰਵੇਸ਼ ਕਰ ਰਹੀ ਸੀ।"

ਇਸ ਦੀ ਉਪਭਾਸ਼ਾ ਲੁਧਿਆਣਾ ਜ਼ਿਲ੍ਹੇ ਦੇ ਬੇਟ ਇਲਾਕੇ ਵਿਚ ਬੋਲੀ ਜਾਣ ਵਾਲੀ ਪੁਆਧੀ ਹੈ। ਭਾਵੇਂ ਜੁਆਨੀ ਦੇ ਦਸ ਵਰ੍ਹੇ ਲਹੌਰ ਦਰਬਾਰ ਦੀ ਸੈਨਾ ਰਹਿਣ ਸਦਕਾ ਸਤਿਗੁਰੂ ਜੀ ਕੇਂਦਰੀ ਪੰਜਾਬੀ ਦੇ ਮੁਹਾਵਰੇ ਦੇ ਵੀ ਨੇੜੇ ਨੇੜੇ ਵਿਚਰਦੇ ਹਨ। ਡਾ. ਸਾਹਿਬ ਦੇ ਅਨੁਸਾਰ "ਲਿਖਤ ਨੂੰ ਬੋਲਚਾਲ ਦੇ ਮੁਹਾਵਰੇ ਵਿਚ ਪੇਸ਼ ਕਰਨਾ ਕਾਫੀ ਮੁਸ਼ਕਿਲ ਕੰਮ ਹੈ। ਸਤਿਗੁਰੂ ਜੀ ਇਸ ਮੁਸ਼ਕਿਲ ਉਪਰ ਸਹਿਜੇ ਹੀ ਵਸੀਕਾਰ ਪ੍ਰਾਪਤ ਕਰ ਲੈਂਦੇ ਹਨ।"

ਪ੍ਰਸਿੱਧ ਉਤਰ-ਆਧੁਨਿਕ ਪੰਜਾਬੀ ਅਲੋਚਕ ਡਾ. ਸੁਤਿੰਦਰ ਸਿੰਘ "ਨੂਰ" ਇਹਨਾਂ ਹੁਕਮਨਾਮਿਆਂ ਨੂੰ ਪਹਿਲੇ ਸਤਿਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਨਾਲੋਂ ਵੱਧ ਵਿਸਤ੍ਰਿਤ ਮੰਨਦੇ ਹਨ। ਉਹ ੧੯ਵੀਂ ਸਦੀ ਦੀ ਪੰਜਾਬੀ ਵਾਰਤਕ ਵਿਚ ਭਾਸ਼ਾ ਤੇ ਸ਼ੈਲੀ ਦੇ ਪੱਖੋਂ ਇਹਨਾਂ ਦਾ ਵਿਸ਼ੇਸ਼ ਮਹੱਤਵ ਨਿਰੂਪਤ ਕਰਦੇ ਹਨ। ਉਹ ਲਿਖਦੇ ਹਨ—

"ਵਿਰੋਧ ਪੂਰੇ ਅੰਗਰੇਜ਼ ਸਾਮਰਾਜ ਨਾਲ ਹੈ। ਪਾਬੰਦੀਆਂ ਹਨ, ਨਜ਼ਰਬੰਦੀ ਹੈ, ਜਲਾਵਤਨੀ ਹੈ, ਪਰ ਪ੍ਰਵਚਨ ਤਾਂ ਬਹੁਤ ਹੀ ਨਿਮਰ ਹਨ। ਪ੍ਰਵਚਨ ਜਿੰਨਾ ਨਿਮਰ ਹੁੰਦਾ ਹੈ,

---

੧. ਤਰਖਾਣ   ੨. ਲਹਿਰ



Sri Satguru Jagjit Singh Ji eLibrary NamdhariElibrary@gmail.com

ਵਾਕ ਉਨੇ ਹੀ ਛੋਟੇ ਤੇ ਸਰਲ ਹੁੰਦੇ ਹਨ, ਪਰ ਗੱਲਾਂ ਵੱਡੀਆਂ ਹੁੰਦੀਆਂ ਹਨ। ਧਰਮ, ਅਧਿਆਤਮ ਤੇ ਸਮਾਜਿਕ-ਰਾਜਸੀ ਜ਼ਿੰਮੇਵਾਰੀ ਦਾ ਅਹਿਸਾਸ ਸੰਗਠਿਤ ਹੁੰਦਾ ਹੈ। ਇਸ ਲਈ ਹੁਕਮਨਾਮਾ ਵਾਰਤਕ ਦੀ ਇਕ ਵੱਖਰੀ ਵਿਧਾ ਜਾਂ ਰੂਪਾਕਾਰ ਬਣ ਜਾਂਦਾ ਹੈ।"

"ਇਹ ਨਿਮਰਤਾ, ਸਰਲਤਾ ਤੇ ਪ੍ਰਵਚਨ ਦੀ ਸਹਿਜ ਵਿਧੀ, ਇਸ ਰੂਪ ਵਿਚ ਨਾਮਧਾਰੀ ਸੰਪ੍ਰਦਾਇ ਦਾ ਮੁੱਖ ਚਿਹਨ ਬਣ ਗਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵੀ ਜਦੋਂ ਪ੍ਰਵਚਨ ਕਰਦੇ ਹਨ ਤਾਂ ਇਸੇ ਸਹਿਜ-ਸ਼ੈਲੀ ਵਿਚ ਕਰਦੇ ਹਨ। ਛੋਟੇ ਛੋਟੇ ਸਰਲ ਵਾਕ, ਨਿਮਰਤਾ ਦਾ ਪ੍ਰਵਾਹ। ਇਹ ਸ਼ੈਲੀ ਇਨ੍ਹਾਂ ਹੁਕਮਨਾਮਿਆਂ ਨੇ ਪੰਜਾਬੀ ਵਾਰਤਕ ਵਿਚ ਪ੍ਰਵਾਹਤ ਕੀਤੀ। ਜਿਸਦਾ ਹੋਰ ਲਗਨ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ।"

ਜਸਵਿੰਦਰ ਸਿੰਘ, ਜੋ ਪਹਿਲਾਂ ਇਕ ਇਤਿਹਾਸਕਾਰ ਦੇ ਤੌਰ ਤੇ ਜਾਣੇ ਜਾਂਦੇ ਸਨ ਇਹਨਾਂ ਹੁਕਮਨਾਮਿਆਂ ਦੀ ਸਫਲ ਸੰਪਾਦਨਾ ਨਾਲ ਉਹ ਪੰਜਾਬੀ ਸਾਹਿਤਕ ਜਗਤ ਵਿਚ ਵੀ ਆਪਣੇ ਲਈ ਇਕ ਥਾਂ ਬਣਾ ਗਏ ਹਨ।

ਗੁਰੂ ਬਾਣੀ ਦੇ ਪਾਠ ਜਿਉਂ ਅਭਿਲਾਖੀ ਸਿੰਘ ਇਹਨਾਂ ਦੇ ਪਾਠ ਵਿਚੋਂ ਜਿਥੇ ਆਤਮਕ ਖ਼ੁਰਾਕ ਹਾਸਲ ਕਰਦੇ ਹਨ, ਲੋਕ ਲਹਿਰਾਂ ਦੇ ਪੜਚੋਲੀਏ ਇਸ ਵਿਚੋਂ ਉਨ੍ਹੀਵੀਂ ਸਦੀ ਦੇ ਲੋਕ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੇ ਮਨੋਭਾਵਾਂ ਨੂੰ ਸਮਝਣ ਲਈ ਸਮੱਗਰੀ ਹਾਸਲ ਕਰਨਗੇ।

*—ਕਰੀਵਾਲਾ (ਸਿਰਸਾ)*
*੧੨੫੦੭੫*
*੧੦.੭.੨੦੦੩*

# ਭੁੱਲ ਦੀ ਸੋਧ

ਜੁਲਾਈ ੨੦੦੩ ਦੇ ਵਰਿਆਮ ਦੇ ਸਫਾ ੧੭ ਕਾਲਮ ੧ ਦਾ ਅੰਤਲਾ ਪੈਰ੍ਹਾ ਤੇ "ਤੇ ਇਹ ਤੁਕਾਂ ਸੰਤ ਚੰਦਾ ਸਿੰਘ ਦੇ ਬਾਰਾਂਮਾਹ ਦੀਆਂ ਹੀ ਹਨ, ਜਿਹੜੀਆਂ ਬਹੁਤ ਸਾਰੇ ਉਬੜਾਂ ਨੇ ਸੌ ਸਾਖੀ ਦੀਆਂ ਪਰ ਚਾਰੀਆਂ ਹਨ" ਦੇ ਅਗੇ ਪੜ੍ਹੋ—

"ਜਦ ਰੂਸ ਪੰਜਾਬੇ ਆਵੇ,
ਪਵੇ ਕਾਲ ਮੁਲਖ ਰੁਲ ਜਾਵੇ,
ਦੁਨੀਆਂ ਮਰੇ ਅੰਨ ਕੇ ਹਾਵੇ,
ਠਗ ਚੋਰ ਬਹੁ ਲੁਟ ਲੁਟ ਖਾਵੇ,
ਬਚੇ ਸੋ ਜੋ ਗੁਰ ਸਰਨੀ ਆਵੇ,
ਇਕ ਮਨ ਹੋਇ ਕੇ ਨਾਮ ਧਿਆਵੇ,
ਓਸ ਅਕਾਲ ਦਾ।"

# ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਸਾਹਿਤਕ ਮਹੱਤਵ

.....ਪਰੰਤੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਿਹਤਨਾਮੇ 'ਚੋਂ ਉਤਾਰੀਆਂ ਗਈਆਂ ਉਪਰੋਕਤ ਸਤਰਾਂ ਦੇ ਅਧਿਅਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਦੀਆਂ ਅਜਿਹੀਆਂ ਵਾਰਤਕ ਲਿਖਤਾਂ ਸਹਿਤਕ ਦੇ ਵਧੀਆ ਗੁਣਾਂ ਦੀਆਂ ਧਾਰਨੀ ਹਨ। 'ਅਨਾਟਮੀ ਆਫ਼ ਪਰੋਜ਼' ਦੇ ਲੇਖਕ ਪੱਛਮੀ ਵਿਦਵਾਨ ਬੌਲਟਨ ਦੇ ਮਤ ਅਨੁਸਾਰ ਵਾਰਤਕ ਰਚਨਾ ਦਾ ਸਰਬੋਤਮ ਗੁਣ ਸਪੱਸ਼ਟਤਾ ਹੈ। ਅਤੇ ਇਹ ਗੁਣ ਸਤਿਗੁਰਾਂ ਦੀਆਂ ਸਮਸਤ ਵਾਰਤਕ ਕਿਰਤਾਂ (ਰਹਿਤਨਾਮਿਆਂ, ਹੁਕਮਨਾਮਿਆਂ) ਦਾ ਕੇਂਦਰੀ ਗੁਣ ਕਿਹਾ ਜਾ ਸਕਦਾ ਹੈ। ਇਹ ਸਪੱਸ਼ਟਤਾ ਵਿਚਾਰ ਵਿਚ ਵੀ ਵਰਤਮਾਨ ਹੈ ਤੇ ਸ਼ਬਦ ਪ੍ਰਯੋਗ ਵਿੱਚ ਵੀ। ਇਨ੍ਹਾਂ ਹੁਕਮਨਾਮਿਆਂ ਵਿਚ, ਚਿੱਠੀਆਂ ਦੇ ਰੂਪ ਵਿਚ ਹੋਣ ਕਰ ਕੇ ਬੋਲਚਾਲ ਦੀ ਭਾਸ਼ਾ ਦਾ ਮੂਲ ਤੱਤ 'ਲਿਸ਼ਕ' (Radiance) ਇਨ੍ਹਾਂ ਵਿਚ ਮੌਜੂਦ ਹੈ। ਦਰਅਸਲ ਪੰਜਾਬੀ ਭਾਸ਼ਾ ਦੀ ਸ਼ਕਤੀ ਇਸ ਦੇ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਦੇ ਨੇੜੇ ਰਹਿਣ ਵਿਚ ਦੱਸੀ ਜਾਂਦੀ ਹੈ ਤੇ ਇਸ ਦ੍ਰਿਸ਼ਟੀ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਇਹ ਹੁਕਮਨਾਮੇ ਪੰਜਾਬੀ ਵਾਰਤਕ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਵਾਲੇ ਮੰਨੇ ਜਾਂਦੇ ਹਨ। ਸੰਖੇਪ ਵਿਚ ਇਨ੍ਹਾਂ ਵਿਚਲੀ ਵਾਰਤਕ ਦੇ ਪ੍ਰਮੁਖ ਸ਼ੈਲੀਗਤ ਗੁਣ ਇਸ ਪ੍ਰਕਾਰ ਹਨ:

੧) ਨਿੱਘ
੨) ਰਵਾਨੀ
੩) ਸਰਲਤਾ
੪) ਸਪੱਸ਼ਟਤਾ
੫) ਬੋਲਚਾਲ ਦਾ ਮੁਹਾਵਰਾ

ਚਿੱਠੀਆਂ ਦੇ ਰੂਪ ਵਿਚ ਲਿਖੇ ਹੋਣ ਅਤੇ ਬੋਲਚਾਲ ਵਿਚ ਜ਼ਿਆਦਾ ਆਤਮਗਤ (Subjective) ਹੋਣ ਸਦਕਾ ਹੁਕਮਨਾਮਿਆਂ ਵਿਚ ਕਿਤੇ ਕਿਤੇ ਕਈ ਵਾਕ ਅਧੂਰੇ ਵੀ ਰਹਿ ਗਏ ਹਨ। ਪਰ ਇਨ੍ਹਾਂ ਵਿਚਲੀ ਵਾਰਤਕ ਪੰਜਾਬੀ ਵਾਰਤਕ ਦੇ ਪੁਰਾਤਨਤਾ ਤੋਂ ਆਧੁਨਿਕਤਾ ਵਲ ਵਧਦੇ ਕਦਮਾਂ ਦੀ ਪਰਿਚਾਇਕ ਹੈ। ਪੁਰਾਣੀ ਵਾਰਤਕ ਦੀ ਉੱਘੀ ਵਿਸ਼ੇਸ਼ਤਾ ਸੰਸ਼ਲਿਸ਼ਟਤਾ (Syntheticality) ਇਸ ਵਿਚ ਬਹੁਤ ਘਟ ਗਈ ਹੈ ਅਤੇ ਆਧੁਨਿਕ ਵਾਰਤਕ ਦਾ ਪ੍ਰਮੁਖ ਗੁਣ-ਲੱਛਣ ਵਿਸ਼ਲਿਸ਼ਟਤਾ (Analiticality) ਕਾਫ਼ੀ ਹਦ ਤੀਕ ਪ੍ਰਵੇਸ਼ ਪਾ ਗਿਆ ਹੈ। ਬੇਸ਼ਕ 'ਅਰ' ਏਤਨੀ' ਆਦਿ ਸ਼ਬਦਾਂ ਤੋਂ ਪੁਰਾਤਨਾ ਦੀ ਝਲਕ ਵੀ ਮਿਲ ਜਾਂਦੀ ਹੈ।

ਇਸ ਤਰ੍ਹਾਂ ਇਸ ਸਮਸਤ ਵਿਵੇਚਨ ਤੋਂ ਸਪੱਸ਼ਟ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੇ ਰਹਿਤ-ਨਾਮਿਆਂ ਦਾ ਕੇਵਲ ਧਾਰਮਕ ਤੇ ਇਤਿਹਾਸਕ ਮਹੱਤਵ ਹੀ ਨਹੀਂ ਸਾਹਿਤਕ ਤੇ ਭਾਸ਼ਾਈ ਮਹੱਤਵ ਵੀ ਹੈ।

*—ਸੁਖਬੀਰ ਸਿੰਘ ਗੁਲਾਟੀ*
*ਵਰਿਆਮ ਫਰਵਰੀ ੧੯੯੯ ਚੋਂ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari




Sri Satguru Jagjit Singh Ji eLibrary NamdhariElibrary@gmail.com

# ਨਾਉ ਪ੍ਰਭਾਤੈ ਸਬਦਿ ਧਿਆਈਐ

—ਗੁਰਬਚਨ ਸਿੰਘ ਨਾਮਧਾਰੀ

ਇਕ ਵਾਰ ਰਾਜਾ ਜਨਕ ਨੇ, ਗੁਰੂ ਅਸ਼ਟਾਵਕ੍ਰ ਜੀ ਤੋਂ ਪੁਛਿਆ, "ਮਨ ਕਿਵੇਂ ਸ਼ਾਂਤ ਹੋ ਸਕਦਾ ਹੈ ? ਮਨੁੱਖ ਕਿਵੇਂ ਮੁਕਤ ਹੋ ਸਕਦਾ ਹੈ ?" ਜਵਾਬ ਵਿਚ ਅਸਟਾਵਕ੍ਰ ਜੀ ਨੇ ਕਿਹਾ,

"ਯਦਿ ਦੇਹ ਪ੍ਰਿਥਕ ਕ੍ਰਿਤਵਾ ਚਿਤ ਵਿਸ੍ਰਾਮੰ
ਤਿਸਠਤਿ ਅਧੁਨੈਵ ਸੁਖੀ, ਸ਼ਾਂਤਹ, ਜੀਵਨ ਮੁਕਤੋ ਭਵਿਸਯਸੀ
(ਅਸ਼ਟਾਵਕ੍ਰ ਗੀਤਾ)

ਹੇ ਰਾਜਾ! ਜੇ ਮਨੁੱਖ ਆਪਣੇ "ਜੀਅ" ਨੂੰ ਦੇਹ ਤੋਂ ਵੱਖਰਿਆਂ ਕਰ ਸਕੇ, ਤਾਂ ਹੁਣੇ ਇਸੇ ਵੇਲੇ, ਉਸਦਾ ਮਨ ਸ਼ਾਂਤ ਅਤੇ ਸੁਖੀ ਹੋ ਜਾਏ ਅਤੇ ਉਹ ਵਿਅਕਤੀ "ਜੀਵਨ-ਮੁਕਤ" ਹੋ ਜਾਏ।"

ਪ੍ਰਸ਼ਨ ਹੈ, "**ਜੀਅ ਨੂੰ ਦੇਹ ਤੋਂ ਵੱਖਰਿਆਂ ਕਿਵੇਂ ਕੀਤਾ ਜਾਏ ?**"

ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ, ਜੀਅ ਅਤੇ ਬ੍ਰਹਿਮ ਦੇ ਰਿਸ਼ਤਿਆਂ ਦੀਆਂ ਤਾਰਾਂ ਨੂੰ ਢੂੰਢਦਿਆਂ ਰਿਸ਼ੀ ਪਾਤੰਜਲੀ ਨੇ ਕਿਹਾ,

"ਯੋਗਸਚਿਤਵ੍ਰਿਤੀ ਨਿਰੋਧਹ,
ਤਦਾ ਦ੍ਰਸ਼ਟੂ ਸਵਰੂਪੇ ਅਵਸਥਾਨਮ"
(ਪਾਤੰਜਲੀ ਯੋਗ ਸੂਤਰ)

ਅਰਥਾਤ, ਚਿੱਤ ਦੀਆਂ ਤਰੰਗਾਂ ਨੂੰ ਰੋਕ ਲੈਣਾ, ਯੋਗ (ਪ੍ਰਭੂ ਮਿਲਨ) ਦਾ ਪਹਿਲਾ ਮੰਤਰ ਹੈ। ਮਨ ਤੋਂ ਨਿਰੰਤਰ ਉਠ ਰਹੀ ਤ੍ਰਿਸ਼ਨਾ ਕਾਰਣ ਸੁੱਕੇ ਰੇਗਿਸਤਾਨ ਵਿਚ ਜਲ ਦੀ ਝੂਠੀ ਪ੍ਰਤੀਤੀ ਵਾਂਗ ਮਨੁੱਖ, ਦੇਹ ਨੂੰ ਹੀ ਜੀਅ ਸਮਝ ਕੇ ਸੁਖ-ਦੁਖ, ਮਾਨ-ਅਪਮਾਨ ਅਤੇ ਜੀਵਨ-ਮਰਨ ਦੀ ਅਨੁਭੂਤੀ ਨਾਲ ਸੁਖੀ-ਦੁਖੀ ਹੁੰਦਾ ਰਹਿੰਦਾ ਹੈ। ਸੁੱਖ ਦੀ ਚਾਹਤ ਵਿਚ ਸਾਰੀ ਜ਼ਿੰਦਗੀ ਦੌੜਦਾ ਰਹਿੰਦਾ ਹੈ। ਦੁੱਖ ਪਾਉਂਦਾ ਰਹਿੰਦਾ ਹੈ। ਮਨ ਦਾ ਗਣਿਤ ਬੜਾ ਜਟਿਲ ਹੈ, ਸਹੀ ਰਾਹ ਤੇ ਤੁਰਨ ਨਹੀਂ ਦਿੰਦਾ। ਜੇ ਕਦੀ ਮੰਦਰ, ਗੁਰਦੁਆਰੇ ਜਾਏ ਤਾਂ ਭੀ ਮਨ ਬੜੀ ਚਲਾਕੀ ਨਾਲ ਭਗਤੀ ਨਾਲ ਸੰਸਾਰਕ ਕਾਮਨਾ ਜੋੜਕੇ ਕਰਮਕਾਂਡ ਵਿਚ ਤਬਦੀਲ ਕਰ ਦਿੰਦਾ ਹੈ। ਇਹੋ ਕਾਰਣ ਹੈ, ਇਨਸਾਨ ਸਾਰੀ ਜ਼ਿੰਦਗੀ ਪਾਠ ਕਰਕੇ, ਮਾਲਾ ਫੇਰਕੇ, ਗੁਰਦੁਆਰੇ ਜਾ ਕੇ ਭੀ, ਜ਼ਿੰਦਗੀ ਦੇ ਚਾਲੀ-ਪੰਜਾਹ ਸਾਲ ਗੰਵਾ ਕੇ ਭੀ ਅੰਦਰੋਂ ਖਾਲੀ ਦਾ ਖਾਲੀ ਮਹਿਸੂਸ ਕਰਦਾ ਹੈ। ਸਾਰੀ ਯਾਤਰਾ ਕਾਮਨਾ ਦੀ ਹੁੰਦੀ ਰਹੀ, ਰਾਤ ਭਰ ਚੱਪੂ ਚਲੌਂਦੇ ਰਹੇ, ਕਿਨਾਰੇ ਲੰਗਰ (ਖੁੰਟੀ) ਨਾਲ ਬੱਧੀ ਬੇੜੀ ਉਥੇ ਹੀ ਰਹੀ।

ਜੀਵਾਤਮਾ ਨੂੰ ਇਸੇ ਜੜ੍ਹ-ਮਾਨਸਿਕਤਾ ਤੋਂ ਨਿਜਾਤ ਦਿਲੌਣ ਲਈ ਗੁਰੂ ਨਾਨਕ ਸੂਤਰ ਦਿੰਦੇ ਹਨ, "ਪ੍ਰਭਾਤੇ ਸਬਦ ਧਿਆਈਐ।"

ਪ੍ਰਭਾਤ ਅਰਥਾਤ ਪਰਮ ਸ਼ਾਂਤੀ। ਸਾਰੀਆਂ ਮੰਗਾਂ ਮੁੱਕ ਜਾਣ, ਸਾਰੀਆਂ ਵਾਸ਼ਨਾਵਾਂ ਸ਼ਾਂਤ ਹੋ ਜਾਣ, ਕਾਮਨਾ ਦੀਆਂ ਸਾਰੀਆਂ ਦੀਵਾਰਾਂ ਡਿੱਗ ਜਾਣ, ਸਾਰਾ ਸੰਸਾਰ ਇਥੋਂ ਤੱਕ ਕਿ ਆਪਣੀ ਦੇਹ ਭੀ ਬੇਗਾਨੀ ਹੋ ਜਾਏ ਤਾਂ ਜੋ ਬਚੇਗਾ ਉਹ ਨਿਰੋਲ ਸੱਤ ਸਰੂਪ ਪ੍ਰਮਾਤਮਾ ਦਾ ਹੀ ਸੂਖਮ ਅੰਸ਼ ਹੋਏਗਾ; ਸ਼ੁੱਧ ਬ੍ਰਹਮਾਂਸ....ਪਰਮ ਜੋਤ...।

ਰਾਤ ਦੇ ਬਾਦ ਦਿਨ ਔਰ ਦਿਨ ਦੇ ਬਾਦ ਰਾਤ। ਇਨਾਂ ਦੋਹਾਂ ਦੇ ਵਿਚ ਅਨੰਤ ਕਾਲ ਚੱਕਰ ਚਲ ਰਿਹਾ ਹੈ। ਪਰ ਰਾਤ ਔਰ ਦਿਨ ਦੇ ਵਿਚ, ਛੋਟਾ ਜਿਹਾ ਸਮਾਂ ਐਸਾ ਹੁੰਦਾ ਹੈ, ਜਦੋਂ ਨਾ ਰਾਤ ਹੁੰਦੀ ਹੈ ਨਾ ਦਿਨ। ਰਾਤ੍ਰੀ ਜਾਣ ਵਾਲੀ ਹੈ, ਦਿਨ ਅਜੇ ਚੜ੍ਹਿਆ ਨਹੀਂ, ਵਿਚ ਵਿਚਾਲੇ ਜਿਹਾ ਸੁਰਮਈ ਹਨੇਰੇ ਦਾ ਸਮਾਂ, ਭੋਰ ਦਾ ਝੁਟ ਪੁਟਾ। ਗੁਰੂ ਨਾਨਕ ਇਸੇ ਮੁਕਤ ਸਮੇਂ ਨੂੰ ਪ੍ਰਭਾਤ ਕਹਿੰਦੇ ਹਨ। ਭਗਤੀ ਸ਼ਾਸਤ੍ਰ ਵਿਚ ਇਸ ਸਮੇਂ ਦੀ ਬਹੁਤ ਮਹੱਤਤਾ ਦੱਸੀ ਗਈ ਹੈ। ਜਿਵੇਂ ਪ੍ਰਿਥਵੀ ਅਤੇ ਚੰਦ੍ਰਮਾ ਦੇ ਵਿਚਾਲੇ ਦੁਹਾਂ ਦੀ ਆਕਰਸ਼ਕ ਸ਼ਕਤੀ ਤੋਂ ਮੁਕਤ ਜ਼ੋਨ, ਜਿਥੇ ਪੁੱਜਿਆਂ ਮਨੁੱਖ, ਹਵਾ ਦੀ ਭਾਰ ਹੀਣਤਾ ਅਤੇ ਕਿਸੇ ਗ੍ਰਹਿ ਜਾਂ ਉਪਗ੍ਰਹਿ ਦੀ ਆਕਰਸ਼ਣ ਸ਼ਕਤੀ ਦੀ ਹੀਣਤਾ ਕਾਰਨ ਹਵਾ ਵਿਚ, ਆਪਣੀ ਰਜ਼ਾ ਅਨੁਸਾਰ ਪੰਖੀਆਂ ਪਰਿੰਦਿਆਂ ਵਾਂਗ ਉੱਡ ਸਕਦਾ ਹੈ, ਹਵਾ ਵਿਚ ਤਾਰੀ ਲਾ ਸਕਦਾ ਹੈ। ਇਹੋ ਅਵਸਥਾ 'ਪ੍ਰਭਾਤ' ਹੈ, ਨਾ ਰਾਤ ਦਾ ਹਨੇਰਾ, ਨਾ ਦਿਨ ਦੀ ਚਕਾਚੌਂਧ। ਮਨ ਨੂੰ ਇਸੇ ਅਵਸਥਾ ਤੇ ਲਿਜਾਣ ਨੂੰ ਭਗਵਾਨ ਕ੍ਰਿਸ਼ਨ "ਨਿਸ਼ਕਾਮਤਾ" ਕਹਿੰਦੇ ਹਨ। ਪਰਮ ਆਨੰਦ ਦਾ ਖੇਤਰ ਜਿਥੇ ਪੁੱਜ ਕੇ ਕਬੀਰ ਕਹਿੰਦੇ ਹਨ—

ਬਿਨ ਹੀ ਤਾਲਾਂ ਤਾਲ ਬਜਾਵੈ, ਬਿਨ ਮੰਦਲ ਸ਼ਟਤਾਲਾ
ਬਿਨ ਹੀ ਸਬਦ ਅਨਾਹਦ ਬਾਜੈ, ਤਹਿ ਨਿਰਤਤ ਗੋਪਾਲਾ।

ਇਸੇ ਅਵਸਥਾ ਦੀ ਸੂਚਨਾ ਮੌਲਾਨਾ ਰੂਮ ਦਿੰਦੇ ਹਨ,

"ਬੇ ਪਰੋ ਬੇਪਾ ਸਫਰ ਮੇ ਕਰਦੂਮ।
ਬੇ ਲਬੋ ਬੇ ਦਦਾਂ ਸ਼ੱਕਰ ਮੇ ਖੁਰਦੂਮ।
ਚਸ਼ਮ ਬਿਨਾ ਆਲਮ ਮੇਂ ਦੀਦਮ॥"

ਅਰਥਾਤ—ਮੇਰੇ ਪੈਰ ਨਹੀਂ ਪੰਖ ਨਹੀਂ ਪਰ ਮੈਂ ਉੱਡ ਰਿਹਾ ਹਾਂ। ਮੇਰੇ ਦੰਦ ਮੂੰਹ ਨਹੀਂ, ਪਰ ਸ਼ੱਕਰ ਦੀ ਮਿਠਾਸ ਦਾ ਆਨੰਦ



Sri Satguru Jagjit Singh Ji eLibrary NamdhariElibrary@gmail.com

ਲੈ ਰਿਹਾਂ ਅੱਖਾਂ ਨਹੀਂ ਪਰ ਸ਼ਾਂਤੀ ਦਾ ਸਾਰਾ ਆਲਮ ਵੇਖ ਰਿਹਾਂ।

ਕਿਸੇ ਪੂਰਨ ਗੁਰੂ ਜਾਂ ਸੰਤ ਦੇ ਅੰਤਸ਼ ਵਿਚ ਜੇ ਝਾਤ ਮਾਰ ਸਕੀਏ, ਤਾਂ ਗਹਿਰਾ ਮੋਨ.....ਪਰਮ ਸ਼ਾਂਤੀ....ਸਦੀਵੀ ਪ੍ਰਭਾਤ ਦਾ ਨਜ਼ਾਰਾ ਦਿੱਸੇਗਾ। ਕਿਸੇ ਗਹਿਰੀ ਝੀਲ ਦੀ ਸਤਹਿ ਵਾਂਗ। ਹਵਾ ਦੇ ਝੋਕੇ ਵਾਂਗ ਸੁੱਖ-ਦੁੱਖ ਦਾ ਝੋਕਾ ਆਇਆ-ਸਤਹਿ ਨੂੰ ਛੂਹ ਕੇ ਨਿਕਲ ਗਿਆ-ਫਿਰ ਉਹੀ ਸ਼ਾਂਤੀ...ਫਿਰ ਉਹੀ ਮੋਨ...ਫਿਰ ਉਹੀ ਸਦੀਵੀ ਪ੍ਰਭਾਤ।

ਫਕੀਰ ਮਨਸੂਰ ਨੂੰ, ਬਾਦਸ਼ਾਹ ਦੇ ਹੁਕਮ ਅਨੁਸਾਰ ਗੁਦਾ ਦਵਾਰ ਵਿਚ ਸੂਲੀ ਪਾ ਕੇ ਚੌਰਾਹੇ ਤੇ ਟੰਗ ਦਿੱਤਾ ਗਿਆ। ਨੋਕਦਾਰ ਸੂਲੀ ਅੰਦਰੋਂ ਆਂਤਾਂ ਨੂੰ ਚੀਰਦੀ ਉੱਪਰ ਛਾਤੀ ਵੱਲ ਨੂੰ ਜਾ ਰਹੀ ਸੀ। ਪਰ ਫਕੀਰ ਮਨਸੂਰ ਦੀ ਜੀਵਾਤਮਾ 'ਪ੍ਰਭਾਤ' ਵਿਚ ਪੁੱਜੀ ਹੋਈ ਸੀ।

ਜਿਥੇ ਹਰਖ ਨਹੀਂ, ਸ਼ੋਕ ਨਹੀਂ, ਜੀਵਨ ਨਹੀਂ ਮਰਨ ਨਹੀਂ-ਬਸ ਭੋਰ ਦੇ ਝੁਟਪੁਟੇ ਜਿਹਾ....ਪੁਰਵਾਂਚਲ ਵਿਚ, ਅਰੁਣੋਦਏ ਤੋਂ ਪਹਿਲਾਂ ਚੰਪਈ ਜਿਹੇ ਧੁੰਦਲੇ ਉਜਾਲੇ ਦਾ ਖੇਤਰ ਜਿਹਾ..। ਇਕ ਸੇਵਕ ਨੇ ਪੁਛਿਆ, "ਵਲੀ ਜੀ! ਬਹੁਤ ਤਕਲੀਫ ਹੋ ਰਹੀ ਹੈ ਨਾ! ਜਵਾਬ ਵਿਚ ਮਨਸੂਰ ਮੁਸਕਰਾਇਆ ਤੇ ਕਿਹਾ, "ਏਕ ਛਿਲਕੇ ਵਾਲਾ ਨਾਰੀਅਲ ਲਾਓ।" ਨਾਰੀਅਲ ਆ ਗਿਆ ਤਾਂ ਮਨਸੂਰ ਨੇ ਕਿਹਾ, ਇਸਦੀ ਉਪਰਲੀ ਪਰਤ ਅਤੇ ਅੰਦਰਲੀ ਗਰੀ ਜੁੜੀ ਹੈ। ਇਸ ਹਾਲਤ ਵਿਚ ਜੇ ਸੱਟ ਮਾਰੀਏ ਤਾਂ ਅੰਦਰਲੀ ਗਰੀ ਭੀ ਟੁੱਟੇਗੀ। ਪਰ ਇਸਦੇ ਉੱਪਰ ਹਿਕਮਤ ਨਾਲ, ਹਲਕੀ-ਹਲਕੀ ਸੱਟ ਮਾਰ ਕੇ ਛਿਲਕੇ ਤੋਂ ਗੁੱਟ ਨੂੰ ਵਖਰਿਆ ਕਰ ਲਈਐ ਤਾਂ ਉਪਰਲੇ ਆਵਰਨ ਨੂੰ ਤੋੜ ਕੇ ਭੀ ਗੁੱਟ ਨੂੰ ਸਾਬਤ ਕੱਢਿਆ ਜਾ ਸਕਦਾ ਹੈ। ਭਗਤੀ ਦਾ ਇਹੋ ਕੰਮ ਹੈ। ਮੈਂ ਭੀ ਆਪਣੇ ਮੁਰਸ਼ਦ ਤੋਂ ਇਹੋ ਵਿਧੀ ਸਿੱਖੀ ਹੈ ਅਤੇ ਆਪਣੇ ਤੇ ਵਰਤੀ ਹੈ। ਗਿਆਨ ਦੀ ਹਿਕਮਤ ਨਾਲ ਵੱਜੀ ਸੱਟ ਨੇ ਮੇਰੀ ਆਤਮਾ ਨੂੰ ਦੇਹ ਤੋਂ ਅਲਗ ਕਰ ਦਿੱਤਾ ਹੈ। ਹੁਣ ਭਾਵੇਂ ਇਸ ਸਰੀਰ ਨੂੰ ਜਿਨ੍ਹਾਂ ਭੀ ਦੁੱਖ ਦਿੱਤਾ ਜਾਏ-ਰੂਹ ਸ਼ਾਂਤ ਰਹੇਗੀ...ਅਡੋਲ....ਅਵਿਨਾਸ਼ੀ।

ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਨੂੰ ੫੨ ਵਰ੍ਹੇ ਦੀ ਉਮਰ ਵਿਚ ਗਲੇ ਦਾ ਕੈਂਸਰ ਹੋ ਗਿਆ। ਰੋਜ ਸ਼ਿਸ਼ਯ-ਸੇਵਕ ਜੁੜਦੇ, ਉਪਦੇਸ਼ ਪ੍ਰਵਚਨ ਚਲਦੇ ਰਹਿੰਦੇ। ਅਚਾਨਕ ਦਰਦ ਉਠਦੀ, ਸਵਾਮੀ ਜੀ ਦੇ ਮੂੰਹੋਂ ਆਹ ਦੀ ਆਵਾਜ਼ ਆਉਂਦੀ-ਦੂਸਰੇ ਹੀ ਪਲ ਫਿਰ ਪ੍ਰਵਚਨ ਪ੍ਰਵਾਹ ਤੁਰ ਪੈਂਦਾ। ਸੇਵਕ ਕਹਿੰਦੇ ਸੁਆਮੀ ਜੀ, ਆਪਦਾ ਪ੍ਰਤੀਦਿਨ ਪ੍ਰਮਾਤਮਾ ਸੇ ਸਾਖਿਆਤਕਾਰ ਹੋਤਾ ਹੈ, ਕਿਉਂ ਨਹੀਂ ਕਸ਼ਟ ਨਿਵ੍ਰਿਤੀ ਕੀ ਨਿਵੇਦਨ ਕਰਤੇ। ਸੁਆਮੀ ਜੀ ਹੱਸ ਕੇ ਟਾਲ ਦਿੰਦੇ, "ਅੱਛਾ, ਆਜ ਯਾਦ ਰਖੂੰਗਾ।" ਪ੍ਰਭੂ ਪ੍ਰਾਰਥਨਾ ਵਿਚ ਦੇਹ ਜਾਂ ਦੇਹ ਨਾਲ ਜੁੜੇ ਸੰਸਾਰਕ ਮੰਗ ਦਾ ਕੋਈ ਸਥਾਨ ਨਹੀਂ। ਸਮਾਂ ਚਲਦਾ ਰਿਹਾ, ਰੋਗ ਵੱਧਦਾ ਰਿਹਾ। ਸੇਵਕ ਨਰੇਂਦ੍ਰ (ਵਿਵੇਕਾਨੰਦ) ਤੋਂ ਇਕ ਦਿਨ ਆਪਣੇ ਗੁਰੂ ਦਾ ਦੁੱਖ ਝਲਿਆ ਨਾ ਗਿਆ। ਤਕਲੀਫ ਕਾਫੀ ਵੱਧ ਗਈ ਸੀ-ਪਾਨੀ ਭੀ ਗਲਿਓਂ ਉਤਰ ਨਹੀਂ ਸੀ ਰਿਹਾ। ਅੱਖਾਂ ਵਿਚ ਭਰੇ ਹੰਝੂਆਂ ਨਾਲ ਨਰੇਂਦਰ ਭੋਰੇ ਵਿਚ ਸਥਿਤ "ਮਾਂ ਕਾਲੀ" ਦੀ ਪ੍ਰਤਿਮਾ ਕੋਲ ਗਿਆ ਅਤੇ ਪ੍ਰਾਰਥਨਾ ਕਰਨ ਲੱਗਾ-ਮਾਂ ਮੇਰੇ ਗੁਰੂ ਤੋਂ ਤੇਰੇ ਅਨੰਨ ਭਗਤ ਹੈਂ, ਫਿਰ ਉਨਹੇਂ ਇਤਨਾ ਕਸ਼ਟ ਕਿਉਂ ? ਕ੍ਰਿਪਾ ਕਰੋ ਮਾਂ, ਮੇਰੇ ਗੁਰੂ ਕੋ ਨਿਰੋਗ ਕਰੋ। ਪਿਛੋਂ ਕਿਸੇ ਨੇ ਸਿਰ ਤੇ ਹੱਥ ਰਖਿਆ। ਮੁੜ ਕੇ ਵੇਖਿਆ ਸਵਾਮੀ ਰਾਮ ਕ੍ਰਿਸ਼ਨ ਖੜੇ ਸਨ। "ਵਤਸ! ਸਰੀਰ ਕੇ ਕਸ਼ਟ ਸੇ ਸੰਤ ਕਭੀ ਦੁਖੀ ਨਹੀਂ ਹੋਤਾ। ਸੰਤ ਤੋਂ ਤਬ ਰੋਤਾ ਹੈਂ, ਜਬ ਉਸਕੀ ਆਤਮਾ ਦੁਖੀ ਹੋ। ਆਜ ਮੇਰੀ ਦੇਹ ਕੇ ਲੀਏ ਪ੍ਰਾਰਥਨਾ ਕਰ ਤੁਮਨੇ ਮੇਰੀ ਆਤਮਾ ਕੋ ਦੁਖੀ ਕਰਨੇ ਕਾ ਪ੍ਰਯਾਸ ਕੀਆ ਹੈ। ਮੇਰੇ ਲੀਏ ਮਾਂ ਸੇ ਅਰੋਗਤਾ ਮਾਂਗ ਕਰ ਪ੍ਰਭੂ ਰਜਾ ਮੇਂ ਬਾਧਾ ਨ ਬਣ। ਪ੍ਰਮੇਸ਼ਰ ਕੀ ਰਜਾ ਮੇ ਰਾਜੀ ਰਹਿਣਾ, ਭਗਤ ਕੀ ਪਹਿਲੀ ਸਾਧਨਾ ਹੋਤੀ ਹੈ। ਵਤਸ! ਮੇਰੇ ਸਮਸਤ ਜੀਵਨ ਕੀ ਤਪੱਸਿਆ ਭੰਗ ਨਾ ਕਰ, ਮੇਰੀ ਸਾਧਨਾ ਮੇਰੀ ਸ਼ੀਖਿਸ਼ਾ ਵਿਅਰਥ ਨ ਕਰ।"

ਹਰਨਾਖਸ਼ ਵੱਦ ਤੋਂ ਬਾਦ ਨਰਸਿੰਘ ਅਵਤਾਰ ਵਿਚ ਪ੍ਰਮੇਸ਼ਰ ਨੇ ਪ੍ਰਹਿਲਾਦ ਨੂੰ ਕਿਹਾ, "ਪੁਤ੍ਰ! ਵਰ ਮਾਂਗ। ਬਾਲਕ ਪ੍ਰਹਿਲਾਦ ਨੇ ਕਿਹਾ, ਹੇ ਪਰਮ ਪ੍ਰਭੂ! ਕਿਆ ਮਾਂਗੂੰ? ਮੇਰੇ ਪਿਤਾ ਨੇ ਕਠਿਨ ਤਪੱਸਿਆ ਕੀ, ਆਪਕੋ ਪ੍ਰਗਟ ਭੀ ਕਰ ਲਿਆ ਪਰ ਯਹੀ ਏਕ ਭੂਲ ਕਰ ਲੀ, ਮਾਂਗ ਲਿਆ। ਸਭ ਕੁਝ ਤੋ ਮਾਂਗ ਲਿਆ; ਧਨ ਸੰਪੱਤੀ, ਹਾਥੀ ਘੋੜੇ ਵਿਪੁਲ ਸੈਨਯ ਬਲ! ਮੌਤ ਦੇ ਸਾਰੇ ਦੁਆਰ ਬੰਦ ਕਰ ਦੀਏ, ਨਾ ਦਿਨ ਮੇ ਮਰੂੰ ਨ ਰਾਤ ਮੇਂ, ਨ ਜਮੀਨ ਪਰ ਨ ਆਕਾਸ਼ ਮੇ, ਨਾ ਮਨੁੱਖ ਸੇ ਨਾ ਦੇਵ ਸੇ ਨਾ ਦਾਨਵ ਸੇ ਪਰਾਜਿਤ ਹੋਊ। ਸਭ ਮਾਂਗ ਲਿਆ ਥਾ ਪਰ ਕਿਆ ਅੰਜਾਮ ਹੂਆ, ਕੈਸਾ ਪਰਿਵਾਸ ਨਿਕਲਾ। ਹੇ ਪ੍ਰਭੂ! ਮੁਝੇ ਯਦਿ ਕੁਝ ਦੇਣਾ ਹੈ ਤੋਂ ਬਸ ਆਪਣੀ ਨਿਸ਼ਕਾਮ ਭਗਤੀ ਦੇ ਦੇ, ਅਹੈਤੁਕੀ ਭਗਤੀ।" ਭਗਤ ਪ੍ਰਹਿਲਾਦ ਉਸੇ ਅਵਸਥਾ ਵਿਚ ਪੁੱਜ ਗਿਆ ਸੀ, ਜਿਸਨੂੰ ਪੰਜਵੇਂ ਪਾਤਸ਼ਾਹ "ਬ੍ਰਹਿਮ ਗਿਆਨ ਕਹਿੰਦੇ ਹਨ"

**ਤੈਸਾ ਹਰਖੁ ਤੈਸਾ ਉਸੁ ਸੋਗੁ॥**
**ਸਦਾ ਅਨੰਦੁ ਤਹ ਨਹੀ ਬਿਓਗੁ॥**

(ਸੁਖਮਨੀ ਸਾਹਿਬ)

ਇਸੇ ਅਵਸਥਾ ਨੂੰ ਗੁਰੂ ਨਾਨਕ "ਪ੍ਰਭਾਤ" ਕਹਿੰਦੇ ਹਨ। ਮਨੁੱਖੀ ਜੀਵਨ, ਸੁਖ ਅਤੇ ਦੁਖ, ਦੋ ਕੰਢਿਆਂ ਦੇ ਵਿਚ



Sri Satguru Jagjit Singh Ji eLibrary NamdhariElibrary@gmail.com

ਸਤਤ ਪ੍ਰਵਾਹਸ਼ੀਲ ਨਦੀ ਵਾਂਗ ਹੈ। ਦੋਨੋਂ ਕਿਨਾਰੇ ਸਪੱਰਸ਼ ਕਰ ਰਹੇ ਹਨ ਪਰ ਅਲਮਸਤ ਨਦੀ ਪ੍ਰਵਾਹ ਚਲਦਾ ਰਹਿੰਦਾ ਹੈ...ਬੇਪਰਵਾਹ...ਨਿਰੰਤਰ ਗਤੀਸ਼ੀਲ। ਭਗਵਾਨ ਰਾਮ ਦੇ ਬਨਵਾਸ ਚਲੇ ਜਾਣ ਤੋਂ ਬਾਦ ਰਾਜਾ ਦਸ਼ਰਥ ਨੂੰ ਬਿਆਕੁਲ ਵੇਖ ਸੁਮੰਤ੍ਰ (ਵਜੀਰ) ਜੀ ਕਹਿੰਦੇ ਹਨ ਸੁਖ ਹਰਸਹਿੰ, ਦੁਖ ਜੜ ਬਿਲਗਾਹੀ। ਦੋਊ ਸਮ ਧੀਰ ਧਰਹਿ ਜਗਮਾਹੀ॥"

(ਤੁਲਸੀ ਕ੍ਰਿਤ-ਰਾਮਾਇਣ)

ਅਰਥਾਤ ਹੇ ਅਵਧੇਸ਼! ਸੁਖ ਵਿਚ ਵਿਗਾਸ ਅਤੇ ਦੁਖ ਵਿਚ ਵਿਲਾਪ, ਜੜਮਤੀ ਕਰਦੇ ਹਨ। ਤੁਹਾਡੇ ਜਿਹੇ ਧੀਰ ਪੁਰਸ਼ ਤਾਂ ਦੋਹਾਂ ਸਮਿਆਂ ਸਮਾਨ ਰਹਿੰਦੇ ਹਨ।

ਸ੍ਰੀ ਗੁਰੂ ਰਾਮ ਦਾਸ ਜੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਕਰਵਾ ਰਹੇ ਹਨ। ਦਿਨੇ ਕਾਰ ਸੇਵਾ ਹੁੰਦੀ ਅਤੇ ਸ਼ਾਮ ਨੂੰ ਪਾਤਸ਼ਾਹ ਪਵਿੱਤਰ ਉਪਦੇਸ਼ਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ। ਇਕ ਦਿਨ, ਉਪਦੇਸ਼ਾਂ ਰਾਹੀਂ ਗੁਰਮੁਖ ਅਤੇ ਮਨਮੁਖ ਦੇ ਲੱਛਣ ਦਸਦਿਆਂ ਵਚਨ ਕੀਤਾ, ਜੋ ਸਤਿਗੁਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਉਹ ਗੁਰਮੁਖ ਹੈ। ਇਕ ਸਿੱਖ ਨੇ ਜਗਿਆਸਾ ਪ੍ਰਗਟ ਕੀਤੀ, "ਪਾਤਸ਼ਾਹ ਐਸਾ ਭੀ ਕੋਈ ਸਿੱਖ ਹੈ ? ਸਤਿਗੁਰਾਂ ਨੇ ਗੁਜਰਾਤ ਅਜਕੱਲ (ਪਾਕਿਸਤਾਨ) ਦੇ ਭਾਈ ਭਿਖਾਰੀ ਦਾ ਪਤਾ ਦੇ ਕੇ ਤੋਰ ਦਿੱਤਾ। ਪੁੱਤਰ ਦੇ ਵਿਆਹ ਦੀ ਗਹਿਮਾ ਗਹਿਮੀ ਦੇ ਵਿਚ, ਲਾਸ਼ ਦੀ ਅੰਤਮਯਾਤਰਾ ਲਈ ਵਰਤੇ ਜਾਣ ਵਾਲੇ ਬਾਂਸ ਦਾ ਬਿਮਾਨ ਬਣਾ ਰਹੇ ਭਾਈ ਭਿਖਾਰੀ ਨੂੰ ਵੇਖ ਕੇ ਸਿੱਖ ਅਚਰਜ ਨਾਲ ਭਰ ਗਿਆ। ਵਿਆਹ ਦੇ ਦੂਸਰੇ ਦਿਨ ਪੁੱਤਰ ਦੀ ਮੌਤ ਤੋਂ ਬਾਦ ਤ੍ਰਿਕਾਲ ਦਰਸ਼ੀ ਭਾਈ ਭਿਖਾਰੀ ਤੋਂ ਸਿੱਖ ਨੇ ਪੁੱਛਿਆ, "ਜੇ ਤੁਹਾਨੂੰ ਪਹਿਲਾਂ ਤੋਂ ਪਤਾ ਸੀ, ਪੁੱਤਰ ਨੇ ਚੜ੍ਹਾਈ ਕਰ ਜਾਣੈ ਤਾਂ ਵਿਆਹ ਕਿਓਂ ਕੀਤਾ। ਗੁਰਮੁਖ ਭਾਈ ਭਿਖਾਰੀ ਨੇ ਕਿਹਾ ਕਿਸੇ ਪ੍ਰਾਣੀ ਦਾ ਸੁਮੇਲ, ਪਿਛਲੇ ਕਰਮਾਂ ਦੀ ਪ੍ਰਾਲਬਧ ਹੈ ਅਤੇ ਪੁੱਤਰ ਦੀ ਮੌਤ ਸਤਿਗੁਰ ਦਾ ਭਾਣਾ ਹੈ। ਵਿਆਹ ਦੇ ਸੁਖ ਅਤੇ ਮੌਤ ਦੇ ਦੁਖ, ਦੋਨਾਂ ਵਿਚ ਸਮਾਨ ਰਹਿਣਾ, ਗੁਰਸਿੱਖੀ ਦਾ ਆਦਰਸ਼ ਹੈ।"

ਕਾਮਨਾ ਅਧੀਨ ਕੀਤੇ ਹੋਇ ਕਰਮਾਂ ਕਰਕੇ ਅਨੰਤ ਕਾਲ ਤੋਂ ਜਮਦੀ ਮਰਦੀ, ਸੁਖ-ਦੁਖ ਵਿਚ ਹੱਸਦੀ ਰੋਂਦੀ ਜੀਵਾਤਮਾ ਦੇ ਮਾਰਗ ਵਿਚ ਕ੍ਰਾਂਤੀ ਸੂਚਕ ਹੈ, "ਪ੍ਰਭਾਤ" ਹਰਖ ਵਿਚ ਹੰਕਾਰ ਨਹੀਂ ਸ਼ੋਕ ਵਿਚ ਸੰਤਾਪ ਨਹੀਂ। ਸੁਖ-ਦੁਖ ਦੁਹਾਂ ਤੋਂ ਨਿਰਲੇਪ...ਨਿਰਵਿਕਾਰ। ਰਾਤ ਦੇ ਅੰਤਮ ਪਹਿਰ ਜਿਹਾ ਸ਼ਾਂਤ ਜੀਵਨ, ਜਿਵੇਂ ਧਰਤੀ ਅਤੇ ਚੰਦ੍ਰਮਾ ਦੇ ਵਿਚਾਲੇ ਤਾਰੀ ਯੋਗ ਆਕਾਸ਼ ਗੰਗਾ।

## ਵਿਸ਼ਵ ਨਾਮਧਾਰੀ ਸੰਗਤ ਦੀ ਇਕੱਤ੍ਰਤਾ

ਸ੍ਰੀ ਭੈਣੀ ਸਾਹਿਬ ਵਿੱਚ ਮਿਤੀ ੧੩ ਜੁਲਾਈ ੨੦੦੩ ਨੂੰ ਨਾਮਧਾਰੀ ਸੰਗਤ ਦੀ ਇਤ ਇਕੱਤ੍ਰਤਾ ਦੋ ਪੜਾਵਾਂ ਵਿਚ ਹੋਈ। ਇਸ ਇਕੱਤ੍ਰਤਾ ਦੀ ਪ੍ਰਧਾਨਗੀ, ਠਾਕਰ ਉਦੇ ਸਿੰਘ, ਸੰਤ ਜਗਤਾਰ ਸਿੰਘ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਕੀਤੀ ਅਤੇ ਮੰਚ ਸੰਚਾਲਣ ਸ. ਅਜੀਤ ਸਿੰਘ ਲਾਇਲ ਨੇ ਕੀਤਾ।

ਸ਼ੁਰੂ ਵਿੱਚ ਸ. ਜਗਮੋਹਣ ਸਿੰਘ (ਸਪੁੱਤਰ ਪੰਡਿਤ ਗੋਪਾਲ ਸਿੰਘ ਜੀ) ਨੇ ਇਕ ਪਰਚਾ ਪੜ੍ਹਿਆ ਜਿਸ ਵਿੱਚ ਅੱਜ ਦੇ ਸਮੇਂ ਵਿੱਚ ਪਰਚਾਰ ਦੀ ਲੋੜ ਬਾਰੇ ਦਸਿਆ ਗਿਆ। ਇਸ ਬਾਰੇ ਪਰਚੇ ਵਿੱਚ ਸੁਝਾਅ ਵੀ ਦਿਤੇ ਗਏ ਅਤੇ ਮੰਗੇ ਵੀ ਗਏ। ਮੁੱਖ ਭਾਸ਼ਣ ਸੰਤ ਹਰਪਾਲ ਸਿੰਘ ਸੇਵਕ ਹੋਰਾਂ ਦਿਤਾ। ਉਹਨਾਂ ਵਿਸਥਾਰ ਨਾਲ ਅਜ ਦੀ ਇਕੱਤ੍ਰਤਾ ਬਾਰੇ ਚਾਨਣਾ ਪਾਇਆ। ਵੱਖ-ਵੱਖ ਬੁਲਾਰਿਆਂ, ਸ. ਗੁਰੂਬਚਨ ਸਿੰਘ ਚੰਡੀਗੜ੍ਹ, ਸ. ਸਵਰਨ ਸਿੰਘ ਵਿਰਕ ਕਰੀਵਾਲਾ, ਸ੍ਰ. ਰਘਬੀਰ ਸਿੰਘ ਕੂਕਾ ਸਿਰਸਾ, ਸ. ਸਾਧੂ ਸਿੰਘ ਕਿਸਾਨ, ਜਸਬੀਰ ਸਿੰਘ ਦਿਲੀ, ਸੂਬਾ ਮਹਿੰਦਰ ਕੌਰ ਹੁਸ਼ਿਆਰਪੁਰ, ਸ. ਜਸਪਾਲ ਸਿੰਘ ਲੁਧਿਆਣਾ, ਪ੍ਰੋ. ਤਾਰਾ ਸਿੰਘ ਅਨਜਾਣ, ਡਾ. ਅਵਤਾਰ ਸਿੰਘ ਲੁਧਿਆਣਾ, ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ, ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸੰਤ ਅਜੀਤ ਸਿੰਘ ਲੁਧਿਆਣਾ, ਸ. ਹ. ਸ. ਹੰਸਪਾਲ, ਅਤੇ ਠਾਕਰ ਉਦੇ ਸਿੰਘ ਜੀ ਅਤੇ ਹੋਰਾਂ ਨੇ ਵਿਚਾਰ ਰੱਖੇ। ਅੰਤ ਉਤੇ ਨਿਰਣਾ ਲਿਆ ਗਿਆ ਕਿ ਪੰਥ ਸੇਵਾ ਕਾਰਜਾਂ ਲਈ ਵਖ ਵਖ ਕਮੇਟੀਆਂ ਦਾ ਗਠਨ ਕੀਤਾ ਜਾਵੇ। ਪਰਚਾਰ, ਉਸਾਰੀ, ਮੇਲਾ ਪਰਬੰਧ, ਪੰਡਾਲ, ਲੰਗਰ, ਜੋੜੇ, ਸਕਿਓਰਟੀ ਅਨੰਦ ਕਾਰਜ ਆਦਿ ਅਤੇ ਸ਼ਿਕਾਇਤ ਨਿਵਾਰਨ ਵਾਸਤੇ ਮਾਹਿਰ ਸਜਣਾਂ ਦੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

ਮੀਟਿੰਗ ਵਿੱਚ ਹਿਸਾ ਲੈਣ ਵਾਲਿਆਂ ਦੇ ਬਾਕਾਇਦਾ ਫਾਰਮ ਭਰੇ ਗਏ। ਉਹਨਾਂ ਬਾਰੇ ਜਾਣਕਾਰੀ ਅਤੇ ਤਸਵੀਰ ਕੰਪਿਊਟਰ ਤੇ ਫੀਡ ਕਰਕੇ ਉਸ ਦੇ ਆਧਾਰ ਤੇ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ। ਨਾਮਧਾਰੀ ਵਿਦਿਅਕ ਜਥਿਆਂ ਦੇ ਮੈਂਬਰਾਂ ਨੇ ਬਹੁਤ ਉਤਸ਼ਾਹ ਨਾਲ ਸੇਵਾ ਕਾਰਜਾਂ ਵਿੱਚ ਹਿੱਸਾ ਲਿਆ।



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

## ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

❖ Automatic machines for producing Biscuits

❖ Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84* *Fax :— +91-40--4530475*

*E-mail:amber @hd1.vsnl.net.in*

**Balvinder Pal Singh** — *Manging Director*

**Lakhbir Singh Muchhal** — *Director*

**Bakhshish Singh Muchhal** — *Director*



Sri Satguru Jagjit Singh Ji eLibrary NamdhariElibrary@gmail.com

# ਪੰਡਿਤ ਨਹਿਰੂ ਦੀ ਵਸੀਅਤ

## *ਜੋ ਉਹਨਾਂ ਦੇ ਅਕਾਲ ਚਲਾਣੇ ੨੭ ਮਈ ੧੯੬੪ ਤੋਂ ਬਾਦ ੩ ਜੂਨ ੧੯੬੪ ਨੂੰ ਪ੍ਰਸਾਰਤ ਕੀਤੀ ਗਈ*

ਮੈਨੂੰ ਮੇਰੇ ਦੇਸ ਦੀ ਜਨਤਾ ਨੇ, ਮੇਰੇ ਹਿੰਦੁਸਤਾਨੀ ਭਰਾਵਾਂ ਅਤੇ ਭੈਣਾਂ ਨੇ, ਇਤਨਾ ਪ੍ਰੇਮ ਅਤੇ ਇਤਨੀ ਮੁਹੱਬਤ ਦਿੱਤੀ ਹੈ ਕਿ ਮੈਂ ਚਾਹੇ ਕਿਤਨਾ ਕੁਝ ਕਰਾਂ, ਉਹ ਉਸ ਦੇ ਇਕ ਛੋਟੇ ਜਿਹੇ ਹਿੱਸੇ ਦਾ ਵੀ ਬਦਲਾ ਨਹੀਂ ਹੋ ਸਕਦਾ। ਸੱਚ ਤਾਂ ਇਹ ਹੈ ਕਿ ਪ੍ਰੇਮ ਇਤਨੀ ਕੀਮਤੀ ਚੀਜ਼ ਹੈ ਕਿ ਇਸ ਦੇ ਬਦਲੇ ਕੁਝ ਦੇਣਾ ਮੁਮਕਨ ਨਹੀਂ। ਇਸ ਦੁਨੀਆਂ ਵਿੱਚ ਬਹੁਤ ਸਾਰੇ ਲੋਕ ਹੋਏ, ਜਿਨ੍ਹਾਂ ਨੂੰ ਚੰਗਾ ਸਮਝ ਕੇ, ਵੱਡਾ ਮੰਨ ਕੇ, ਉਹਨਾਂ ਦਾ ਆਦਰ ਕੀਤਾ ਗਿਆ, ਪੂਜਿਆ ਗਿਆ, ਪਰ ਭਾਰਤ ਦੇ ਲੋਕਾਂ ਨੇ ਛੋਟੇ ਅਤੇ ਵੱਡੇ, ਅਮੀਰ ਅਤੇ ਗ਼ਰੀਬ, ਸਭ ਤਬਕਿਆਂ ਦੇ ਭੈਣਾਂ ਅਤੇ ਭਰਾਵਾਂ ਨੇ, ਮੈਨੂੰ ਇਤਨਾ ਜ਼ਿਆਦਾ ਪਿਆਰ ਦਿੱਤਾ ਕਿ ਜਿਸਦਾ ਬਿਆਨ ਕਰਨਾ ਮੇਰੇ ਲਈ ਮੁਸ਼ਕਲ ਹੈ ਅਤੇ ਜਿਸ ਨਾਲ ਮੈਂ ਦੱਬ ਗਿਆ ਹਾਂ। ਮੈਂ ਆਸ ਕਰਦਾ ਹਾਂ ਕਿ ਮੈਂ ਆਪਣੇ ਜੀਵਨ ਦੇ ਬਾਕੀ ਵਰ੍ਹਿਆਂ ਵਿੱਚ ਆਪਣੇ ਦੇਸ਼-ਵਾਸੀਆਂ ਦੀ ਸੇਵਾ ਕਰਦਾ ਰਹਾਂਗਾ ਅਤੇ ਉਹਨਾਂ ਦੇ ਪ੍ਰੇਮ ਦੇ ਯੋਗ ਸਿੱਧ ਹੋਵਾਂਗਾ।

ਬੇ-ਸ਼ੁਮਾਰ ਦੋਸਤਾਂ ਅਤੇ ਸਾਥੀਆਂ ਦੇ ਮੇਰੇ ਉੱਪਰ ਹੋਰ ਵੀ ਵਧੇਰੇ ਇਹਸਾਨ ਹਨ। ਅਸੀਂ ਵੱਡੇ ਵੱਡੇ ਕੰਮਾਂ ਵਿੱਚ ਇਕ ਦੂਜੇ ਦੇ ਨਾਲ ਰਹੇ, ਸ਼ਰੀਕ ਰਹੇ ਤੇ ਰਲ-ਮਿਲ ਕੇ ਕੰਮ ਕੀਤੇ। ਇਹ ਤਾਂ ਹੁੰਦਾ ਈ ਹੈ ਕਿ ਜਦੋਂ ਵੱਡੇ ਕੰਮ ਕੀਤੇ ਜਾਂਦੇ ਹਨ, ਉਹਨਾਂ ਵਿੱਚ ਕਾਮਯਾਬੀ ਵੀ ਹੁੰਦੀ ਹੈ ਤੇ ਨਾ-ਕਾਮਯਾਬੀ ਵੀ, ਪਰ ਅਸੀਂ ਸਾਰੇ ਸ਼ਰੀਕ ਰਹੇ ਕਾਮਯਾਬੀ ਦੀ ਖੁਸ਼ੀ ਵਿੱਚ ਵੀ ਤੇ ਨਾ-ਕਾਮਯਾਬੀ ਦੇ ਦੁੱਖ, ਵਿੱਚ ਵੀ।

ਮੈਂ ਚਾਂਹਦਾ ਹਾਂ, ਅਤੇ ਸੱਚੇ ਦਿਲ ਨਾਲ ਚਾਂਹਦਾ ਹਾਂ ਕਿ ਮੇਰੇ ਮਰਨ ਤੋਂ ਬਾਦ ਕੋਈ ਧਾਰਮਕ ਰਸਮਾਂ ਅਦਾ ਨਾ ਕੀਤੀਆਂ ਜਾਣ। ਮੈਂ ਅਜਿਹੀਆਂ ਗੱਲਾਂ ਨੂੰ ਮੰਨਦਾ ਨਹੀਂ ਹਾਂ ਅਤੇ ਕੇਵਲ ਰਸਮ ਸਮਝ ਕੇ ਉਨ੍ਹਾਂ ਵਿੱਚ ਬੱਝ ਜਾਣ ਨੂੰ ਧੋਖੇ ਵਿੱਚ ਪੈ ਜਾਣਾ ਮੰਨਦਾ ਹਾਂ। ਮੇਰੀ ਇੱਛਾ ਹੈ ਕਿ ਜਦੋਂ ਮੈਂ ਮਰ ਜਾਵਾਂ ਤਾਂ ਮੇਰਾ ਦਾਹ-ਸੰਸਕਾਰ ਕਰ ਦਿੱਤਾ ਜਾਏ। ਜੇ ਬਦੇਸ਼ ਵਿੱਚ ਮਰਾਂ, ਤਾਂ ਮੇਰੇ ਸਰੀਰ ਨੂੰ ਓਥੇ ਹੀ ਸਾੜ ਦਿੱਤਾ ਜਾਏ ਅਤੇ ਮੇਰੀਆਂ ਅਸਥੀਆਂ ਅਲਾਹਾਬਾਦ ਭੇਜ ਦਿੱਤੀਆਂ ਜਾਣ। ਉਨ੍ਹਾਂ ਵਿਚੋਂ ਮੁਠੀ ਭਰ ਗੰਗਾ ਵਿੱਚ ਪਾ ਦਿੱਤੀਆਂ ਜਾਣ ਅਤੇ ਉਹਨਾਂ ਦੇ ਵੱਡੇ ਹਿੱਸੇ ਨਾਲ ਕੀ ਕੀਤਾ ਜਾਏ, ਮੈਂ ਅੱਗੇ ਦੱਸ ਰਿਹਾ ਹਾਂ। ਉਹਨਾਂ ਦਾ ਕੁਝ ਵੀ ਹਿੱਸਾ ਕਿਸੇ ਹਾਲਤ ਵਿੱਚ ਬਚਾ ਕੇ ਨਾ ਰੱਖਿਆ ਜਾਏ।

ਗੰਗਾ ਵਿੱਚ ਅਸਥੀਆਂ ਦਾ ਕੁਝ ਹਿੱਸਾ ਪਵਾਉਣ ਦੀ ਇੱਛਾ ਦੇ ਪਿੱਛੇ, ਜਿੱਥੋਂ ਤਕ ਮੇਰਾ ਸੰਬੰਧ ਏ, ਕੋਈ ਧਾਰਮਕ ਖ਼ਿਆਲ ਨਹੀਂ, ਇਸ ਦੇ ਬਾਰੇ ਮੇਰੀ ਕੋਈ ਧਾਰਮਕ ਭਾਵਨਾ ਨਹੀਂ। ਮੈਨੂੰ ਬਚਪਨ ਤੋਂ ਗੰਗਾ ਅਤੇ ਜਮਨਾ ਨਾਲ ਲਗਾਓ ਰਿਹਾ ਹੈ ਅਤੇ ਜਿਵੇਂ ਜਿਵੇਂ ਮੈਂ ਵੱਡਾ ਹੋਇਆ, ਇਹ ਲਗਾਓ ਵਧਦਾ ਰਿਹਾ। ਮੈਂ ਮੌਸਮਾਂ ਦੇ ਬਦਲਣ ਦੇ ਨਾਲ ਮੈਂ ਇਹਨਾਂ ਵਿੱਚ ਬਦਲਦੇ ਹੋਏ ਰੰਗ ਅਤੇ ਰੂਪ ਨੂੰ ਵੇਖਿਆ ਹੈ, ਅਤੇ ਕਈ ਵਾਰ ਮੈਨੂੰ ਯਾਦ ਆਈ ਉਸ ਇਤਿਹਾਸਕ ਦੀ, ਉਹਨਾਂ ਪ੍ਰੰਪਰਾਵਾਂ ਦੀ, ਪੁਰਾਣਕ ਗਾਥਾਵਾਂ ਦੀ, ਉਹਨਾਂ ਗੀਤਾਂ ਅਤੇ ਕਹਾਣੀਆਂ ਦੀ, ਜੋ ਕਿ ਕਈ ਯੁਗਾਂ ਤੋਂ ਉਹਨਾਂ ਨਾਲ ਜੁੜ ਗਈਆਂ ਹਨ ਅਤੇ ਉਹਨਾਂ ਦੇ ਵਗਦੇ ਹੋਏ ਪਾਣੀ ਵਿੱਚ ਘੁਲ-ਮਿਲ ਗਈਆਂ ਹਨ।

ਗੰਗਾ ਤਾਂ ਖ਼ਾਸ ਕਰ ਕੇ ਭਾਰਤ ਦੀ ਨਦੀ ਹੈ, ਜਨਤਾ ਦੀ ਪਿਆਰੀ ਹੈ, ਜਿਸ ਨਾਲ ਲਿਪਟੀਆਂ ਹੋਈਆਂ ਨੇ ਭਾਰਤ ਦੀਆਂ ਕੌਮੀ ਯਾਦਾਂ, ਉਸ ਦੀਆਂ ਆਸ਼ਾਵਾਂ ਅਤੇ ਉਸ ਦੇ ਭੈ, ਉਸ ਦੇ ਫ਼ਤਹਿ ਦੇ ਤਰਾਨੇ, ਉਸ ਦੀਆਂ ਜਿੱਤਾਂ ਤੇ ਹਾਰਾਂ। ਗੰਗਾ ਤਾ ਭਾਰਤ ਦੀ ਪ੍ਰਾਚੀਨ ਸਭਿਅਤਾ ਦਾ ਪ੍ਰਤੀਕ ਰਹੀ ਹੈ, ਨਿਸ਼ਾਨੀ ਰਹੀ ਹੈ, ਸਦਾ ਬਦਲਦੀ, ਸਦਾ ਵਗਦੀ, ਫਿਰ ਉਹੋ ਗੰਗਾ ਦੀ ਗੰਗਾ। ਉਹ ਮੈਨੂੰ ਯਾਦ ਦਿਵਾਉਂਦੀ ਹੈ, ਹਿਮਾਲੀਆ ਦੀ, ਬਰਫ਼ ਨਾਲ ਢਕੀਆਂ ਚੋਟੀਆਂ ਦੀ ਅਤੇ ਡੂੰਘੀਆਂ ਘਾਟੀਆਂ ਦੀ, ਜਿਨ੍ਹਾਂ ਨਾਲ ਮੈਨੂੰ ਮੁਹੱਬਤ ਰਹੀ ਹੈ ਉਹਨਾਂ ਦੇ ਹੇਠਾਂ ਉਪਜਾਊ ਅਤੇ ਦੂਰ ਦੂਰ ਤਕ ਫੈਲੇ ਮੈਦਾਨਾਂ ਦੀ, ਜਿੱਥੇ ਕੰਮ ਕਰਦਿਆਂ ਮੇਰੀ ਜ਼ਿੰਦਗੀ ਗੁਜ਼ਰੀ ਹੈ। ਮੈਂ ਸਵੇਰ ਦੀ ਰੌਸ਼ਨੀ ਵਿੱਚ ਗੰਗਾ ਨੂੰ ਹੱਸਦਿਆਂ ਨੱਚਦਿਆਂ ਅਤੇ ਟੱਪਦਿਆਂ ਵੇਖਿਆ ਹੈ, ਅਤੇ ਵੇਖਿਆ ਹੈ ਸ਼ਾਮ ਦੇ ਪਰਛਾਵੇਂ ਵਿੱਚ ਉਦਾਸ, ਕਾਲੀ-ਜਹੀ ਚਾਦਰ ਓੜ੍ਹੀ ਹੋਈ, ਭੇਤ-ਭਰੀ ਸਿਆਲ ਵਿਚ ਸਿਮਟੀ-ਜਿਹੀ ਹੌਲੇ-ਹੌਲੇ ਵੱਗਦੀ ਸੁੰਦਰ ਧਾਰਾ ਅਤੇ ਬਰਸਾਤ ਵਿੱਚ ਦੌੜਦੀ ਹੋਈ, ਸਮੁੰਦਰ ਦੀ



Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਸੀਨਾ ਤਾਣੇ ਅਤੇ ਸਾਗਰ ਨੂੰ ਬਰਬਾਦ ਕਰਨ ਦੀ ਸ਼ਕਤੀ ਲਈ, ਇਹੋ ਗੰਗਾ ਮੇਰੇ ਲਈ ਨਿਸ਼ਾਨੀ ਹੈ ਭਾਰਤ ਦੀ ਪ੍ਰਾਚੀਨਤਾ ਦੀ, ਯਾਦਗਾਰ ਦੀ, ਜੋ ਵੱਗਦੀ ਆਈ ਹੈ ਵਰਤਮਾਨ ਤਕ, ਅਤੇ ਵੱਗਦੀ ਚਲੀ ਜਾ ਰਹੀ ਹੈ ਭਵਿੱਖ ਦੇ ਮਹਾਂ ਸਾਗਰ-ਵੱਲ।

ਭਲੇ ਹੀ ਮੈਂ ਪੁਰਾਣੀਆਂ ਪ੍ਰੰਪਰਾਵਾਂ, ਰੀਤੀਆਂ ਅਤੇ ਰਸਮਾਂ ਨੂੰ ਛੱਡ ਦਿੱਤਾ ਹੈ ਅਤੇ ਮੈਂ ਚਾਹੁੰਦ ਹਾਂ ਕਿ ਹਿੰਦੁਸਤਾਨ ਇਹਨਾਂ ਸਾਰੀਆਂ ਜੰਜ਼ੀਰਾਂ ਨੂੰ ਤੋੜ ਦੇਵੇ, ਜਿਨ੍ਹਾਂ ਵਿੱਚ ਉਹ ਜਕੜਿਆ ਹੋਇਆ ਹੈ, ਜੋ ਉਸ ਨੂੰ ਅੱਗੇ ਵਧਣੋਂ ਰੋਕਦੀਆਂ ਹਨ ਅਤੇ ਦੇਸ਼ ਅੰਦਰ ਰਹਿਣ ਵਾਲਿਆਂ ਵਿੱਚ ਫੁੱਟ ਪਾਂਦੀਆਂ ਹਨ, ਜੋ ਬੇ-ਸ਼ੁਮਾਰ ਲੋਕਾਂ ਨੂੰ ਦਬਾਈ ਰੱਖਦੀਆਂ ਹਨ ਅਤੇ ਜੋ ਸਰੀਰ ਅਤੇ ਆਤਮਾ ਦੇ ਵਿਕਾਸ ਨੂੰ ਰੋਕਦੀਆਂ ਹਨ। ਚਾਹੇ ਇਹ ਸਭ ਮੈਂ ਚਾਹੁੰਦਾਂ ਹਾਂ, ਫਿਰ ਵੀ ਮੈਂ ਇਹ ਨਹੀਂ ਚਾਂਹਦਾ ਕਿ ਮੈਂ ਆਪਣੇ ਆਪ ਨੂੰ ਇਹਨਾਂ ਪੁਰਾਣੀਆਂ ਗੱਲਾਂ ਤੋਂ ਉੱਕਾ ਈ ਵੱਖਰਾ ਕਰ ਲਵਾਂ। ਮੈਨੂੰ ਫ਼ਖ਼ਰ ਹੈ ਇਸ ਸ਼ਾਨਦਾਰ ਉੱਤਰਾਧਿਕਾਰ ਦਾ, ਜਿਸ ਵਿਰਾਸਤ ਦਾ, ਜੋ ਸਾਡੀ ਰਹੀ ਹੈ ਅਤੇ ਸਾਡੀ ਹੈ ਅਤੇ ਮੈਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਏ ਕਿ ਮੈਂ ਵੀ, ਹੋਰ ਸਾਰਿਆਂ ਵਾਂਗ, ਇਸ ਜੰਜ਼ੀਰ ਦੀ ਇਕ ਕੜੀ ਹਾਂ, ਜੋ ਕਦੇ ਵੀ ਅਤੇ ਕਿਤਿਉਂ ਵੀ ਨਹੀਂ ਟੁੱਟੀ ਅਤੇ ਜਿਸ ਦਾ ਸਿਲਸਿਲਾ ਹਿੰਦੁਸਤਾਨ ਦੇ ਅਤੀਤ ਦੇ ਇਤਿਹਾਸ ਦੇ ਮੁੱਢ ਤੋਂ ਚਲਿਆ ਆ ਰਿਹਾ ਹੈ। ਇਹ ਸਿਲਸਿਲਾ ਮੈਂ ਕਦੇ ਨਹੀਂ ਤੋੜ ਸਕਦਾ ਕਿਉਂਕਿ ਮੈਂ ਉਸ ਦੀ ਬੇ-ਹੱਦ ਕਦਰ ਕਰਦਾ ਹਾਂ, ਅਤੇ ਇਸ ਨਾਲ ਮੈਨੂੰ ਪ੍ਰੇਰਣਾ, ਹਿੰਮਤ ਅਤੇ ਹੌਸਲਾ ਮਿਲਦਾ ਹੈ। ਮੇਰੀ ਇਸ ਰੀਝ ਦੀ ਪੁਸ਼ਟੀ ਲਈ ਅਤੇ ਭਾਰਤ ਦੀ ਸੰਸਕ੍ਰਿਤੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ, ਮੈਂ ਇਹ ਬੇਨਤੀ ਕਰਦਾ ਹਾਂ ਕਿ ਮੇਰੀ ਭਸਮ ਦੀ ਇਕ ਮੁੱਠੀ ਇਲਾਹਾਬਾਦ ਦੇ ਕੋਲ ਗੰਗਾ ਵਿਚ ਪਾ ਦਿੱਤੀ ਜਾਏ, ਜਿਸ ਨਾਲ ਕਿ ਉਹ ਉਸ ਮਹਾਂ-ਸਾਗਰ ਵਿੱਚ ਅਤੇ ਅੱਪੜੇ ਜਿਸਨੇ ਹਿੰਦੁਸਤਾਨ ਨੂੰ ਘੇਰਿਆ ਹੋਇਆ ਹੈ।

ਮੇਰੀ ਭਸਮ ਦੇ ਬਾਕੀ ਹਿੱਸੇ ਨੂੰ ਕੀ ਕੀਤਾ ਜਾਏ ? ਮੈਂ ਚਾਹੁੰਦਾ ਹਾਂ ਕਿ ਇਹਨੂੰ ਹਵਾਈ ਜਹਾਜ਼ ਤੇ ਉਚਾਈ ਤੇ ਲਿਜਾ ਕੇ ਖਿਲਾਰ ਦਿੱਤਾ ਜਾਏ, ਉਹਨਾਂ ਖੇਤਾਂ ਤੇ, ਜਿੱਥੇ ਭਾਰਤ ਦੇ ਕਿਸਾਨ ਮਿਹਨਤ ਕਰਦੇ ਹਨ, ਤਾਂ ਕਿ ਉਹ ਭਾਰਤ ਦੀ ਮਿੱਟੀ ਵਿੱਚ ਮਿਲ ਜਾਏ ਅਤੇ ਉਸੇ ਦਾ ਅੰਗ ਬਣ ਜਾਏ। *(ਪੁਸਤਕ ਮੁਸਾਫ਼ਰ ਦੀ ਵਾਰਤਕ 'ਚੋਂ)*

## ਜਵਾਹਰ ਲਾਲ ਦੀ ਸੰਵੇਦਨਸ਼ੀਲਤਾ

'ਮੇਰੀ ਕਹਾਣੀ' ਵਿਚ ਜਿਨ੍ਹਾਂ ਇਸਤ੍ਰੀਆਂ ਦਾ ਜ਼ਿਕਰ ਨਹਿਰੂ ਜੀ ਨੇ ਕੀਤਾ ਹੈ, ਉਹਨਾਂ ਵਿਚ ਸਭ ਤੋਂ ਵੱਧ ਕੋਮਲ ਭਾਵਨਾਂ ਉਹਨਾਂ ਨੇ ਆਪਣੀ ਮਾਤਾ ਅਤੇ ਪੱਤਨੀ ਦੇ ਪ੍ਰਤੀ ਵਿਅਕਤ ਕੀਤੀ ਹੈ। ਆਪਣੀ ਬੀਮਾਰ ਪਤਨੀ (ਜੋ ਕੁਝ ਹੀ ਦਿਨਾਂ ਬਾਦ ਗੁਜ਼ਰ ਗਈ) ਵੇਖਣ ਲਈ ਜਦੋਂ ਉਹ ਗਿਆਰਾਂ ਦਿਨਾਂ ਲਈ ਜੇਲ ਤੋਂ ਪੈਰੋਲ ਤੇ ਰਿਹਾ ਕੀਤੇ ਗਏ, ਤਾਂ ਉਸ ਵੇਲੇ ਦਾ ਉਹਨਾਂ ਬੜਾ ਹੀ ਮਾਰਮਿਕ ਵੇਰਵਾ ਪੇਸ਼ ਕੀਤਾ ਹੈ। ਜਦ ਉਹ ਪੁਲਸ ਅਧਿਕਾਰੀਆਂ ਦਵਾਰਾ ਉਸ ਮੋਟਰ ਤਕ, ਜੋ ਉਹਨਾਂ ਨੂੰ ਫੇਰ ਜੇਲ ਲੈ ਜਾਣ ਵਾਲੀ ਸੀ ਲੈ ਕੇ ਜਾ ਰਹੇ ਸਨ ਅਤੇ ਜਦ ਉਹਨਾਂ ਦੀ ਮਾਤਾ ਜੀ (ਜੋ ਆਪ ਬੜੀ ਕਮਜ਼ੋਰ ਅਤੇ ਬੀਮਾਰ ਸੀ) ਦੋਵੇਂ ਬਾਹਾਂ ਖਿਲਾਰੀ ਦੌੜਦੀ ਹੋਈ ਉਹਨਾਂ ਵਲ ਆਈ। ਜਵਾਹਰ ਲਾਲ ਲਿਖਦੇ ਹਨ: "ਉਹਨਾਂ ਦਾ ਉਹ ਚਿਹਰਾ ਬਹੁਤ ਦਿਨਾਂ ਤਕ ਮੇਰੇ ਦਿਮਾਗ਼ ਵਿਚ ਘੁੰਮਦਾ ਰਿਹਾ"।

ਉਹਨਾਂ ਦੀ ਸਭ ਤੋਂ ਵੱਧ ਦਰਦਾਨਕ ਤਸਵੀਰ ਉਹਨਾਂ ਦੀ ਆਪਣੀ ਪਤਨੀ ਕਮਲਾ ਜੀ ਦੀ ਹੈ ਜਿਨ੍ਹਾਂ ਨੂੰ ਉਹਨਾਂ ਨੇ 'ਮੇਰੀ ਕਹਾਣੀ' ਵਿਚ ਇਹ ਲਿਖ ਕੇ ਸਮਰਪਤ ਕੀਤੀ ਹੈ, "ਕਮਲਾ ਨੂੰ-ਜਿਸ ਦੀ ਹੁਣ ਯਾਦ ਰਹਿ ਗਈ।" ਹਿੰਦੁਸਤਾਨ ਦੀ ਕਹਾਣੀ" ਵਿਚ ਉਹਨਾਂ ਨੇ ਕਮਲਾ ਜੀ ਦੇ ਬੈਡਿਨ ਵਿੱਲਾ ਸਥਿਤ ਜੀਵਨ ਦੇ ਅੰਤਮ ਕਾਲ ਦਾ ਬੜਾ ਹੀ ਦਿਲਟੁੰਬਵਾਂ ਜ਼ਿਕਰ ਕੀਤਾ ਹੈ। ਉਹ ਲਿਖਦੇ ਹਨ: "ਕਦੇ ਕਦੇ ਕਮਲਾ ਦੀਆਂ ਅੱਖਾਂ ਵਿਚ ਝਾਕ ਕੇ ਵੇਖਦਿਆਂ ਹੋਇਆਂ ਮੈਂ ਸੋਚਦਾ ਸਾਂ ਕਿ ਮੇਰੇ ਵੱਲ ਕੋਈ ਓਭੜ ਵਿਅਕਤੀ ਵੇਖ ਰਿਹਾ ਹੈ।"

..ਉਹਨਾਂ ਨੂੰ ਅਨਿਆਂ ਅਤੇ ਨਿਰਦੈਯਤਾ ਨਾਲ ਬੜੀ ਚਿੜ੍ਹ ਸੀ। ਨਿਡਰਤਾ ਤਾਂ ਉਹਨਾਂ ਵਿਚ ਕੁੱਟ-ਕੁਟ ਕੇ ਭਰੀ ਸੀ। ਪਤ੍ਰਕਾਰ ਦੇ ਰੂਪ ਵਿਚ ਮੈਂ ਉਹਨਾਂ ਦੀ ਉਸ ਰਾਏ ਦੀ ਬੜੀ ਸਲਾਹੁਤ ਕਰਦਾ ਹਾਂ ਜੋ ਉਹਨਾਂ ਨੇ "ਨੈਸ਼ਨਲ ਹੈਰਲਡ" ਦੇ ਸ਼ੁਰੂ ਹੋਣ ਤੇ ਐਡਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਦਿੱਤੀ ਸੀ। ਉਹਨਾਂ ਕਿਹਾ, "ਤੁਸੀਂ ਜੋ ਕੁਝ ਵੀ ਲਿਖੋ, ਸਦਾ ਨਿਰਭੈ ਹੋ ਕੇ ਲਿਖੋ। ਤੁਹਾਡੇ ਦਿਲ ਅੰਦਰ ਭੈ ਦਾ ਭੋਰਾ ਵੀ ਨਹੀਂ ਹੋਣਾ ਚਾਹੀਦਾ।"

...ਨਹਿਰੂ ਜੀ ਸੂਤਰ ਦੀਆਂ ਬਹੁਤ ਹੀ ਮਹੀਨ ਤੰਦਾਂ ਆਪਣੇ ਚਰਖੇ 'ਚੋਂ ਕੱਢਿਆ ਕਰਦੇ ਸਨ। ਮਹਾਦੇਵ ਭਾਈ ਕਿਹਾ ਕਰਦੇ ਸਨ ਕਿ ਜਵਾਹਰ ਲਾਲ ਜੀ ਦੀ ਸੰਵੇਦਨ-ਸ਼ੀਲਤਾ ਅਤੇ ਕਲਾਕਾਰੀ ਉਹਨਾਂ ਦੇ ਕੱਤੇ ਹੋਏ ਸੂਤਰ ਵਿਚੋਂ ਵੀ ਝਕਿਆ ਕਰਦੀ ਹੈ।

ਗਾਂਧੀ ਵੀ ਵਾਂਗ ਨਹਿਰੂ ਜੀ ਦੀ ਮੌਤ ਵਿਚ ਵੀ ਸਾਨੂੰ ਇਕ ਤਰ੍ਹਾਂ ਦੀ ਸੋਭਾ ਸੁੰਦਰਤਾ ਅਤੇ ਕਲਾਕਾਰੀ ਦਿਖਾਈ ਦੇਂਦੀ ਹੈ।

**—ਫਰੈਂਕ ਮੋਰੇਸ**

*'ਮੁਸਾਫਰ ਦੀ ਵਾਰਤਕ' ਚੋਂ*



Sri Satguru Jagjit Singh Ji eLibrary NamdhariElibrary@gmail.com

# ਪ੍ਰਦੇਸਣ / ਦਲਬੀਰ ਸਿੰਘ ਤਰਸ

(੧)

ਪ੍ਰਦੇਸਣ ਮੇਰੀ ਜਿੰਦੜੀਏ!
ਪ੍ਰਭ ਕੀ ਸਰਨਿ ਮਿਲੇ ਵਡਿਆਈ।
ਹਰੁ ਕਾ ਨਾਮ ਸੈ ਕਿਲਬਿਖ ਕਾਟੇ,
ਸਭ ਦਰਦ ਰੋਗ ਲੱਥ ਜਾਈ।
ਨਿਜ ਘਰ ਵਾਸ ਹੋਆ ਮੇਰੇ ਸੁਆਮੀ
ਜਨਮ ਜਨਮ ਕਾ ਹੋਆ ਸੀਗਾਰ;
ਪੁਨੀਤ ਹੋਈ ਕਾਟੀ ਮਲ ਸਾਰੀ,
ਐਸੋ ਪਾਇਆ ਅਗਮ ਅਧਾਰ।
ਲੰਮੇ ਪਸਰੇ ਕਦੇ ਅੰਧੇਰੇ,
ਜਾਂ ਪ੍ਰੀਤਮ ਜੀ ਜੋਤ ਜਗਾਈ।

(੨)

ਪ੍ਰਦੇਸਣ ਮੇਰੀ ਜਿੰਦੜੀਏ!
ਸਤਿਗੁਰ ਮੇਰਾ ਨਾਮ ਨਿਧਾਨ।
ਹਰ ਰਸ ਰੰਗੀ ਸੁਭਰ ਭਰਿਆ,
ਦੋਵੀਂ ਹੱਥੀ ਵੰਡੇ ਦਾਨ।
"ਹਰੀ ਜਪੋ ਹਰਿਆਈ ਬੋਵਹੁ,
ਕੂੜ ਕੁਲਹਿਣੀ ਕਾਲਖ ਛੰਡੋ ;
ਸਹਿਮ ਵਹਿਮ ਦੀਆਂ ਜੜ੍ਹਾਂ ਉਖਾੜੋ।
ਦਹਿਸ਼ਤ ਦੀਆਂ ਦਹਿਲੀਜ਼ਾਂ ਖੰਡੋ,
ਸੋਨੇ ਵਿੱਚ ਸੰਸਾਰ ਮੜ੍ਹਾਓ,
ਪ੍ਰੇਮ ਪੂਜਯ ਇਨਸਾਨ।"

(੩)

ਪ੍ਰਦੇਸਣ ਮੇਰੀ ਜਿੰਦੜੀਏ!
ਸੁਆਮੀ ਸਗਲ ਗੁਣੀ ਬਲਿਹਾਰ।
ਕੀ ਕਿਵੇਂ ਉਹਦੀ ਉਸਤਤ ਉਚਰਾਂ,
ਨਾ ਉਸਦਾ ਕੋਈ ਪਾਰ ਉਤਾਰ।
ਕਮਲ ਮੇਰੀ ਦੀ ਜਿਹਬਾ ਸੁੱਕੀ,
ਨਾ ਇਹ ਮੁੱਕੀ ਕਹਾਣੀ ;
ਕਿਤ ਬਿਧ ਸਾਗਰ ਦੀ ਗਤ ਜਾਣੇ,
ਮਾਈ ਗੰਗਾ ਦਾ ਤਿਪ ਕੁ ਪਾਣੀ ;
ਕਿਵੇਂ ਉਹਦਾ ਇਹ ਬ੍ਰਹਿਮੰਡ ਨਾਪੇ,
ਨੈਣੋ ਉਚੀ ਨੁਹਾਰ।

(੪)

ਪ੍ਰਦੇਸਣ ਮੇਰੀ ਜਿੰਦੜੀਏ!
ਇਕ ਰਾਮ ਪਿਆਰਾ ਗਾਵੋ ਨੀ।
ਗਾਵੋ ਨੀ ਉਹਦੀ ਮਹਿਮਾ ਗਾਵੋ,
ਸ਼ਰਬ ਸੁਖ ਘਰ ਪਾਵੋ ਨੀ।
ਕਿਆ ਪਈ ਢੂੰਡੇਂ ਜੰਗਲ ਬੇਲੀ,
ਖੋ ਗਈ ਵਿੱਚ ਉਜਾੜਾਂ ;
ਤੱਕੀਆਂ ਤੇ ਅਣਤੱਕੀਆਂ ਸਭੇ,
ਗਾਹੀਆਂ ਛੱਡ ਪੁਲਾੜਾਂ ;
ਲੰਮੀ ਵਾਟ ਯਰਾਨੀ ਕਟੋ,
ਸਨ ਮੁਖ ਸਾਜਨ ਜਾਵੋ ਨੀ।

(੫)

ਪ੍ਰਦੇਸਣ ਮੇਰੀ ਜਿੰਦੜੀਏ!
ਫ਼ਲ ਲਗਦੇ ਸਦ ਖ਼ੁਸ਼ਬੋਈਆਂ ਨੂੰ।
ਅੱਜ ਦੇ ਫੁਲੋਂ ਬੀਜ ਮਹਿਕਣੇ,
ਲੈ ਸਧਰਾਂ ਸੰਗ ਸਮੋਈਆਂ ਨੂੰ।
ਤਪ ਕੀਤਾ ਕਿਸੇ ਏਕ 'ਭਗੀਰਥ',
ਧਰ ਦੀ ਪੀੜਾ ਸੀਤ ਹੋਈ;
ਜਦੋਂ ਫਿਰ ਚਰਨ ਰਾਮ ਦਾ ਛੁਹਿਆ,
ਉੱਤੇ 'ਅਹੱਲਿਆ' ਸਿਲ ਸੋਈ ;
ਨਾ ਡੋਲੇ ਕਦੇ ਧਰਮੀ ਬੇੜੇ,
ਮੁਸ਼ਕਲਾਂ ਤਕ ਖਲੋਈਆਂ ਨੂੰ।

(੬)

ਪ੍ਰਦੇਸਣ ਮੇਰੀ ਜਿੰਦੜੀਏ!
ਕਿਉਂ ਨਾ ਭਜਹੁ ਭਗਵਾਨ ?
ਨਿਰਭਓ ਵਿਚਰਹੁ ਏਸ ਜਗਤ ਮੈਂ,
ਨਰ-ਹਰ ਰੂਪ ਬਣੋ ਇਨਸਾਨ।
ਤੇਜ਼ ਕਟਾਰਾਂ ਏਸ ਦੁਨੀ ਵਿੱਚ,
ਹੱਸ ਹੱਸ ਖਾਂਦੇ ਜਾਓ ;
'ਸ਼ੁਕਰ ਤੇਰਾ ਮੇਰੇ ਸੁਆਮੀ' ਆਖੋ,
ਯਾਰੀਆਂ ਤੋੜ ਨਿਭਾਓ ;
ਉੜਦੇ ਪਵਨ ਝਰੋਖੇ ਵਿਚੋਂ,
ਉਠਸੀ ਕੋਈ ਚਟਾਨ।



Sri Satguru Jagjit Singh Ji eLibrary NamdhariElibrary@gmail.com

# ਬਿਸ਼ਨ ਸਿੰਘ ਸੁਨਿਆਰੇ ਨੂੰ ਫਾਂਸੀ

ਲਾਹੌਰ ਮੇਂ ਇਕ ਨਾਮਧਾਰੀ ਬਿਸ਼ਨ ਸਿੰਘ ਨਾਮੇ ਸੁਨਿਆਰਾ ਸਿੰਘ ਸੀ। ਸਤਿਗੁਰੂ ਜੀ ਕੇ ਜਾਣੇ ਸੇ ਛੇ ਮਹੀਨੇ ਪੈਹਲੇ ਕਿਸੀ ਨੇ ਸਿੰਘ ਪਰ ਝੂਠੀ ਅਰਜੀ ਪਾਈ ਕੇ ਮੈਂ ਏਸ ਤੇ ਲੈਣਾ ਹੈ ਏਤਨਾ ਰੁਪਈਆ। ਜੱਜ ਨੇ ਡਿਗਰੀ ਕਰ ਦਿੱਤੀ। ਸੱਚ ਝੂਠ ਨਾ ਨਤਾਰਿਆ। ਜੱਜ ਨੂੰ ਸਿੰਘ ਨੇ ਕਿਹਾ ਕਿ ਤੈਨੇ ਝੂਠੇ ਡਿਗਰੀ ਕੀਤੀ ਹੈ ਸਮਝਾਂਗੇ ਤੇਰੇ ਨਾਲ ਭੀ। ਸੱਚੇ ਪਾਤਸ਼ਾਹ ਕਾ ਹੁਕਮ ਹੈ ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਘਰ ਮੇਂ ਜਾਇਕੇ ਸਿੰਘ ਨੇ ਇਸ਼ਨਾਨ ਕੀਤਾ। ਜਪੁ ਜਾਪੁ ਪੜ੍ਹਿਆ ਚੰਡੀ ਕੀ ਵਾਰ ਪੜ੍ਹੀ। ਹਮਨ ਕੀਤਾ। ਚਿੱਟੀ ਪੁਸ਼ਾਕ ਪਾਇਕੇ ਸਲੋਤਰ ਫੜਕੇ ਅਰਦਾਸਾ ਕਰਕੇ ਤੁਰਿਆ। ਕਚਹਿਰੀ ਸੇ ਆਉਂਦੀਆਂ ਘਰ ਕੇ ਬਾਹਰ ਹੀ ਮਿਲ ਪਿਆ। ਸਿੰਘ ਨੇ ਕਿਹਾ ਕੇ ਮੈਂ ਉਹ ਹਾਂ ਜਿਸ ਕੀ ਤੈਨੇ ਝੂਠੀ ਡਿਗਰੀ ਕੀਤੀ ਹੈ। ਜੱਜ ਨੇ ਕਿਹਾ ਕਿਆ ਮਾਂਗਤਾ ਹੈ ? ਜਿਉਂ ਮਾਰਿਆ ਹੈ ਸਲੋਤਰ ਸਿਰ ਫਾਟ ਗਿਆ। ਉਸੀ ਬਖਤ ਮਰ ਗਿਆ ਜੱਜ। ਸਿੰਘ ਮਾਰ ਕੇ ਮਦਾਨ ਮੇਂ ਖੜਾ ਹੋਇਆ ਕੇ ਮੈਂ ਸ਼ਹੀਦ ਸਿੰਘ ਹਾਂ ਆਓ ਜਿਸ ਨੇ ਔਨਾ ਹੈ ਮੇਰੇ ਸਾਹਮਣੇ, ਜਿਨ ਫੜਨਾ ਹੈ ਸੋ ਫੜੋ। ਧਰਮ ਹੇਤ ਸੀਸ ਦੇਨਾ ਹੈ। ਪੁਲੀਸ ਆਇ ਗਈ। ਫ਼ਰੰਗੀ ਆਇਆ, ਕਠੇ ਹੋਏ ਹੋਰ ਲੋਕ ਭੀ।

ਫ਼ਰੰਗੀ ਨੇ ਕਹਾ ਤੁਮ ਨੇ ਬਡਾ ਮਾੜਾ ਕੰਮ ਕੀਤ ਹੈ। ਸਿੰਘ ਨੇ ਕਿਹਾ ਬਡਾ ਚੰਗਾ ਕੰਮ ਕੀਆ ਹੈ। ਝੂਠੀਆਂ ਅਦਾਲਤਾਂ ਕਰਦਾ ਸੀ। ਝੂਠ ਕੋ ਮਾਰਿਆ ਹੈ। ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਫਾਂਸੀ ਕਾ ਹੁਕਮ ਦੇ ਦੀਆ ਸਿਸ਼ਨ ਨੇ। ਇਕ ਭੋਗ ਪਵਾਇਆ ਸਿੰਘ ਨੇ, ਸਵਾ ਦਾ ਕੜਾਹ ਪ੍ਰਸਾਦਿ ਕਰਵਾਇਆ। ਅਰਦਾਸਾ ਕੀਤਾ ਬਾਰ੍ਹਾਂ ਪਾਤਸ਼ਾਹੀਆਂ ਕਾ। ਬਡਾ ਪ੍ਰਸੰਨ ਹੋਇਕੇ ਤਖ਼ਤੇ ਫਾਂਸੀ ਬਾਲੇ ਪਰ ਜਾਇ ਚੜ੍ਹਿਆ। ਰੱਸਾ ਪੱਟ ਕਾ ਕਹਿ ਕੇ ਬਣਵਾਇਆ ਕਿ ਤੰਦੀ ਨਹੀਂ ਗਲ਼ ਮੇਂ ਪਾਵਾਂਗਾ। ਰੱਸਾ ਜੱਲਾਦ ਪੌਂਦਾ ਹੈ ਸੀ, ਸਿੰਘ ਨੇ ਕਿਹਾ ਕੇ ਤੈਂ ਨਹੀਂ ਮੈਨੂੰ ਹੱਥ ਲੌਣਾ ਮੈਂ ਆਪੇ ਈ ਗਲ਼ ਵਿੱਚ ਪਾਮਾਂਗਾ। ਰੱਸਾ ਗਲ਼ ਮੇਂ ਪਾਇਕੇ ਪਟੜਾ ਹੇਠੋਂ ਖਿਚ ਲਿਆ। ਅੰਤ ਕਾ ਝੂਟਾ ਆਇਆ, ਗੁਰੂ ਜੀ ਕੀ ਪੁਰੀ ਕੋ ਗਿਆ। ਜੋ ਝੂਠੇ ਲੋਕ ਸੇ ਤਿਨ੍ਹਾਂ ਕੇ ਕੰਨ ਖੜੋ ਹੋਇ ਕਿ ਸਿੰਘਾਂ ਕਾ ਝਗੜਾ ਮੁਕੌਨਾ ਭੀ ਔਖਾ ਹੈ। ਸਿੰਘਾਂ ਕੇ ਝਗੜੇ ਸਤਿਗੁਰੂ ਹੀ ਨਿਬੜੇਗਾ।

*ਸਤਿਗੁਰੂ ਬਿਲਾਸ*
*ਕ੍ਰਿਤ ਸੰਤ ਸੰਤੋਖ ਸਿੰਘ ਬਾਹੂਵਾਲ*
*ਭਾਗ ੧ ਪੰਨਾ ੪੪੬*

# ਏ ਮਨ ਮੇਰਿਆ ਤਾਂ ਛੂਟਸੀ ਜਾਂ ਭਰਮ ਚੁਕਾਇਸੀ ਰਾਮ

ਆਮ ਦਰਖਤਾਂ ਨੂੰ ਪਹਿਲਾਂ ਫੁੱਲ ਲਗਦਾ ਹੈ, ਫਿਰ ਫਲ ਪੱਕਦਾ ਹੈ, ਪਰ ਮਨ ਰੂਪੀ ਦਰੱਖਤ ਨੂੰ ਫ਼ੁੱਲ ਦੇ ਨਾਲ ਹੀ ਫੁੱਲ ਪੱਕ ਜਾਂਦਾ ਹੈ, ਸੋ ਮਨ ਨੂੰ ਉਪਦੇਸ਼ ਕਰਕੇ ਮਨ ਨਾਲ ਪ੍ਰਜਲਤ ਕਰਨਾ ਹੀ ਪ੍ਰਵਾਨ ਹੈ। ਮਨ ਬੁੱਧੀ ਨਾਲ ਜੁੜ ਉਸੇ ਵਕਤ ਸਿੱਟਾ ਕੱਢ ਲੈਂਦਾ ਹੈ, ਪਰ ਇਹ ਭਰਮ (ਸਿੱਟਾ) ਬੁੱਧੀ ਤੋਂ ਬਿਨਾਂ ਨਹੀਂ। ਬੁੱਧੀ, ਗਿਆਨ ਤੋਂ ਬਗੈਰ ਕੁਝ ਨਹੀਂ ਕਰ ਸਕਦੀ ਗਿਆਨ ਗੁਰੂ ਤੋਂ ਬਿਨਾਂ ਨਹੀਂ। ਸੋ ਸੱਚਾ ਸਤਿਗੁਰੂ ਹੀ 'ਭਰਮ ਚੁਕਾਇਸੀ ਰਾਮ'। ਫੁੱਲ ਇਕ ਸੰਕਲਪ ਹੁੰਦਾ ਹੈ, ਫਲ ਕਰਮ, ਕਰਮ ਦਾ ਸਿੱਟਾ, ਫਲ, ਫਲ ਲਈ ਪਹਿਲਾਂ ਫੁੱਲੰ ਸੰਕਲਪ ਸਰੂਪ ਵਿਚ ਆਉਂਦਾ ਹੈ। ਜਦੋਂ ਕਿਸੇ ਕਰਮ ਦਾ ਸੰਕਲਪ ਉਤਪੰਨ ਹੁੰਦਾ ਹੈ ਤਦ ਜਗਿਆਸੂ ਉਸ ਸੰਕਲਪ ਨੂੰ ਕਰਮ ਵਿਚ ਢਾਲਦਾ ਹੈ। ਕਰਮ ਵਿਚ ਢਲਿਆ ਸੰਕਲਪ ਫਲ ਬਣ ਹੋ ਨਿਬੜਦਾ ਹੈ। ਜਗਿਆਸੂ ਸੰਕਲਪ ਨੂੰ ਆਦਰ ਦੇਵੇ ਬੁੱਧੀ ਨਾਲ ਗਿਆਨ ਦੀ ਤੱਕੜੀ ਉਪਰ ਤੋਲ ਸੰਕਲਪ ਨੂੰ ਦ੍ਰਿੜ ਕਰਕੇ ਵਿਚਾਰ ਸਾਥ ਮਿਲਾਕੇ ਸਤਿਗੁਰੂ ਦੇ ਗਿਆਨ ਅਨੁਸਾਰ ਕਰਮ ਕਰੇ; ਫਿਰ ਸੰਕਲਪ ਨੂੰ ਛੱਡ ਭਰਮ ਵਿਚੋਂ ਨਿਕਲ ਅਸਲੀਅਤ 'ਫਲ' ਨਾਲ ਜੁੜ 'ਫਲ' ਪ੍ਰਾਪਤੀ ਵਿਚ ਜੁੱਟ ਜਾਵੇ ਸਤਿਗੁਰੂ ਦੇ ਚਰਨਾਂ ਨਾਲ ਜੁੜੇ ਇਨਸਾਨ ਦਾ ਲੋਕ ਪ੍ਰਲੋਕ ਦੋਨੋਂ ਹੀ ਸੁਧਰ ਜਾਂਦੇ ਹਨ।

ਇਥੇ ਸੰਕਲਪ ਆਉਣ ਤੇ ਸੰਗਤ ਦਾ ਵੀ ਗਹਿਰਾ ਪ੍ਰਭਾਵ ਪੈਂਦਾ ਹੈ। ਇਕ ਗਧਾ ਖੇਤ ਵਿਚਾਲੇ ਹਰਾ-ਹਰਾ ਚਾਰਾ ਖਾ ਰਿਹਾ ਸੀ। ਉਸ ਇਕ ਗਊ ਨੂੰ ਛੋਟਾ-ਛੋਟਾ ਘਾਹ ਚਰਦੀ ਨੂੰ ਕਿਹਾ ਕਿ ਉਹ ਵੀ ਖੇਤ ਵਿਚਕਾਰ ਆ ਕੇ ਉਸ ਨਾਲ ਹਰਾ ਚਾਰਾ ਚਰ ਲਵੇ। ਉਸ ਦੀ ਸੰਗਤ ਕਰਨ ਅਤੇ ਉਸ ਕੁਸੰਗੀ ਦਾ ਬਚਨ ਮੰਨ ਗਊ ਵੀ ਉਸ ਪਾਸ ਜਾ ਕੇ ਘਾਹ ਚਰਨ ਲੱਗੀ। ਉਪਰੋਂ ਖੇਤ ਦਾ ਮਾਲਕ ਆ ਗਿਆ। ਖੋਤਾ (ਗਧਾ) ਤਾਂ ਛੜੱਪੇ ਮਾਰ ਖੇਤ ਵਿਚੋਂ ਬਾਹਰ ਚਲਾ ਗਿਆ, ਗਊ ਮਾਲਕ ਦੇ ਹੱਥ ਆ ਗਈ। ਪਹਿਲਾਂ ਤਾਂ ਉਸ ਫੜ ਗਊ ਨੂੰ ਮਾਰਿਆ ਕੁਟਿਆ ਫਿਰ ਗਊ ਦੇ ਮਾਲਕਾਂ ਹੱਥ ਦੇ ਉਲਾਂਭਾ ਦਿੱਤਾ। ਗਊ ਨੂੰ ਮਾਲਕਾਂ ਨੇ ਵੀ ਬਾਹਰ ਜਾਣ ਤੋਂ ਰੋਕ ਲਾ ਕੇ ਤੰਗ ਅਤੇ ਤੁਰਨ ਫਿਰਨ ਤੋਂ ਰੋਕਣ ਲਈ ਗਲ ਵਿਚ ਡੈਹਾ ਪਾ ਦਿਤਾ। ਗਊ ਵਿਚਾਰੀ ਦੁਖੀ ਹੋ ਗਈ। ਇਕ ਮਹਾਤਮਾ ਨੇ ਗਊ ਦੀ ਹਾਲਤ ਦੇਖ ਕੇ ਉਸ ਦੇ ਮਾਲਕ ਪਾਸ ਬੇਨਤੀ ਕੀਤੀ। ਮਾਲਕ ਨੇ ਸਾਰੀ ਵਿਥਿਆ ਦੱਸੀ, ਮਹਾਤਮਾ ਨੇ ਆਪਣੇ ਚੇਲਿਆਂ ਨੂੰ ਸੰਬੋਧਨ ਹੋ ਕੇ ਕਿਹਾ, 'ਇਹ ਸਿਰਫ਼ ਇਕੋ ਬਚਨ ਅਤੇ ਇਕ ਪਲ ਦੀ ਕੁਸੰਗਤ ਦਾ ਫਲ ਭੁਗਤ ਰਹੀ ਹੈ। ਇਨਸਾਨ ਜੋ ਕੁਸੰਗਤ, ਕੁਸੰਗੀਆਂ ਦੇ ਬਚਨਾਂ ਦੇ ਭਰਮ ਜਾਲ ਵਿਚ ਪਿਆ ਹੋਇਆ। ਉਸ ਦਾ ਭਰਮ ਜਾਲ ਸਿਰਫ ਗੁਰੂ ਗਿਆਨ ਹੀ ਦੂਰ ਕਰ ਸਕਦਾ ਹੈ। ਸੋ ਸਾਨੂੰ ਸਾਰਿਆਂ ਨੂੰ ਹੀ ਸ੍ਰੀ ਸਤਿਗੁਰੂ ਅਕਾਲ ਪੁਰਖ ਦੇ ਪਵਿੱਤਰ ਚਰਨਾਂ 'ਚ ਅਰਜੋਈ ਕਰਨੀ ਚਾਹੀਦੀ ਹੈ ਕਿ ਸਾਨੂੰ ਵੀ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਭਰਮ ਜਾਲ ਵਿਚੋਂ ਕੱਢਕੇ 'ਗੁਰੂ ਗਿਆਨ' ਹਾਸਲ ਕਰਨ ਦੀ ਸਮਰਥਾ, ਬੁੱਧੀ ਅਤੇ ਸੋਧ ਦੇਣ ਦੀ ਕ੍ਰਿਪਾ ਕਰਨਾ ਜੀ।

*—ਸੁਰਜੀਤ ਸਿੰਘ ਜੀਤ, ਲੰਡਨ*



Sri Satguru Jagjit Singh Ji eLibrary NamdhariElibrary@gmail.com

# ਬੇਸਹਾਰਿਆਂ ਦੇ ਸਹਾਰੇ

—ਜੇ. ਪੀ. ਵਾਸਵਾਨੀ

ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਛੋਟੀ ਜਿਹੀ ਕਹਾਣੀ ਦੱਸੀ ਗਈ ਹੈ। ਜਦੋਂ ਉਹ ਅਨੰਦਪੁਰ ਵਿਚ ਸਨ, ਆਪਣੇ ਸਿੱਖਾਂ ਨਾਲ ਬੈਠੇ ਹੋਏ ਸਨ ਤਾਂ ਇਕ ਤੰਦਰੁਸਤ ਭਿਖਾਰੀ ਨੇ ਉਨ੍ਹਾਂ ਦੇ ਕੋਲ ਆ ਕੇ ਕੁਝ ਪੈਸੇ ਮੰਗੇ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪਾਈ ਵੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਭਿਖਾਰੀ ਨੂੰ ਕਿਹਾ, "ਪੈਸੇ ਤੈਨੂੰ ਨਹੀਂ ਮਿਲਣਗੇ, ਪਰ ਖਾਣਾ ਤੈਨੂੰ ਜ਼ਰੂਰ ਮਿਲੇਗਾ। ਜੇ ਤੈਨੂੰ ਭੁੱਖ ਲੱਗੀ ਹੈ ਤਾਂ ਲੰਗਰ ਵਿਚ ਜਾ ਕੇ ਖਾਣਾ ਖਾ ਲੈ।"

ਛੇਤੀ ਬਾਅਦ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਆਰੇ ਸਿੱਖ ਨੂੰ ਸੱਦ ਕੇ ਉਸ ਦੇ ਹੱਥ ਵਿਚ ਸੋਨੇ ਦੀਆਂ ਕੁਝ ਮੋਹਰਾਂ ਰੱਖ ਕੇ ਕਿਹਾ, "ਮੈਂ ਜੋ ਤੈਨੂੰ ਪਤਾ ਦੱਸਦਾ ਹਾਂ, ਉਸ ਪਤੇ ਤੇ ਜਾ ਕੇ ਇਹ ਮੋਹਰਾਂ ਦੇ ਦੇਣਾ।"

ਇਹ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕ ਸਿੱਖ ਹੈਰਾਨ ਰਹਿ ਗਏ। ਜਿਸ ਵਿਚ ਥੋੜ੍ਹੀ ਜਿਹੀ ਸ਼ਕਤੀ ਜਾਗ੍ਰਿਤ ਹੋਈ ਉਸਨੇ ਪੁੱਛਿਆ, "ਗੁਰੂ ਜੀ, ਹੁਣੇ ਹੁਣੇ ਆਪ ਨੇ ਆਏ ਹੋਏ ਭਿਖਾਰੀ ਨੂੰ ਇਕ ਵੀ ਪਾਈ ਦੇਣ ਤੋਂ ਇਨਕਾਰ ਕੀਤਾ ਹੈ, ਅਤੇ ਹੁਣ ਇਕ ਐਸੇ ਆਦਮੀ ਦੇ ਘਰ ਸੋਨੇ ਦੀਆਂ ਮੋਹਰਾਂ ਭੇਜ ਰਹੇ ਹੋ, ਜਿਸ ਨੇ ਆਪ ਕੋਲੋਂ ਮੱਦਦ ਨਹੀਂ ਮੰਗੀ। ਕਿਰਪਾ ਕਰਕੇ ਇਸ ਕਰਾਮਾਤ ਦਾ ਭੇਦ ਸਮਝਾਈਏ। ਕਿਉਂਕਿ ਸਾਨੂੰ ਤਾਂ ਆਪ ਦੀਆਂ ਦੋਨਾਂ ਕਰਾਮਾਤਾਂ ਦਾ ਅਰਥ ਨਹੀਂ ਸਮਝ ਆ ਰਿਹਾ।"

ਗੁਰੂ ਜੀ ਸਿਰਫ ਹੱਸੇ। ਪਰ ਉਨ੍ਹਾਂ ਦੀ ਇਸ ਹੱਸਣੀ ਪਿਛੇ ਦੂਜਿਆਂ ਦੇ ਦੁੱਖ ਦੇ ਹੰਝੂ ਲੁਕੇ ਹੋਏ ਸਨ। ਜਿਸ ਆਦਮੀ ਨੂੰ ਸੋਨੇ ਦੀਆਂ ਮੋਹਰਾਂ ਦਿੱਤੀਆਂ ਸਨ, ਉਸ ਨੂੰ ਵਾਪਸ ਬੁਲਾਉਣ ਦੀ ਆਗਿਆ ਗੁਰੂ ਜੀ ਨੇ ਦਿੱਤੀ।

ਉਹ ਆਦਮੀ ਹਾਜ਼ਰ ਹੋਇਆ। ਉਸ ਦਾ ਚਿਹਰਾ ਮੁਰਝਾਇਆ ਹੋਇਆ ਸੀ ਅਤੇ ਅੱਖਾਂ ਵਿਚ ਚਮਕ ਨਹੀਂ ਸੀ। ਉਸ ਆਦਮੀ ਕੋਲੋਂ ਤੁਰਿਆ ਵੀ ਨਹੀਂ ਜਾਂਦਾ ਸੀ। ਉਸਨੂੰ ਦੇਖ ਕੇ ਲੱਗ ਰਿਹਾ ਸੀ ਕਿ ਉਹ ਬਹੁਤ ਦਿਨਾਂ ਦਾ ਭੁੱਖਾ ਸੀ। ਫਿਰ ਵੀ ਉਹ ਇਸ ਹਾਲਤ ਨੂੰ ਜ਼ਾਹਰ ਨਹੀਂ ਕਰਨਾ ਚਾਹੁੰਦਾ ਸੀ। ਛਾਤੀ ਤਾਣ ਕੇ ਉਹ ਤੁਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਗੁਰੂ ਜੀ ਨੇ ਉਸਨੂੰ ਕਿਹਾ, "ਬੇਟਾ, ਤੂੰ ਤਾਂ ਇਥੇ ਅਨਜਾਣ ਨਹੀਂ ਹੈਂ, ਆਪਣੇ ਹੀ ਭਰਾਵਾਂ ਦੇ ਕੋਲ ਹੈ, ਤੂੰ ਆਪਣੀ ਕਹਾਣੀ ਥੋੜ੍ਹੀ ਜਿਹੀ ਸੁਣਾ।"

ਉਸ ਆਦਮੀ ਨੇ ਕਿਹਾ, "ਗੁਰੂ ਜੀ, ਮੈਂ ਆਪ ਕੋਲੋਂ ਕੀ ਲੁਕਾਵਾਂ। ਮੈਂ, ਮੇਰੀ ਪਤਨੀ ਅਤੇ ਮੇਰੇ ਛੋਟੇ ਬੱਚੇ ਕਈ ਦਿਨਾਂ ਤੋਂ ਭੁੱਖੇ ਹਾਂ। ਅਸੀਂ ਕੰਮ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਕੋਈ ਕੰਮ ਨਹੀਂ ਮਿਲਿਆ। ਕਿਸੇ ਦੇ ਕੋਲ ਜਾ ਕੇ ਮੰਗਣ ਲਈ ਸਾਡੇ ਬੁੱਲ੍ਹਾਂ ਤੇ ਜਿੰਦੇ ਲੱਗੇ ਸਨ। ਅੱਜ ਸਵੇਰੇ ਬਹੁਤ ਜ਼ਿਆਦਾ ਕਮਜ਼ੋਰੀ ਦੇ ਕਾਰਨ ਅਸੀਂ ਦੋਨਾਂ ਪਤੀ-ਪਤਨੀ ਨੇ ਖੁਦਕਸ਼ੀ ਕਰਨ ਦਾ ਨਿਸ਼ਚਾ ਕੀਤਾ ਹੈ। ਸਾਡੀ ਮੌਤ ਤੋਂ ਬਾਅਦ ਸਾਡੇ ਬੱਚਿਆਂ ਤੇ ਆਪਦੀ ਕਿਰਪਾ ਰਹੇ, ਇਹ ਅਰਜ਼ ਭੀ ਅਸੀਂ ਕੀਤੀ। ਕੀ ਆਪ ਜੀ ਨੇ ਇਹ ਅਰਜ਼ ਸੁਣੀ ? ਕਿਉਂਕਿ ਉਸ ਸਮੇਂ ਸਾਡੇ ਘਰ ਦੇ ਦਰਵਾਜ਼ੇ ਤੇ ਆਪ ਦਾ ਸੁਨੇਹਾ ਦੇਣ ਵਾਲਾ ਸਿੱਖ ਹੱਥ ਵਿਚ ਸੋਨੇ ਦੀਆਂ ਮੋਹਰਾਂ ਲੈ ਕੇ ਖੜ੍ਹਾ ਸੀ। ਸਾਡੇ ਲਈ ਉਹ ਕੇਵਲ ਸੋਨੇ ਦੇ ਸਿੱਕੇ ਨਹੀਂ ਸਨ, ਬਲਕਿ ਇਕ ਨਵੇਂ ਜੀਵਨ ਦਾ ਸੰਦੇਸ਼ ਸੀ।"

ਸਾਰੇ ਸਿੱਖ ਇਸ ਕਹਾਣੀ ਨੂੰ ਸੁਣ ਰਹੇ ਸਨ, ਅਤੇ ਸਮਝ ਰਹੇ ਸਨ। ਗੁਰੂ ਜੀ ਨੇ ਕਿਹਾ, "ਜਿਸ ਨੇ ਇਤਨੇ ਦੁੱਖ ਸਹੇ, ਫਿਰ ਵੀ ਆਪਣੇ ਦੁੱਖ ਨੂੰ ਦਿਲ ਵਿਚ ਛੁਪਾ ਰੱਖਿਆ। ਜੋ ਕਿਸੇ ਦੇ ਸਾਹਮਣੇ ਜਾ ਕੇ ਹੱਥ ਨਹੀਂ ਅੱਡਦਾ। ਜੋ ਮੇਰੀ ਸੇਵਾ ਕਰਦਾ ਹੈ, ਜੋ ਮੇਰੇ ਨਾਲ ਦਿਲੋਂ ਜਾਨ ਨਾਲ ਪਿਆਰ ਕਰਦਾ ਹੈ, ਜਿਸ ਦਾ ਆਪਣੀ ਕੋਈ ਨਹੀਂ ਹੈ, ਐਸੇ ਲੋਕਾਂ ਨੂੰ ਆਪਣਾ ਬਣਾ ਲਓ। ਤੁਸੀਂ ਮੇਰੇ ਨਾਲ ਪਿਆਰ ਕਰਦੇ ਹੋ ਇਸ ਦਾ ਇਹੀ ਸਬੂਤ ਹੈ।"

*ਚਿੱਤਰ ਦਰਸ਼ਨ ਵਿਚੋਂ*



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Singh & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

*Sister Concern :*

**M/s Kartar Singh**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

# ਕਾਮਰੇਡ ਦੀ ਸੰਗਤ

—ਜਤਿੰਦਰ ਪਨੂੰ

ਕਾਮਰੇਡ ਸੱਜਣ ਸਿੰਘ ਵੀ ਰੰਗੀਲਾ ਆਦਮੀ ਹੈ। ਅਗਲੇ ਦੀ ਨਹੀਂ ਸੁਣਦਾ, ਆਪਣੀ ਹੀ ਕਹਿੰਦਾ ਹੈ। ਕਹਿੰਦਾ ਕੀ ਜੀ, ਕਹਿੰਦਾ ਹੀ ਰਹਿੰਦਾ ਹੈ। ਕਈ ਵਾਰ ਨਾ ਵੀ ਮਨ ਕਰਦਾ ਹੋਵੇ, ਉਸ ਦੀ 'ਹਾਂ' ਵਿਚ 'ਹਾਂ' ਮਿਲਾਉਣੀ ਪੈਂਦੀ ਹੈ। ਓਦਾਂ ਖਹਿੜਾ ਜੁ ਨਹੀਂ ਛੁੱਟ ਸਕਦਾ। ਦਾਸ ਨਾਲ ਉਸ ਦੀ ਪੁਰਾਣੀ ਆੜੀ ਐ। ਉਸੇ ਆੜੀ ਦੇ ਮੁਲਾਹਜ਼ੇ ਖਾਤਰ ਦਾਸ ਤੋਂ ਨਾਂਹ ਨਹੀਂ ਹੁੰਦੀ, ਜਦੋਂ ਕਦੇ ਸੱਜਣ ਸਿੰਘ ਆਣ ਹੀ ਘੇਰੇ।

ਉਸ ਨੇ ਇਕ ਦਿਨ ਆਣ ਘੇਰਿਆ ਦਾਸ ਨੂੰ। ਕਹਿਣ ਲੱਗਾ, 'ਸਾਥੀ ਜੀ, ਸਵੇਰੇ ਆਪਾਂ ਅਣਜਾਣਪੁਰੇ ਚੱਲਣਾ ਏ। ਆਪਣੇ ਕਾਮਰੇਡ ਦੀ ਕੁੜੀ ਦਾ ਵਿਆਹ ਐ। ਨਾਂਹ ਨਹੀਂ ਕਰਨੀ। ਚੱਲਣਾ ਜ਼ਰੂਰ ਐ। ਮੈਂ ਸਵੇਰੇ ਛੇ ਵਜੇ ਘਰੇ ਉਡੀਕੂੰਗਾ, ਕੁਵੇਲਾ ਨਹੀਂ ਕਰਨਾ।' ਤੇ ਦਾਸ ਦਾ ਹੁੰਗਾਰਾ ਸੁਣੇ ਬਿਨਾਂ ਉਹ ਇੰਜ ਤੁਰ ਗਿਆ, ਜਿਵੇਂ ਉਸ ਨੂੰ ਪਤਾ ਹੀ ਹੋਵੇ ਕਿ ਬੰਦਾ ਕੱਚੇ ਧਾਗੇ ਨਾਲ ਬੰਨ੍ਹਿਆ ਖਿੱਚੀਦਾ ਆਊਗਾ।

ਰਾਤ ਨੂੰ ਥੋੜ੍ਹਾ ਚਿਰੋਕੇ ਸੌਣ ਕਰਕੇ ਸਵੇਰੇ ਅੱਖ ਵੀ ਥੋੜ੍ਹੀ ਚਿਰੋਕੀ ਹੀ ਖੁੱਲ੍ਹੀ ਸੀ। ਘੜੀ ਵੱਲ ਵੇਖਿਆ, ਪੌਣੇ ਛੇ ਦਾ ਟਾਈਮ ਸੀ। ਅੱਧ-ਪਚੱਧਾ ਨਹਾ ਕੇ ਕੱਪੜੇ ਪਾਏ ਤੇ ਦਾਸ ਸੱਜਣ ਸਿੰਘ ਦੇ ਘਰ ਨੂੰ ਤੁਰ ਪਿਆ। ਸੱਤ ਕੁ ਵਜੇ ਜਦੋਂ ਦਾਸ ਸੱਜਣ ਸਿੰਘ ਦੇ ਵਿਹੜੇ ਵੜਿਆ ਤਾਂ ਲੇਟ ਆਉਣ ਲਈ ਬਹਾਨਾ ਘੜਦਾ ਜਾਵੇ। ਅੱਗੇ ਜਾਂਦਿਆਂ ਨੂੰ ਕਾਮਰੇਡ ਸੱਜਣ ਸਿੰਘ ਹਾਲੇ ਵਿਹੜੇ ਵਿੱਚ ਮੰਜੇ 'ਤੇ ਬੈਠਾ 'ਨਵਾਂ ਜ਼ਮਾਨਾ' ਹੀ ਪੜ੍ਹੀ ਜਾਵੇ। ਉਸ ਦੇ ਗਲੇ ਪਾਈ ਫਤੂਹੀ ਤੇ ਸਿਰ 'ਤੇ ਬੱਧਾ ਪਟਕਾ ਦੱਸਦੇ ਸਨ ਕਿ ਨਹਾਉਣ-ਧੋਣ ਵਿੱਚ ਹਾਲੇ ਹੋਰ ਵਕਤ ਲੱਗਣ ਵਾਲਾ ਹੈ।

ਦਾਸ ਨੂੰ ਆਇਆ ਵੇਖ ਕੇ ਉਸ ਨੇ ਕਿਹਾ, "ਲੈ ਬਈ ਵੱਟ ਕੱਢ 'ਤੇ ਕੱਲ੍ਹ ਬਾਦਲ ਦੇ ਸਿਮਰਨਜੀਤ ਸਿੰਘ ਮਾਨ ਨੇ ਇੱਕੋ ਬਿਆਨ ਦੇ ਕੇ, ਬੋਲਣ ਜੋਗਾ ਨਹੀਂ ਛੱਡਿਆ।"

ਦਾਸ ਨੇ ਹੌਲੀ ਜਿਹੀ ਕਿਹਾ, 'ਤੁਹਾਨੂੰ ਨਹਾਉਣ ਜੋਗਾ ਛੱਡਿਆ ਕਿ ਨਹੀਂ ?'

ਸੱਜਣ ਸਿੰਘ ਹੱਸ ਕੇ ਬੋਲਿਆ, 'ਬਾਦਲ ਦਾ ਇਹੋ ਜਿਹਾ ਨਹਾਉਣ ਕਰਾਇਆ ਮਾਨ ਨੇ, ਸਾਡੇ ਨਹਾਉਣ ਦੀ ਲੋੜ ਹੀ ਨਹੀਂ ਰਹੀ। ਮੈਂ ਜ਼ਰਾ ਕੱਪੜੇ ਪਾ ਲਵਾਂ, ਆਪਾਂ ਏਦਾਂ ਈ ਚੱਲ ਪੈਣਾ ਏ। ਉਂਜ ਵੀ ਅਸੀਂ ਮਜ਼ਦੂਰ ਜਮਾਤ ਦੇ ਨੁਮਾਇੰਦੇ ਬੁਰਜੁਆ ਲੀਡਰਾਂ ਵਾਂਗ ਬਹੁਤ ਨਹਾਉਣ-ਧੋਣ ਦੇ ਚੱਕਰ ਵਿਚ ਨਹੀਂ ਪੈਂਦੇ ਹੁੰਦੇ।'

ਤੇ ਉਹਨੇ ਪੰਜਾਂ ਕੁ ਮਿੰਟਾਂ ਵਿਚ ਹੀ ਤਿਆਰ ਹੋ ਕੇ '੮੧ ਮਾਡਲ ਦੇ 'ਜਾਵਾ' ਮੋਟਰਸਾਈਕਲ ਨੂੰ ਆਣ ਪੈਡਲ ਮਾਰਿਆ। ਤਿੰਨ-ਚਾਰ ਵਾਰ ਪੈਡਲ ਮਾਰਨ ਮਗਰੋਂ ਮੋਟਰਸਾਈਕਲ ਕਾਮਰੇਡਾਂ ਦੀ ਰੈਲੀ ਵਿਚ ਲੱਗਦੇ ਨਾਹਰਿਆਂ ਵਾਂਗ ਗੂੰਜਾਂ ਪਾਉਣ ਲੱਗ ਪਿਆ ਸੀ। ਪੰਦਰਾਂ ਕੁ ਮਿੰਟਾਂ ਵਿਚ ਜਦੋਂ ਅਗਲੇ ਪਿੰਡ ਪਹੁੰਚੇ ਤਾਂ ਸਿਰ ਪੀੜ ਕਰਨ ਲੱਗ ਪਿਆ ਸੀ। ਸਿਰ ਦੀ ਪੀੜ ਦੇ ਬਾਵਜੂਦ ਦਾਸ ਇਹ ਸੋਚੀ ਜਾ ਰਿਹਾ ਸੀ ਕਿ ਕਾਮਰੇਡ ਸੱਜਣ ਸਿੰਘ ਦੇ ਸਿਰ ਵਿੱਚ ਹੁਣ ਤੱਕ ਇਸ ਮੋਟਰਸ਼ਾਈਕਲ ਨੇ ਕੀ ਛੱਡਿਆ ਹੋਵੇਗਾ।

ਅੱਗੇ ਜਾਂਦਿਆਂ ਨੂੰ ਬਰਾਤ ਆ ਢੁੱਕੀ ਸੀ ਤੇ ਮਿਲਣੀ ਮਗਰੋਂ ਚਾਹ-ਪਾਣੀ ਛਕ ਰਹੀ ਸੀ। ਕੁੜੀ ਦਾ ਬਾਪ ਕਾਮਰੇਡ ਗੰਗਾ ਸਿੰਘ ਦਰਵਾਜ਼ੇ 'ਤੇ ਬਾਹਾਂ ਖਿਲਾਰ ਕੇ ਮਿਲਿਆ। ਕਾਮਰੇਡ ਸੱਜਣ ਸਿੰਘ ਨੇ ਘੁੱਟ ਕੇ ਜੱਫੀ ਪਾਉਂਦਿਆਂ ਪਹਿਲੀ ਗੱਲ ਕਹੀ, "ਵੇਖ ਲਿਆ ਕਾਮਰੇਡ, ਡੋਬ ਦਿੱਤਾ ਨਾ ਬੇੜਾ ਪਾਰਟੀ ਦੀ ਲਾਈਨ ਨੇ ? ਯੂ.ਪੀ. ਵਿਚ ਕਿਸੇ ਪਾਰਟੀ ਨੂੰ ਮਜੌਰਟੀ ਨਹੀਂ ਮਿਲੀ। ਜਿਹੜੀ ਹੰਗ 'ਸੰਬਲੀ ਬਣੀ ਆ, ਉਹਦੇ ਲਈ ਜ਼ਿੰਮੇਵਾਰੀ ਤੋਂ ਅਸੀਂ ਨਹੀਂ ਭੱਜ ਸਕਦੇ। ਸਾਡੀ ਦਾਅਪੇਚਕ ਲਾਈਨ ਹੀ ਠੀਕ ਨਹੀਂ ਸੀ।"

ਕਾਮਰੇਡ ਗੰਗਾ ਸਿੰਘ ਨੇ ਆਖਿਆ, 'ਕੋਈ ਨਹੀਂ, ਇਹ ਗੱਲਾਂ ਵਿਹਲੇ ਵੇਲੇ ਕਰ ਲਵਾਂਗੇ। ਬਰਾਤ ਜਲ-ਪਾਣੀ ਛਕ ਲਵੇ, ਫਿਰ ਤੁਸੀਂ ਵੀ ਛਕ ਲਵੋ।'

ਸੱਜਣ ਸਿੰਘ ਨੇ ਬਾਹਲੀ ਸਾਦਗੀ ਵਿਖਾਉਂਦੇ ਹੋਏ ਕਿਹਾ, 'ਕੋਈ ਗੱਲ ਨਹੀਂ ਕਾਮਰੇਡ, ਏਨਾ ਉਚੇਚ ਕਰਨ ਦੀ ਲੋੜ ਨਹੀਂ। ਅਸੀਂ ਬਰਾਤ ਦੇ ਨਾਲ ਹੀ ਛਕ ਲਵਾਂਗੇ...।' ਤੇ ਗੰਗਾ ਸਿੰਘ ਦਾ ਹੁੰਗਾਰਾ ਉਡੀਕੇ ਬਿਨਾਂ ਉਹ ਦਾਸ ਦੀ ਬਾਂਹ ਫੜ ਕੇ ਨਾਸ਼ਤੇ ਵਾਲੀ ਮੇਜ਼ ਵੱਲ ਤੁਰ ਪਿਆ ਸੀ।

ਜ਼ਰਾ ਕੁ ਇਕੱਲ ਮਿਲਦਿਆਂ ਦਾਸ ਨੇ ਉਸ ਨੂੰ ਕਿਹਾ, 'ਤੁਸੀਂ ਪਹਿਲਾਂ ਵਿਆਹ ਦੀ ਵਧਾਈ ਦੇਣੀ ਸੀ, ਆਉਂਦੇ ਸਾਰ ਹੀ ਸਿਆਸੀ ਗੱਲਾਂ ਛੋਹ ਬੈਠੇ।'

ਉਸ ਨੇ ਹੱਸ ਕੇ ਕਿਹਾ, 'ਕੋਈ ਗੱਲ ਨਹੀਂ, ਗੰਗਾ ਸਿੰਘ ਕਿਹੜਾ ਓਪਰੈ, ਆਪਣਾ ਕਾਮਰੇਡ ਈ ਆ।'

ਜਦੋਂ ਆਨੰਦ ਕਾਰਜ ਹੋਣ ਲੱਗੇ, ਕਾਮਰੇਡ ਸੱਜਣ ਸਿੰਘ ਦਾ ਸਾਰਾ ਧਿਆਨ ਗ੍ਰੰਥੀ ਨੂੰ ਇਹ ਸਮਝਾਉਣ ਵਿੱਚ ਲੱਗਾ ਹੋਇਆ ਸੀ ਕਿ ਮਗਰੋਂ ਅਸ਼ੀਰਵਾਦ ਦੇਣ ਲਈ ਉਸ ਨੂੰ ਵਕਤ ਚਾਹੀਦਾ ਹੈ। ਭਾਈ ਸਾਹਿਬ ਨੇ ਅਰਦਾਸ ਤੋਂ ਮਗਰੋਂ



Sri Satguru Jagjit Singh Ji eLibrary NamdhariElibrary@gmail.com

ਕਾਮਰੇਡ ਸੱਜਣ ਸਿੰਘ ਨੂੰ ਵਕਤ ਦੇ ਦਿੱਤਾ ਤਾਂ ਸਾਡਾ ਆੜ੍ਹੀ ਮਾਈਕ ਸਾਹਮਣੇ ਆਣ ਖਲੋਤਾ, "ਭਰਾਵੋ ਤੇ ਭੈਣੋਂ, ਤੁਸੀਂ ਬੜੇ ਸ਼ੁਭ ਮੌਕੇ 'ਤੇ ਆਏ ਹੋ, ਸਾਥੀ ਗੰਗਾ ਸਿੰਘ ਦੀ ਕਾਕੀ ਤੇ....ਤੇ, ਹਾਂ ਜੀ, ਕਾਕੇ ਦੇ ਪਿਤਾ ਜੀ ਦਾ ਨਾਂਅ ਮੈਨੂੰ ਭੁੱਲ ਗਿਆ, (ਹੇਠੋਂ ਕਿਸੇ ਨੇ ਕਹਿ ਦਿੱਤਾ, 'ਸਰਦੂਲ ਸਿੰਘ') ਹਾਂ, ਸਰਦਾਰ ਸਰਦੂਲ ਸਿੰਘ ਦੇ ਪੁੱਤਰ ਦਾ ਸ਼ੁਭ ਵਿਆਹ ਹੋਇਆ ਹੈ। ਪਰ ਭਰਾਵੋ, ਜਿੰਨਾ ਇਹ ਮੌਕਾ ਸਾਡੇ ਸਾਰਿਆਂ ਲਈ ਸ਼ੁਭ ਹੈ, ਓਨਾ ਹੀ ਦੇਸ਼ ਲਈ ਬਦਕਿਸਮਤੀ ਵਾਲਾ ਹੈ। ਦੇਸ਼ ਖਤਰਿਆਂ ਵਿਚ ਘਿਰਿਆ ਹੋਇਐ। ਯੂ.ਪੀ. ਵਿਚ ਮਾਇਆਵਤੀ ਦੀ ਸਰਕਾਰ ਬਣੀ ਤਾਂ ਵੀ ਖਤਰੈ, ਮੁਲਾਇਮ ਸਿੰਘ ਦੀ ਬਣੀ ਤਾਂ ਵੀ ਖਤਰੈ, ਕਲਿਆਣ ਸਿੰਘ ਦੀ ਬਣੀ ਤਾਂ ਵੀ ਖਤਰੈ। ਦੇਸ਼ ਵਿਚ ਫਿਰਕਾਪ੍ਰਸਤੀ ਦੀ ਹਨੇਰੀ ਚੜ੍ਹੀ ਆ ਰਹੀ ਏ। ਸਿਮਰਨਜੀਤ ਸਿੰਘ ਮਾਨ ਨੇ ਬਾਦਲ ਦੀ ਭੁਆਂਟਣੀ ਭੰਵਾ ਦਿੱਤੀ ਏ....।"

ਹੇਠੋਂ ਕਿਸੇ ਨੇ ਕਿਹਾ, "ਜੋੜੀ ਨੂੰ ਅਸ਼ੀਰਵਾਦ ਹੀ ਦਿਓ ਜੀ, ਬਾਕੀ ਗੱਲਾਂ ਲਈ ਫੇਰ ਜਲਸਾ ਕਰ ਲਵਾਂਗੇ।"

ਕਾਮਰੇਡ ਸੱਜਣ ਸਿੰਘ ਕਹਿਣ ਲੱਗਾ, 'ਮੈਂ ਅਸ਼ੀਰਵਾਦ ਹੀ ਦੇਣ ਲੱਗਾ ਹਾਂ। ਤੁਸੀਂ ਜਾਣਦੇ ਹੋ, ਅਮਰੀਕਾ ਵਿਚ ਰਾਸ਼ਟਰਪਤੀ ਦੀ ਚੋਣ ਹੋਣ ਵਾਲੀ ਏ। ਜੇ ਪਹਿਲਾਂ ਵਾਲਾ ਸੋਵੀਅਤ ਯੂਨੀਅਨ ਹੁੰਦਾ ਤਾਂ ਉਸ ਨੇ ਕੋਈ ਨਾ ਕੋਈ ਦਖਲ ਦੇਣਾ ਸੀ। ਯੇਲਤਸਿਨ ਤਾਂ ਅਮਰੀਕਨਾਂ ਦਾ ਪੱਠਾ ਹੈ। ਆਪਣੀ ਇਲੈਕਸ਼ਨ ਵਿਚ ਮਦਦ ਲੈ ਕੇ ਕਾਮਰੇਡਾਂ ਨੂੰ ਹਰਾ ਦਿੱਤਾ ਤੇ ਉਹਨਾਂ ਦੀ ਵਾਰੀ ਬਿਮਾਰ ਹੋ ਗਿਆ। ਉਹਦੀ ਵਲੋਂ ਬਿੱਲ ਕਲਿੰਟਨ ਜਿੱਤੇ ਜਾਂ ਜਾਰਜ ਬੁਸ਼, ਉਹਨੂੰ ਕੀ ? ਭਰਾਵੋ, ਇਰਾਕ ਦੁਆਲੇ ਸਾਮਰਾਜੀਆਂ ਦੀ ਘੇਰਾਬੰਦੀ ਅਜੇ ਮੁੱਕੀ ਨਹੀਂ ਸੀ, ਹੁਣ ਸਾਮਰਾਜੀ ਤਾਕਤਾਂ ਦੇ ਹੱਥ-ਠੋਕੇ ਕਾਬਲ ਵਿਚ ਵੀ ਕਾਬਜ਼ ਹੋ ਗਏ ਨੇ। ਉਹਨਾਂ ਨੇ ਲਾਸ਼ਾਂ ਖੰਬਿਆਂ ਨਾਲ ਟੰਗ ਦਿੱਤੀਆਂ ਏ....।'

ਹੇਠੋਂ ਫਿਰ ਕਿਸੇ ਨੇ ਟੋਕਿਆ, 'ਕਾਮਰੇਡ ਜੀ, ਆਪਾਂ ਕੀ ਲੈਣਾ ਕਾਬਲ ਤੋਂ ?'

ਉਹ ਹੋਰ ਤਰੰਗ ਵਿਚ ਆ ਗਿਆ, "ਲੈ, ਲੈਣਾ ਭਲਾ ਕਾਹਤੋਂ ਨਹੀਂ ? ਉਥੇ ਨਜੀਬਉੱਲਾ ਵਿਚਾਰਾ ਫਾਹੇ ਲਾ ਦਿੱਤਾ ਸੀ। ਉਹ ਕਾਮਰੇਡ ਸੀ, ਉਹ ਸਾਡਾ ਸਾਥੀ ਸੀ। ਉਹ ਸਾਡੇ ਗੰਗਾ ਸਿੰਘ ਦਾ ਵੀ ਸਾਥੀ ਸੀ। ਜੇ ਕੱਲ੍ਹ ਨੂੰ ਪੰਜਾਬ ਵਿਚ ਫਾਸ਼ੀ ਤਾਕਤਾਂ ਅੱਗੇ ਆ ਜਾਣ, ਉਹ ਮੇਰਾ ਸਿਰ ਵੀ ਖੰਭੇ ਨਾਲ ਟੰਗ ਦੇਣਗੀਆਂ, ਸਾਡੇ ਗੰਗਾ ਸਿੰਘ ਦਾ ਸਿਰ ਵੀ ਟੰਗ ਦੇਣਗੀਆਂ, ਜਿਸ ਦੀ ਧੀ ਦੇ ਅਨੰਦ-ਕਾਰਜ ਦੇ ਸ਼ੁਭ ਮੌਕੇ 'ਤੇ ਅਸੀਂ ਬੈਠੇ ਹੋਏ ਆਂ। ਮੈਂ ਤੁਹਾਡਾ ਬਹੁਤਾ ਸਮਾਂ ਨਾ ਲੈਂਦਾ ਹੋਇਆ ਏਨੇ ਕੁ ਲਫਜ਼ਾਂ ਨਾਲ ਕਾਕੇ ਤੇ ਬੀਬੀ ਨੂੰ ਸ਼ਰਧਾਂਜਲੀ...ਉਹ ਮੁਆਫ ਕਰਨਾ, ਅਸਲ ਵਿਚ ਮੇਰੀਆਂ ਅੱਖਾਂ ਅੱਗੇ ਅਜੇ ਵੀ ਵਿਚਾਰਾ ਕਾਮਰੇਡ ਨਜੀਬ ਘੁੰਮੀ ਜਾਂਦੈ। ਮੈਂ ਕਾਕੇ ਤੇ ਬੀਬੀ ਨੂੰ ਅਸ਼ੀਰਵਾਦ ਦੇਂਦਾ ਹਾਂ।"

ਆਨੰਦ-ਕਾਰਜ ਮਗਰੋਂ ਖਾਣ-ਪੀਣ ਦੀਆਂ ਮਹਿਫਲਾਂ ਜੁੜੀਆਂ ਤਾਂ ਪਤਾ ਹੀ ਨਾ ਲੱਗਾ ਕਿ ਦਾਸ ਨੂੰ ਕਾਮਰੇਡ ਗੰਗਾ ਸਿੰਘ ਨੂੰ ਕੋਲ ਬੈਠਾ ਛੱਡ ਕੇ ਕਾਮਰੇਡ ਸੱਜਣ ਸਿੰਘ ਕਦੋਂ ਤੁਰ ਗਿਆ ਸੀ। ਪਰ ਲੱਭਣ ਦੀ ਲੋੜ ਨਹੀਂ ਸੀ ਪਈ ਦਾਸ ਨੂੰ। ਥੋੜ੍ਹੀ ਦੇਰ ਬਾਅਦ ਇਕ ਨੁੱਕਰ ਵਿਚ ਪੈ ਰਹੇ ਰੌਲੇ-ਗੌਲੇ ਵਿਚ ਸੱਜਣ ਸਿੰਘ ਦੀ ਆਪਣੇ ਮੋਟਰਸਾਈਕਲ ਵਰਗੀ ਸੁਰੀਲੀ ਆਵਾਜ਼ ਵੱਖਰੀ ਸੁਣਾਈ ਦੇ ਗਈ ਸੀ।

ਦਾਸ ਉਸ ਨੁੱਕਰ ਵਿਚ ਗਿਆ ਤਾਂ ਵੇਖਿਆ ਕਿ ਇਕੱਠੀਆਂ ਦੋ-ਤਿੰਨ ਮੇਜ਼ਾਂ ਜੋੜ ਕੇ ਘੇਰੇ-ਘੇਰੇ ਵੀਹ ਕੁ ਜਣੇ ਜੁੜੇ ਬੈਠੇ ਸਨ। ਇਕ-ਦੋਂਹ ਤੋਂ ਬਿਨਾਂ ਬਾਕੀ ਸਾਰਿਆਂ ਦੇ ਹੱਥਾਂ ਵਿਚ ਸ਼ਰਬਤੀ ਰੰਗੇ ਪਦਾਰਥ ਵਾਲੇ ਗਿਲਾਸ ਫੜੇ ਹੋਏ ਸਨ। ਧਿਆਨ ਸਾਰਿਆਂ ਦਾ ਕਾਮਰੇਡ ਸੱਜਣ ਸਿੰਘ ਵੱਲ ਸੀ ਤੇ ਉਹ ਕਹਿ ਰਿਹਾ ਸੀ, 'ਤੁਹਾਨੂੰ ਨਹੀਂ ਪਤਾ, ਸਾਮਰਾਜਵਾਦੀ ਮਹਾਂਸ਼ਕਤੀ ਅਮਰੀਕਾ ਦੇ ਪੂੰਜੀਵਾਦੀਆਂ ਦੀਆਂ ਆਪਸੀ ਅੰਤਰ-ਵਿਰੋਧਤਾਈਆਂ ਏਨੀਆਂ ਜਟਿਲ ਹਨ ਕਿ ਉਹ ਉਹਨਾਂ ਦਾ ਹੱਲ ਕੱਢ ਸਕਣ ਦੇ ਅਸਮਰੱਥ ਹਨ। ਇਸੇ ਵਿਚੋਂ ਸਾਡਾ ਕੌਮੀ ਜਮਹੂਰੀ ਇਨਕਲਾਬ ਨਿਕਲੇਗਾ। ਪੂੰਜੀਪਤੀ ਵਰਗ ਹੱਥੋਂ ਪਰੋਲੇਤਾਰੀਏ ਦੇ ਬੰਦਖਲਾਸੀ ਦਾ ਹੋਰ ਕੋਈ ਦੂਜਾ ਸੰਕਲਪ ਹੀ ਨਹੀਂ...।'

ਵਿੱਚੋਂ ਕਿਸੇ ਨੇ ਟੋਕ ਕੇ ਕਿਹਾ, "ਕਾਮਰੇਡ ਜੀ, ਪੰਜਾਬੀ 'ਚ ਸਮਝਾਓ, ਕੀ ਕਹਿੰਦੇ ਹੋ ਤੁਸੀਂ।"

ਕਾਮਰੇਡ ਸੱਜਣ ਸਿੰਘ ਨੇ ਕਿਹਾ, "ਮੈਂ ਪੰਜਾਬੀ 'ਚ ਹੀ ਸਾਰੀ ਗੱਲ ਕੀਤੀ ਹੈ।"

ਉਸ ਬੰਦੇ ਨੇ ਫਿਰ ਕਿਹਾ, 'ਪਰ ਕਾਮਰੇਡ ਜੀ, ਇਹ ਜਿਹੜੀ ਤੁਸੀਂ ਪਰਲੋਤਾਰੀ, ਸਮਾਜਵਾਦ-ਸਾਮਰਾਜ, ਵਿਰੋਧਤਾ-ਅੰਤਰ, ਕਹੀ ਜਾਂਦੇ ਹੋ, ਇਹ ਸਾਡੀ ਸਮਝ ਵਿਚ ਨਹੀਂ ਜੇ ਪੈਂਦਾ। ਇਹ ਹੈ ਕਿਹੜੀ ਬੋਲੀ ਭਲਾ ?'

ਕਾਮਰੇਡ ਸੱਜਣ ਸਿੰਘ ਨੇ ਸਮਝਾਇਆ, 'ਪੂੰਜੀਪਤੀ ਵਰਗ ਅਤੇ ਸਾਮਰਾਜੀ ਸਾਜ਼ਿਸ਼ਾਂ ਕਾਰਨ ਸਾਡੀ ਪੰਜਾਬੀ ਬੋਲੀ ਪਰੋਲੇਤਾਰੀਏ ਦੀ ਸਮਝ ਵਿਚ ਨਹੀਂ ਆ ਰਹੀ। ਸਾਡੀ ਪਾਰਟੀ ਦਾ ਸੰਕਲਪ ਹੈ ਕਿ ਜਦੋਂ ਕੌਮੀ ਜਮਹੂਰੀ ਇਨਕਲਾਬ ਆਇਆ, ਸਾਰੇ ਲੋਕਾਂ ਨੂੰ ਇਨ੍ਹਾਂ ਅਰਥਾਂ ਦਾ ਗਿਆਨ ਹੋ ਜਾਵੇਗਾ।'

ਨਾ ਉਸ ਬੰਦੇ ਦੇ ਕੁਝ ਪੱਲੇ ਪਿਆ ਤੇ ਨਾ ਸਮਝਾਉਣ ਦੀ ਲੋੜ ਪਈ।



Sri Satguru Jagjit Singh Ji eLibrary NamdhariElibrary@gmail.com

ਏਨੇ ਨੂੰ ਰੋਟੀ ਲਈ ਆਵਾਜ਼ ਪੈ ਗਈ ਤੇ ਕਾਮਰੇਡ ਦੇ ਨਾਲ-ਨਾਲ ਦਾਸ ਵੀ ਪੇਟ ਪੂਜਾ ਕਰਨ ਤੁਰ ਪਿਆ। ਬਰਾਤ ਅਜੇ ਤੁਰੀ ਨਹੀਂ ਸੀ ਕਿ ਕਾਮਰੇਡ ਸੱਜਣ ਸਿੰਘ ਨੇ ਕਾਮਰੇਡ ਗੰਗਾ ਸਿੰਘ ਤੋਂ ਆਗਿਆ ਮੰਗ ਲਈ ਤੇ ਉਡਾਰੀ ਭਰਨ ਲੱਗੇ ਜਹਾਜ਼ ਨਾਲੋਂ ਵੱਧ ਰੌਲਾਂ ਪਾਉਂਦਾ 'ਜਾਵਾ' ਸੜਕ ਉੱਤੇ ਆਪਣਾ ਰੋਹਬ ਜਮਾਉਣ ਲੱਗ ਪਿਆ। ਰਾਹ ਵਿਚੋਂ ਇਕਦਮ ਸੱਜਣ ਸਿੰਘ ਨੂੰ ਪਤਾ ਨਹੀਂ ਕੀ ਸੁੱਝੀ, ਉਸ ਨੇ ਮੋਟਰਸਾਈਕਲ ਬੋਹੜ ਵਾਲੀ ਪਿੰਡ ਦੀਆਂ ਹਵੇਲੀਆਂ ਨੂੰ ਮੋੜ ਲਿਆ ਸੀ। ਪੁੱਛਣ ਉੱਤੇ ਉਸ ਨੇ ਦੱਸਿਆ, 'ਕਾਮਰੇਡ ਹਰਨਾਮ ਸਿੰਘ ਦਾ ਬਾਪ ਬਿਮਾਰ ਹੈ, ਪਤਾ ਨਹੀਂ ਕਦੋਂ ਅੱਖਾਂ ਮੀਟ ਜਾਵੇ। ਆਏ ਹਾਂ, ਪਤਾ ਲੈਂਦੇ ਜਾਈਏ।'

ਓਥੇ ਗਏ ਤਾਂ ਜਾਂਦਿਆਂ ਨੂੰ ਦਰੀ ਵਿਛੀ ਹੋਈ ਸੀ, ਜਿਸ ਉੱਤੇ ਦਸ-ਬਾਰਾਂ ਬੁੱਢੇ ਬੈਠੇ ਹੋਏ ਸਨ ਤੇ ਅਗਲੇ ਅੰਦਰੋਂ ਤੀਵੀਆਂ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਡਿਓਢੀ ਲੰਘਦਿਆਂ ਸੱਜਣ ਸਿੰਘ ਵਾਹਵਾ ਸੰਜੀਦਾ ਜਿਹਾ ਹੋ ਗਿਆ ਤੇ ਕਾਮਰੇਡ ਹਰਨਾਮ ਸਿੰਘ ਦੇ ਗਲ ਲੱਗ ਕੇ ਨੀਵੀਂ ਜਿਹੀ ਪਾ ਕੇ ਬੋਲਿਆ, 'ਅਸੀਂ ਤਾਂ ਪਤਾ ਲੈਣ ਆਏ ਸੀ, ਕਦੋਂ ਪੂਰਾ ਹੋਇਆ ਬਾਪੂ ?'

ਉਸ ਨੇ ਦੱਸਿਆ, 'ਉਹ ਤਾਂ ਕੱਲ੍ਹ ਤੜਕੇ ਪੂਰਾ ਹੋ ਗਿਆ ਸੀ, ਕੱਲ੍ਹ ਸ਼ਾਮੀਂ ਸਸਕਾਰ ਕਰ ਦਿੱਤਾ ਸੀ।'

ਕਾਮਰੇਡ ਸੱਜਣ ਸਿੰਘ ਬੋਲਿਆ, "ਅੱਛਾ, ਮਾੜੀ ਗੱਲ ਹੋਈ। ਹਾਂ ਸੱਚ, ਮੈਨੂੰ ਭੁੱਲ ਨਾ ਜਾਵੇ, ਮੰਗਲਵਾਰ ਤਸੀਲ ਕਮੇਟੀ ਦੀ ਮੀਟਿੰਗ ਹੈ। ਹੁਣ ਇਹ ਦੱਸ, ਤੇਰੇ ਪਿੰਡੋਂ ਮਾਨ ਦਲ ਨੂੰ ਵੱਧ ਵੋਟਾਂ ਮਿਲਣੀਆਂ ਕਿ ਬਾਦਲ ਦਲ ਨੂੰ ?"

ਉਸ ਨੇ ਵੀ ਅੱਗੋਂ ਉਸੇ ਰਉਂ ਵਿਚ ਦੱਸਿਆ, 'ਸਾਡੇ ਤਾਂ ਇਥੇ ਬਾਗੀ ਉਮੀਦਵਾਰ ਧੰਨਾ ਸਿੰਘ ਦਾ ਜ਼ੋਰ ਐ।'

ਸੱਜਣ ਸਿੰਘ ਗੜ੍ਹਕਿਆ, "ਸਵਾਹ ਜ਼ੋਰ ਐ, ਲੜਾਈ ਤਾਂ ਬਾਦਲ ਤੇ ਮਾਨ ਦਲਾਂ 'ਚ ਹੈ।"

ਹਰਨਾਮ ਸਿੰਘ ਵੀ ਪੱਕਾ ਕਾਮਰੇਡ ਸੀ, ਉਸ ਨੇ ਮੋੜਵਾਂ ਜਵਾਬ ਦਿੱਤਾ, 'ਉਹ ਤੁਹਾਡੇ ਪਿੰਡ ਹੋਊ, ਬਾਕੀ ਸਾਰੇ ਇਲਾਕੇ ਵਿਚ ਮਾਨ ਕਿਤੇ ਨਹੀਂ ਦਿਸਦਾ। ਬਾਗੀ ਧੜੇ ਨੇ ਲੜਾਈ ਬਣਾ ਵੀ ਲਈ ਆ।'

ਸੱਜਣ ਸਿੰਘ ਨੇ ਜ਼ੋਰ ਦੇ ਕੇ ਕਿਹਾ, "ਤੇਰੀ ਗੱਲ ਤੱਥਾਂ 'ਤੇ ਆਧਾਰਤ ਨਹੀਂ ਕਾਮਰੇਡ, ਲੜਾਈ ਦੋਹਾਂ ਅਕਾਲੀ ਦਲਾਂ ਵਿਚ ਈ ਐ।" ਹਰਨਾਮ ਸਿੰਘ ਨੇ ਵੀ ਉੱਚੀ ਸੁਰ ਵਿਚ ਕਿਹਾ, 'ਤੇਰੇ ਤੱਥ ਵੀ ਤੇਰੇ ਵਰਗੇ ਈ ਨੇ, ਪਿਛਲੀ ਮੀਟਿੰਗ ਵਿਚ ਤੂੰ ਕਹੀ ਜਾਂਦਾ ਸੀ ਯੂ.ਪੀ. ਵਿਚ ਲੜਾਈ ਬਸਪਾ ਤੇ ਭਾਜਪਾ ਵਿਚ ਐ, ਹੁਣ ਸੁਣਾ।'

ਸੱਜਣ ਸਿੰਘ ਨੇ ਤੈਸ਼ ਵਿਚ ਆ ਕੇ ਕਿਹਾ, 'ਉਹਨਾਂ ਵਿਚ ਹੀ ਰਹਿਣੀ ਸੀ, ਤੇਰੀ ਪਾਰਟੀ ਲਾਈਨ ਨੇ ਮਰਵਾ ਦਿੱਤਾ।'

ਹਰਨਾਮ ਸਿੰਘ ਵੀ ਤੈਸ਼ ਵਿਚ ਆ ਗਿਆ, "ਮੇਰੀ ਇਕੱਲੇ ਦੀ ਨਹੀਂ, ਤੇਰੀ ਵੀ ਐ ਪਾਰਟੀ। ਸਥਾਨਕ ਪ੍ਰਸਥਿਤੀਆਂ ਨੂੰ ਵੀ ਨੋਟ ਕਰੀਦੈ। ਹੁਣ ਵੇਖੀਂ, ਸ਼੍ਰੋਮਣੀ ਕਮੇਟੀ 'ਚ ਵੀ ਤੇਰਾ ਮਾਨ ਨਹੀਂ ਉਂ ਲੱਭਣਾ...।"

ਉਸ ਦੀ ਗੱਲ ਟੋਕ ਕੇ ਵਾਹਵਾ ਉੱਚੀ ਆਵਾਜ਼ ਵਿਚ ਸੱਜਣ ਸਿੰਘ ਨੇ ਕਿਹਾ, 'ਤੇਰਾ ਬਾਗੀ ਟੋਲਾ ਵੀ ਨਹੀਂ ਉਂ ਲੱਭਣਾ।'

ਏਨੇ ਨੂੰ ਅੰਦਰਲਾ ਰੋਣ-ਧੋਣ ਬੰਦ ਕਰਕੇ ਬੀਬੀਆਂ ਸਾਡੇ ਘੇਰੇ-ਘੇਰੇ ਆਣ ਜੁੜੀਆਂ। ਉਹਨਾਂ 'ਚੋਂ ਇਕ ਮਾਈ ਨੇ ਦਾਸ ਨੂੰ ਪੁੱਛਿਆ, 'ਇਹਨਾਂ ਨੂੰ ਕੀ ਹੋਇਐ।'

ਜਦੋਂ ਦਾਸ ਦੇ ਮੂੰਹੋਂ ਆਵਾਜ਼ ਨਾ ਨਿਕਲੀ ਤਾਂ ਉਸ ਨੇ ਹਲੂਣ ਕੇ ਕਿਹਾ, 'ਭਾਈ ਮੈਂ ਪੁੱਛਦੀ ਆਂ, ਇਹ ਲੜੀ ਕਾਹਤੋਂ ਜਾਂਦੇ ਨੇ ?'

ਦਾਸ ਨੇ ਇਹੋ ਸਵਾਲ ਉਹਨਾਂ ਦੋਵਾਂ ਨੂੰ ਪੁੱਛ ਲਿਆ। ਸੱਜਣ ਸਿੰਘ ਨੇ ਇਕਦਮ ਇੰਜ ਵੇਖਿਆ, ਜਿਵੇਂ ਦਾਸ ਦੇ ਸਿਰ 'ਤੇ ਸਿੰਗ ਉੱਗ ਆਏ ਹੋਣ। ਫਿਰ ਬੋਲਿਆ, 'ਸ਼੍ਰੋਮਣੀ ਕਮੇਟੀ ਦੀ ਚੋਣ ਬਾਰੇ ਵਿਚਾਰ ਕਰ ਰਹੇ ਸਾਂ।'

ਦਾਸ ਨੇ ਪੁੱਛਿਆ, 'ਤੁਸੀਂ ਕਿਸ ਨੂੰ ਵੋਟ ਪਾਉਣੀ ਹੈ ?'

ਉਸ ਨੇ ਖਿਝ ਕੇ ਕਿਹਾ, 'ਕਿਸੇ ਨੂੰ ਵੀ ਨਹੀਂ। ਮੇਰੀ ਵੋਟ ਹੀ ਨਹੀਂ ਬਣੀ। ਇਹ ਪਾ ਦੇਵੇ ਜਿਹਨੂੰ ਪਾਉਣੀ ਏਂ।'

ਹਰਨਾਮ ਸਿੰਘ ਵੀ ਨਾਲ ਹੀ ਬੋਲ ਪਿਆ, 'ਤੂੰ ਨਹੀਂ ਪਾਉਣੀ ਤਾਂ ਮੈਂ ਕਿਹੜਾ ਪਾਉਣ ਤੁਰਿਆ ਜਾਨੈ ? ਮੈਂ ਤਾਂ ਆਪ ਨਹੀਂ ਵੋਟ ਬਣਾਈ।'

ਡੌਰ-ਭੌਰ ਹੋਈ ਉਸ ਮਾਈ ਨੇ ਪੁੱਛਿਆ, 'ਫਿਰ ਲੜੀ ਕਾਹਤੋਂ ਜਾਨੇ ਓ ?'

ਕਾਮਰੇਡ ਸੱਜਣ ਸਿੰਘ ਹੌਲੀ ਜਿਹੀ ਬੋਲਿਆ, "ਨਹੀਂ ਲੜਨਾ ਕਾਹਤੋਂ ਐ ? ਇਹ ਤਾਂ ਵਿਚਾਰੇ ਬਾਪੂ ਦੀਆਂ ਗੱਲਾਂ ਯਾਦ ਕਰਦੇ-ਕਰਦੇ ਜ਼ਰਾ ਕੁ ਵਿਚਾਰਧਾਰਕ ਗੱਲ ਚੱਲ ਪਈ ਸੀ। ਅੱਛਾ ਕਾਮਰੇਡ, ਅਸੀਂ ਚੱਲਦੇ ਆਂ। ਮੀਟਿੰਗ 'ਤੇ ਵੇਲੇ ਸਿਰ ਪਹੁੰਚ ਜਾਈਂ।"

ਜਿਹੜੀ ਕਸਰ ਉਹਨਾਂ ਦੋਵਾਂ ਦੀ 'ਵਿਚਾਰਧਾਰਕ ਬਹਿਸ' ਵਿਚ ਰਹਿ ਗਈ ਸੀ, ਉਹ ਪਿੰਡ ਤੱਕ ਪਹੁੰਚਦਿਆਂ-ਪਹੁੰਚਦਿਆਂ 'ਜਾਵਾ' ਮੋਟਰਸਾਈਕਲ ਨੇ ਪੂਰੀ ਕਰ ਦਿੱਤੀ।

ਅਗਲੇ ਦੋ ਕੁ ਦਿਨ ਸਿਰ ਪੀੜ ਕਾਰਨ ਘਰੋਂ ਨਹੀਂ ਸੀ ਨਿਕਲਿਆ ਦਾਸ, ਪਰ ਹਰ ਵੇਲੇ ਇਹੋ ਸੰਸਾ ਲੱਗਾ ਰਿਹਾ ਸੀ ਕਿ ਕਿਧਰੇ ਕਾਮਰੇਡ ਸੱਜਣ ਸਿੰਘ ਪਤਾ ਲੈਣ ਨਾ ਆਣ ਵੜੇ।

*(ਨਵੀਂ ਛਪੀ ਪੁਸਤਕ 'ਰੰਗ ਦੁਨੀਆਂ ਦੇ' ਵਿਚੋਂ)*



Sri Satguru Jagjit Singh Ji eLibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESATE,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

# ਇਕ ਕਹਾਣੀ—ਸੱਤ ਦਿਨ

—ਦਲਬੀਰ ਸਿੰਘ 'ਤਰਸ' ਅਸਟ੍ਰੇਲੀਆ

ਪਰਮਿੰਦਰ ਸਿੰਘ ਦੇ ਇਸ ਪਿਆਰੇ ਰਿਸ਼ਤੇ ਨੂੰ ਹੋਰ ਭੀ ਗੂੜ੍ਹਾ ਕਰ ਛੱਡਿਆ ਹੈ। ਇਹਾ ਗਾੜ੍ਹ ਹੀ ਹੈ ਜੋ ਸਾਨੂੰ ਦੋਵਾਂ ਪਰਿਵਾਰਾਂ ਨੂੰ ਇਕ ਦੂਸਰੇ ਦੇ ਦਿਨਸੁਦ ਵਿਹਾਰਾਂ ਸੰਬੰਧ ਵਿੱਚ ਜੋੜੀ ਰਖਦਾ ਹੈ।

ਘਰ ਤਕਰੀਬਨ ਅਸੀਂ ਰਾਤ ਦੇ ਅੱਠ ਵਜੇ ਪੁਜ ਗਏ ਤੇ ਪਰਮਿੰਦਰ ਸਿੰਘ ਝਟ ਮਗਰੋਂ ਹੀ ਪੌੜੀਆਂ ਉਤਰ ਰਿਹਾ ਸੀ ਜੋ ਬਾਹਰੋਂ ਹੀ ਸਿਧੀਆਂ ਉਪਰ ਜਾਂਦੀਆਂ ਸਨ।

ਪੁਰਾਣੇ ਡੀਜ਼ਾਈਨ ਵਿੱਚ ਬਣਿਆ ਘਰ, ਕਾਫੀ ਖੁਲ੍ਹਾ ਡੁਲ੍ਹਾ ਜਿਸ ਨੂੰ ਪਰਮਿੰਦਰ ਸਿੰਘ ਦੀ ਹਥ ਕਲਾ ਨੇ ਨਰੋਈ ਨਵੀਨਤਾ ਦੇ ਰੱਖੀ ਸੀ। ਵੜਦਿਆਂ ਹੀ ਖੁਲ੍ਹਾ ਲਾਂਜ ਰੂਮ ਆ ਜਾਂਦਾ ਹੈ। ਚਾਰ ਕਮਰਿਆਂ ਵਿਚਕਾਰੋਂ ਹੇਠਾਂ ਨੂੰ ਪੌੜੀਆਂ ਉਤਰਦੀਆਂ ਜੋ ਬੈਸਮੈਂਟ ਤੇ ਗਰਾਜ ਨੂੰ ਜਾਂਦੀਆਂ ਹਨ। ਪਰਮਿੰਦਰ ਸਿੰਘ ਨੇ ਦੋ ਸ਼ਾਨਦਾਰ ਕਮਰੇ ਨਵ-ਵਿਆਹੇ ਨੂੰਹ-ਪੁਤਰ ਲਈ ਬਣਾ ਰਖੇ ਸਨ।

ਮੇਰਾ ਤੇ ਮੰਮੀ ਦਾ ਸਮਾਨ ਉਪਰ ਵੱਖਰਿਆਂ ਕਮਰਿਆਂ ਵਿੱਚ ਟਿਕਾ ਜਿਵੇਂ ਉਨ੍ਹਾਂ ਮੇਰੇ ਸੁਵਖਤੇ ਦੇ ਸਾਰੇ ਕੰਮ ਕਾਰਣ ਖੜਾਕ ਤੋਂ ਸਭ ਨੂੰ ਫਰੀ ਕਰ ਦਿੱਤਾ। ਲਾਲੀ ਹੋਰੀਂ ਹੇਠਾਂ ਇਕ ਕਮਰੇ ਵਿੱਚ ਬੜੇ ਅਰਾਮ ਲਈ ਟਿਕਾ ਦਿੱਤੇ ਗਏ।

ਸਾਰੇ ਇਹ ਖਾਣੇ ਲਈ ਤਿਆਰ ਹੋ ਗਏ ਤੇ ਮੈਂ ਇਨ੍ਹਾਂ ਦੇ ਛੋਟੇ ਲੜਕੇ Jason (ਸਰਬਦੀਪ) ਤੋਂ ਜੋ ਅੱਜ ਕੱਲ ਬਿਰਸਬੇਨ ਯੂਨੀਵਰਸਿਟੀ ਵਿੱਚ ਕਾਮਰਸ ਗ੍ਰੈਜੂਏਸ਼ਨ ਦੇ ਆਖਰੀ ਸਾਲ ਵਿੱਚ ਹੈ, ਤੋਂ ਸਵੇਰ ਦੀ ਵਾਕਿੰਗ ਦਾ ਪ੍ਰੋਗਰਾਮ ਉਲੀਕ, ਰਾਤ ਦੇ ਕੰਮ ਲਈ ਸਾਰਿਆਂ ਤੋਂ ਛੁੱਟੀ ਲੈ ਆਪਣੇ ਕਮਰੇ ਵਿੱਚ ਚਲਾ ਗਿਆ।

ਇਹ ਸਾਰੇ ਸਵੇਰ ਦੇ ਪ੍ਰੋਗਰਾਮ ਨੂੰ ਮੁਖ ਰਖ ਸਵਖਤੇ ਆਰਾਮ ਗੋਚਰੇ ਹੋ ਗਏ ਤੇ ਮੈਂ ਕੁਝ ਲਾਈਟ ਖਾਣਾ ਖਾ ਤਿੰਨ ਵਜੇ ਦਾ ਆਲਾਰਮ ਲਾ ਇਸ ਆਪਣੇ ਪੁਰਾਣੇ ਸ਼ਹਿਰ ਮੁਰਵਿਲੰਭੇ ਦੇ ਸੁਪਨੇ ਲੈਣ ਲਈ ਨੀਂਦ ਦੀ ਉਡੀਕ ਵਿੱਚ ਹੋ ਗਿਆ।

ਮੁਰਵਿਲੰਭਾ (Murwillumbha) ਟਵੀਡ ਨਦੀ ਤੇ ਵਸਿਆ ਇਕ ਸ਼ਾਨਦਾਰ ਸਾਫ਼ ਸੁੰਦਰ ਕਸਬਾ ਹੈ। ਨਿਊ ਸਾਊਥ ਵੇਲਜ਼ ਰੇਲਵੇ ਦਾ ਇਹ ਆਖਰੀ ਸਟੇਸ਼ਨ ਹੈ। ਅਗੋਂ ਬ੍ਰਿਜ਼ਬਨ ਨੂੰ ਬੱਸ ਰਾਹੀਂ ਜਾਣਾ ਪੈਂਦਾ ਹੈ। ਆਬਾਦੀ ਅੱਜ ਭੀ ਦਸ ਹਜ਼ਾਰ ਤੋਂ ਘੱਟ ਹੀ ਹੈ। ਤਾਂ ਹੀ ਇਸ ਤੇ ਟਾਊਨ ਦੀ ਉਪਾਧੀ ਅੱਜ ਭੀ ਘੱਟਦੀ ਹੈ।

ਟਵੀਡ ਰਿਵਰ ਸਾਰੀ ਵਾਦੀ ਵਿੱਚ ਉਂਗਲਾਂ ਵਾਂਗ Creeks ਨਾਲਿਆਂ ਵਿਚ ਵਿਛਿਆ, ਦਰਿਆ ਦਾ ਰੂਪ ਧਾਰਨ ਕਰਕੇ ਟਵੀਡ ਹੈਡ (ਕਵੀਨਸਲੈਂਡ ਬੋਰਡਰ ਤੇ ਸ਼ਹਿਰ) ਨਜ਼ਦੀਕ ਸਮੁੰਦਰ ਵਿੱਚ ਜਾ ਮਿਲਦਾ ਹੈ। ਜ਼ਰੂਰੀ ਨਹੀਂ ਬਾਰਸ਼ ਵਿੱਚ ਇਹ ਉਛਲ ਖਲੋਵੇ। ਪਾਣੀ ਪਹਾੜੀਓਂ ਉਤਰ ਸਮੁੰਦਰ ਵਿੱਚ ਜਾ ਸਮਾਉਂਦਾ ਹੈ। ਪਰ ਕਈ ਵੇਰ ਨਾ ਬਾਰਸ਼ ਹੋਣ ਤੇ ਭੀ ਸਮੁੰਦਰੀ ਚੜ੍ਹਾ ਕਾਰਨ ਦਰਿਆ ਹੜ੍ਹ ਦੀ ਸੀਮਾਂ ਤਕ ਪੁਜ ਜਾਂਦਾ ਹੈ। ਜੇ ਕਿਧਰੇ ਦੋਵੇਂ ਹਾਲਾਤ ਜੁੜ ਜਾਣ ਮੁਰਵਿਲੰਭੇ ਵਿਚ ਕਿਸ਼ਤੀਆਂ ਚਲਣ ਲਗ ਪੈਂਦੀਆਂ ਹਨ। ਫਲੈਟ ਵਿੱਚ, ਫਲੱਡ ਨੂੰ ਮੁੱਖ ਰਖਦਿਆਂ ਦੋ ਛੱਤੋਂ ਘਟ ਇਮਾਰਤਾਂ ਬਣਾਣ ਦੀ ਇਜਾਜ਼ਤ ਨਹੀਂ।

ਟਵੀਡ ਰਿਵਰ ਨਾਲ ਸਬੰਧਤ ਵੈਲੀ ਨੂੰ ਟਵੀਡ ਵੈਲੀ ਕਰਕੇ ਜਾਣਿਆ ਜਾਂਦਾ ਹੈ। ਮੁਰਵਿਲੰਭੇ ਦੀ ਸਟਰੀਟ, ਉਚੀ ਬਿਲਡਿੰਗਜ਼, ਪਹਾੜੀ ਦਰਿਸ਼ ਦੀ ਸੁਦੰਰਤਾ ਮਾਨਣ ਯੋਗ ਹੈ। ਟਵੀਡ ਦੀ ਸੱਜੀ ਬਾਹੀ ੧੪ ਕੁ ਮੀਲ ਦੀ ਵਿਥ ਤੇ ਸਮੁੰਦਰੀ ਲਹਿਰ ਨਾਲ ਸਿਮਟੀ ਬੜਾ ਦਿਲਕਸ਼ ਨਜ਼ਾਰਾ ਪੇਸ਼ ਕਰਦੀ ਹੈ। ਕਿਨਾਰੇ ਕਿਨਾਰੇ ਲੋਕਾਂ ਨੇ ਸੈਰਗਾਹ ਤੇ ਗਰਮਾਇਸ਼ ਠੰਢਿਆਉਣ ਲਈ ਬੀਚਜ਼ ਬਣਾ ਲਏ ਹਨ ਜਿਨ੍ਹਾਂ ਤੇ ਗਰਮੀ ਰੁੱਤੇ ਭੀੜ ਲਗੀ ਰਹਿੰਦੀ ਹੈ।

'ਟਵੀਡ ਵੈਲੀ'—ਡੇਅਰੀ, ਟਿੰਬਰ ਇੰਡਸਟ੍ਰੀ, ਗੰਨਾ ਤੇ ਕੇਲਾ ਉਤਪਾਦਨ ਤੇ ਨਿਰਭਰ ਹੈ। ਕਿਸੇ ਸਮੇਂ ਵਿੱਚ ਕੁਦਰਤੀ ਚੀਰੇ ਫਾੜੇ ਇਹ ਵਾਲਕੈਨਿਕ ਪਹਾੜ ਬੜੀ ਅਮੀਰ ਉਪਜਾਊ ਧਰਤੀ ਵਿੱਚ ਸੰਵਰੇ, ਕਚਨਾਰ ਰੁਖ ਪੈਦਾ ਕਰਦੇ ਹਨ। ਅੱਜ ਤੋਂ ੩੦-੩੫ ਬਰਸ ਪਹਿਲੋਂ ਇੱਥੇ ਕੇਲੇ ਦੀ ਬੜੀ ਹੀ ਘਣੀ ਪੈਦਾਵਾਰ ਸੀ।

ਅੱਜ ਸਵੇਰ ਦੀ ਅੱਖ ਸਾਡੇ ਸਫ਼ਰ ਦੇ ਚੌਥੇ ਦਿਨ ਵਿੱਚ ਖੁੱਲੀ। ਪਰੋਗਰਾਮ ਅਨੁਸਾਰ ਅਸੀਂ ਸਾਰੇ, (ਦੋ ਭਰਾਵਾਂ Jason ਤੇ Pole ਤੋਂ ਛੁੱਟ), ਦੋ ਕਾਰਾਂ ਵਿੱਚ, ਨਾਸ਼ਤੇ ਤੋਂ ਬਾਦ ਤਕਰੀਬਨ ੯ ਵਜੇ ਘਰੋਂ ਨਿਕਲ ਤੁਰੇ।

'ਲਾਲੀ', 'ਰੁਮਿੰਦ' ਲਈ ਇਹ ਬਿਲਕੁਲ ਨਵਾਂ ਤਜਰਬਾ ਸੀ। ਗੁਡੀ ਕੁਲਜੀਤ ਕੌਰ (ਪਰਮਿੰਦਰ ਸਿੰਘ ਦੀ ਨੂੰਹ) ਭੀ ਥੋੜ੍ਹਾ ਚਿਰ ਪੰਜਾਬੋਂ ਆਇਆਂ ਹੋਣ ਕਾਰਨ ਬਹੁਤ ਬਾਹਰ ਫਾਰਮਾਂ ਵਿੱਚ ਨਹੀਂ ਸੀ ਗਈ।

ਲਾਲੀ ਦੀ ਕਾਰ ਵਿੱਚ ਤਿੰਨੇ ਗੁਡੀਆਂ ਤੇ ਮੰਮੀ। ਦੂਸਰੀ ਵਿਚ ਮੈਂ ਤੇ ਪਰਮਿੰਦਰ। ਮੰਮੀ ਨੂੰ ਇਸ ਇਲਾਕੇ ਦੀ ਮੈਥੋਂ ਭੀ ਵਧ ਵਾਕਫ਼ੀਅਤ ਸੀ ਤੇ ਸਾਰੇ ਉਸ ਤੇ ਗੁਡੀ ਕੁਲਵਿੰਦਰ ਦੀ ਗਾਈਡੈਂਸ ਤੇ ਖੁਸ਼ ਸਨ।

ਸ਼ਹਿਰ ਛਡਦਿਆਂ ਹੀ ਮਿਸਟਰ ਐਨਥਨੀ, ਜੋ ਅਸਟ੍ਰੇਲੀਅਨ ਕੰਟਰੀ ਪਾਰਟੀ ਦਾ ਲੀਡਰ ਤੇ ਅਸਟ੍ਰੇਲੀਏ ਦਾ



Sri Satguru Jagjit Singh Ji eLibrary NamdhariElibrary@gmail.com

ਡਿਪਟੀ ਪਰਾਈਮਨਿਸਟਰ ਕਾਫੀ ਦੇਰ ਰਹਿ ਚੁੱਕਾ ਹੈ, ਤੇ ਅੱਜ ਕੱਲ੍ਹ ਉਸੇ ਦਾ ਪੁਤਰ ਉਸੇ ਸੀਟ ਤੋਂ ਐਂਨਬਰੇ ਜਾਂਦਾ ਹੈ, ਦਾ ਡੇਅਰੀ ਫਾਰਮ ਸ਼ੁਰੂ ਹੋ ਜਾਂਦਾ ਹੈ। Doug Anthony ਤੇ ਅੱਜ ਕਲ੍ਹ ਰਿਟਾਇਰਡ ਹੈ। ਹਿਲ ਦੇ ਉਪਰ ਉਸ ਦਾ ਘਰ ਹੈ। ਇਸੇ ਘਰ, ਡੇਅਰੀ ਫਾਰਮ ਵਿੱਚ ਉਸਦਾ ਵਾਸ ਹੈ। ਸਾਦਾ ਮਨੁਖ, ਸਾਦਾ ਰਹਿਣ ਬਹਿਣ, ਮਿਸਜ਼ ਨੂੰ ਗਾਈਆਂ ਚੋਣ ਵਿੱਚ ਕੋਈ ਸੰਕੋਚ ਨਹੀਂ ਸੀ ਹੁੰਦਾ। ਇਨ੍ਹਾਂ ਦੇ ਵੱਡੇ ਲੜਕੇ, ਤੇ ਸਾਡੀ ਵੱਡੀ ਗੁਡੀ (ਜਦਬੀਰ) ਦਾ ਜਨਮ ਇਕੋ ਦਿਨ ਹੌਸਪੀਟਲ ਵਿੱਚ ਹੋਇਆ ਸੀ ਤੇ ਵਿਜ਼ਟਿੰਗ ਸਮੇਂ ਐਨਥਨੀ ਪਰਿਵਾਰ ਪਹਿਲੋਂ ਮੰਮੀ ਪਾਸ ਆਇਆ ਕਰਦਾ ਸੀ। ਕਈ ਵੇਰ ਇਨ੍ਹਾਂ ਦੇ ਘਰ ਜਾਣ ਤੇ ਪਿਆਰ ਚੱਖਣ ਦਾ ਅਵਸਰ ਭੀ ਮਿਲਿਆ ਸਾਨੂੰ।

ਟਵੀਡ ਰਿਵਰ ਦੀ ਇਕ ਸ਼ਾਖ ਇਸ ਦੇ ਫਾਰਮ ਵਿੱਚੋਂ ਦੀ ਲੰਘਦੀ ਹੈ। ਪੁੱਲ ਟੱਪ ਕੇ ਅਸੀਂ ਅੱਗੇ ਨਜ਼ਦੀਕ ਆ ਰਹੀਆਂ ਪਹਾੜੀਆਂ ਦੇ ਫ਼ਲੈਟ ਕਦਮਾਂ ਵਿਚ, ਗਊਆਂ ਸੰਗ ਹਰਿਆਂ ਘਾਵਾਂ ਵਿੱਚ ਗੁਆਚ ਗਏ। ਸੁਹਾਵਣਾ ਮੌਸਮ, ਪੱਕੀ ਸੜਕ ਦਾ ਸ਼ਾਨਦਾਰ ਵਲੇਵੇਂ ਮਾਰਦਾ ਟੋਟਾ ਪਹਾੜੀਆਂ ਵੱਲੋਂ ਕੋਈ ਸਾਈਕਲਿਸਟ ਟ੍ਰੇਨਿੰਗ ਤੋਂ ਆਉਂਦਾ ਲੰਘ ਜਾਂਦਾ।

ਪੰਜ ਸੱਤ ਕੁ ਮਿੰਟ ਬਾਦ ਅਸੀਂ ਕੱਚੀ ਗਰੈਵਲ ਸੜਕ ਤੇ ਪਹਾੜ ਵਲ ਨੂੰ ਵਧ ਰਹੇ ਸਾਂ। ਯਾਦ ਹੈ ਸ੍ਰੀ ਮਹਾਰਾਜ ਜੀ ਇਨ੍ਹਾਂ ਸੜਕਾਂ ਤੇ ਕਾਰ ਆਪ ਚਲਾਣ ਵਿੱਚ ਕਿੰਨੀ ਖੁਸ਼ੀ ਅਨੁਭਵਿਆ ਕਰਦੇ ਸਨ। ਉਸ ਵੇਲੇ ਅਸਾਂ ਅਜੇ ਨਵੀਂ ਕਾਰ ਲਈ ਸੀ। ਵਲੇਵੇਂ ਖਾਂਦੇ ਪੰਜਾਂ ਕੁ ਮਿੰਟਾਂ ਬਾਦ ਅਸੀਂ ਉਸ ਪਹਾੜੀ ਪਾਸ ਪੁਜ ਗਏ ਜਿਸ ਤੇ ਕਦੇ ਸਾਡਾ ਕੇਲਾ ਹੋਇਆ ਕਰਦਾ ਸੀ। ਤੀਹ ਕੁ ਏਕੜ ਵਲਗ ਕੇ ਇਹ ਪਹਾੜੀ ਘੁੰਮ ਕੇ ਉਸ ਘਰ ਦੇ ਉਪਰ ਤਕ ਜਾ ਪਸਰਦੀ ਹੈ, ਜਿਸ ਘਰ ਮਹਾਰਾਜ ਜੀ ਸਾਡੇ ਪਰਿਵਾਰ ਨਾਲ ਤਿੰਨ ਕੁ ਦਿਨ ਵਿਚਰੇ ਸਨ।

"ਕੀ ਤੁਸੀਂ ਤੇ ਬਾਬਾ ਜੀ ਇਸ ਪਹਾੜੀ ਤੇ ਕੰਮ ਕਰਨ ਲਈ ਪੈਦਲ ਚੜ੍ਹਦੇ ਸੌ ?" ਜਵਾਨ 'ਲਾਲੀ ਨੇ ਤਕਰੀਬਨ ੧ ਕਿ.ਮੀ. ਦੀ ਚੜ੍ਹਾਈ ਵਲ ਤਕਦਿਆ, ਸੁੰਨ ਜਿਹਾ ਖਲੋ ਕੇ ਆਖਿਆ।

"ਕੀ ਤੂੰ ਹਿੰਮਤ ਕਰ ਸਕਦਾ ਹੈਂ ?" ਪਰਮਿੰਦਰ ਪਾਸੋਂ ਨਾ ਰਿਹਾ ਗਿਆ।

ਅੱਜ ਇਹ ਸਭ ਕੁਝ ਉਜੜਿਆ ਜਿਹਾ ਲੱਗ ਰਿਹਾ ਸੀ। ਅੱਗੇ ਤੋਂ ਹਾਲਤ ਕਿੰਨੀ ਵਿਗੜ ਚੁੱਕੀ ਸੀ। ਘਰ ਦੇ ਬਾਹਰ ਅਸੀਂ ਰੁਕੇ, ਕਾਰਾਂ ਪਾਰਕ ਕਰ ਦਿੱਤੀਆਂ ਤੇ ਪੈਦਲ ਹੋ ਗਏ।

ਅੱਜ ਇਸ ਪਹਾੜੀ ਗਲੀ ਦਾ ਕਾਫੀ ਹਿਸਾ ਆਪਣੇ ਪੰਜਾਬੀਆਂ ਦੀ ਇਕ ਕੰਪਨੀ ਪਾਸ ਹੈ। ਤੇ ਇਸ ਘਰ ਵਿੱਚ ਜੋ ਕਦੇ ਸਾਡਾ ਸੀ ਅੱਜ ਭੀ ਪੰਜਾਬੀ ਰਹਿੰਦੇ ਹਨ।

ਇਸ ਘਰ ਨਾਲ ਸਾਡੀਆਂ ਬਹੁਤ ਪੁਰਾਣੀਆਂ ਯਾਦਾਂ ਜੁੜੀਆਂ ਹਨ। ਇਸ ਨੂੰ ਅਸੀਂ ੧੯੫੬ ਵਿੱਚ ਖਰੀਦਿਆ ਸੀ। ਇਸੇ ਘਰ ਵਿੱਚ ਮੰਮੀ ੧੮ ਸਾਲ ਦੀ ਉਮਰ ਵਿੱਚ ਇੰਡੀਆ ਤੋਂ ਆਏ ਸਨ। ਇਸੇ ਘਰ ਵਿੱਚ ਸਾਡੀਆਂ ਤਿੰਨਾਂ ਬੱਚੀਆਂ ਤੇ ਕਿਰਪਾਲ ਖੇਡੇ ਪਲੇ, ਇਸੇ ਘਰ ਵਿੱਚ ਮੈਂ ਆਟੋਮੋਟਿਵ ਇੰਜੀਨਰਿੰਗ ਕੀਤੀ, ਇਸ ਘਰ ਵਿੱਚ ਪਤਾ ਨਹੀਂ ਮੈਂ ਕਿੰਨੀਆਂ ਕੁ ਕਵਿਤਾਵਾਂ ਤੇ ਗੀਤ ਲਿਖੇ, ਇਸੇ ਘਰ ਵਿੱਚ A.B.C. ਵਾਲਿਆਂ ਮੇਰੀ ਡਾਕੂਮੈਂਟਰੀ ਬਣਾਣੀ ਸ਼ੁਰੂ ਕੀਤੀ। ਜਦੋਂ ਸ੍ਰੀ ਮਹਾਰਾਜ ਜੀ ਫੇਰੀ ਸਮੇਂ ਸੁਰਅੰਮ੍ਰਿਤ ਸਮੇਤ ਸਿਡਨੀ ਉਤਰੇ; ਬੋਲੇ "ਦਲਬੀਰ ਸਿੰਘ ਸਾਡੀ ਪਾਣੀ ਵਾਲੀ ਗਾਗਰ ਵਿੱਚ ਗਲੀ ਹੋ ਗਈ ਹੈ ਘਰ ਕਿੰਨੀ ਕੁ ਦੂਰ ਹੈ ?"

ਦੂਸਰੀ ਸਵੇਰ ਹੀ ਅਸੀਂ ਉੜ Coolangatta (Tweed Head ਦੇ ਨਾਲ ਲਗਦਾ ਸ਼ਹਿਰ) ਤੋਂ ਘਰ ਪੁੱਜੇ। ਇਹ ਸਭ ਉਹਾ ਡੰਨਬਾਈਬਲ ਹੈ ਜਿਸ ਨੂੰ ਸ੍ਰੀ ਜੀਆਂ ਦੀ ਚਰਨ ਛੂਹ ਪ੍ਰਾਪਤ ਹੈ। ਇਹ ਉਹ ਨਿਕੜਾ ਜਿਹਾ ਘਰ ਹੈ ਜਿਸ ਅੰਦਰ ਪਰਵੇਸ਼ ਕਰਦਿਆਂ, ਕੰਧਾਂ ਨਾਲ ਸਜੀਆਂ ਤਸਵੀਰਾਂ ਵੇਖ, ਸ੍ਰੀ ਮਹਾਰਾਜ ਜੀਆਂ ਆਖਿਆ ਸੀ "ਛੋਟਾ ਕਿਉਂ ਇਸ ਨੂੰ ਤੇ ਤੂੰ ਬੜਾ ਗੁਰਦੁਆਰਾ ਬਣਾਇਆ ਹੋਇਆ ਹੈ।" ਇਹ ਉਹਾ ਘਰ ਹੈ ਜਿਥੇ ਅਸੀਂ ਸ੍ਰੀ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਆਪ, ਗੁਆਂਢੀ ਗਰੀਕ ਤੇ ਕਈ ਪੰਜਾਬੀ ਇਕੱਠੇ ਹੋ ਬੈਠਿਆ ਕਰਦੇ ਸਾਂ, ਇਸੇ ਘਰੋਂ ਪਾਲੀ ਦੇ ਬਾਬਾ ਜੀਆਂ ਦੀ ਅਰਦਾਸ 'ਪਾਲੀ ਲਈ' ਸ੍ਰੀ ਮਹਾਰਾਜ ਜੀਆਂ ਸਤਿਗੁਰਾਂ ਪਾਸ ਪਜਾਉਣ ਦਾ ਬਚਨ ਕੀਤਾ ਸੀ। ਇਹ ਓਹਾ ਗਲੀ ਤੇ ਘਰ ਹੈ ਜਿਸਨੇ ਸ੍ਰੀ ਮੁੱਖ ਤੋਂ ਅਰਦਾਸ ਤੇ ਜੈਕਾਰਾ ਸੁਣਿਆ ਸੀ। ਮੈਂ ਅੱਜ ਭੀ ਜਦੋਂ ਸ੍ਰੀ ਮਹਾਰਾਜ ਜੀ ਨਾਲ ਪਰਿਵਾਰ ਦੀਆਂ ਖਿੱਚੀਆਂ ਤਸਵੀਰਾਂ ਵੇਖਨਾ ਸੁਧ ਬੁਧ ਕਿਤੇ ਦੂਰ ਅਨੰਤਤਾ ਵਿੱਚ ਚਲੇ ਜਾਂਦੀ ਹੈ।

ਗੁੱਡੀ 'ਰੁਮਿੰਦ' ਬੜੇ ਗਹੁ ਨਾਲ ਸਾਰੇ ਚੁਫੇਰੇ ਨੂੰ ਦੇਖ ਰਹੀ ਸੀ ਜਿਵੇਂ ਉਸ ਦੇ ਮੰਮੀ ਜੀਆਂ ਕਦੇ ਦੇਖਿਆ ਜਦੋਂ ਉਹ ਪਹਿਲੀ ਸਵੇਰ ਇਸ ਬਿੰਦਰਾਬਣ ਵਿੱਚ ਜਾਗੇ ਸਨ।

ਘਰ ਦਾ ਚੌਗਿਰਦਾ ਵੇਖ ਜਿਵੇਂ ਮੈਨੂੰ ਸਾਰਿਆਂ ਵਾਂਗੂ ਦੁੱਖ ਜਿਹਾ ਹੋਇਆ, ਤੇ ਮੈਂ ਅੱਜ ਦੇ ਕੇਲਾ ਫਾਰਮਰਾਂ ਦੀ ਬੇਬਸੀ ਨੂੰ ਘੋਖਦਾ ਪਹਿਚਾਣਦਾ ਅੱਗੇ ਹੋ ਤੁਰਿਆ।

ਅਗੇ ਇਹ ਰਸਤਾ ਦੋ ਪਹਾੜਾਂ ਵਿਚਕਾਰ ਵਿਚਰਦਾ ਵਿਚਰਦਾ ਉਸ ਅੰਤ ਤਕ ਪੁਜ ਜਾਂਦਾ ਹੈ ਜਿਥੇ ਦੋਵੇਂ ਪਾਸਿਆਂ ਦੀਆਂ ਪਹਾੜੀਆਂ ਇਕ ਘੇਰਾ ਬਣਾ ਜੁੜਦੀਆਂ ਹਨ। ੧੯੬੦ ਵਿੱਚ ਦੋਵੇਂ ਪਾਸੇ ਪਹਾੜੀਆਂ ਕੇਲੇ ਲੱਦੀਆਂ ਸਨ। ਛੇ ਸੱਤ ਘਰ ਆਪਣੇ ਪੰਜਾਬੀਆਂ ਦੇ ਸਨ, ਗਰੀਕ ਸਨ, ਇਟਾਲੀਅਨ ਸਨ, ਤਿੰਨ ਚਾਰ ਘਰ ਗੋਰਿਆਂ ਦੇ ਸਨ। ਆਵਾਜਾਈ ਬਣੀ ਰਹਿੰਦੀ ਸੀ। ਦੋ ਤਿੰਨ ਕਾਰਾਂ ਮੁਰਵਿਲੰਬੇ ਤੋਂ ਕੰਮ ਕਰਨ ਆਇਆ ਕਰਦੀਆਂ ਸਨ। ਬੇਕਰ ਬਰੈਂਡ ਘਰੀਂ ਪੁਜਾਂਦਾ ਸੀ। ਦੁਧ ਲਈ ਇਥੇ ਹੀ ਡੇਅਰੀ ਸੀ। ਚਿੱਠੀ ਆਦ ਸਭ ਮੇਲ ਬੇਕਰ ਲੈ ਆਉਂਦਾ ਸੀ। ਬਿਜਲੀ ਨਹੀਂ ਸੀ ਹੁੰਦੀ।



Sri Satguru Jagjit Singh Ji eLibrary NamdhariElibrary@gmail.com

ਪਾਣੀ ਘਰਾਂ ਦੀਆਂ ਟੀਨ ਛੱਤਾਂ ਦਾ ਇੱਕਤਰ ਕਰ ਪੀਤਾ ਤੇ ਵਰਤੋਂ ਵਿਚ ਲਿਆਂਦਾ ਜਾਂਦਾ।

ਦੋਵਾਂ ਪਾਸਿਆਂ ਦੇ ਪਹਾੜਾਂ ਚੋਂ ਪਾਣੀ ਸਿਮਸਿਮ ਵਗਦਾ ਰਹਿੰਦਾ ਤੇ ਕਦੇ ਨਾ ਸੁਕਦਾ। ਪਹਾੜਾਂ ਦੇ ਸਿਖਰ ਮੇਲ ਤੇ ਇਕ ਚਸ਼ਮਾ ਸੀ ਜੋ ਸਦਾ ਚਲਦਾ ਰਹਿੰਦਾ। ਸਾਰੀ ਗਲੀ ਆਬਾਦ ਹੋਣ ਕਰਕੇ ਇਥੇ ਕਿਸੇ ਭਿਆਨਕ ਜਾਨਵਰ, ਜੋ ਕਦੇ ਟਵੀਡ ਵੈਲੀ ਵਿੱਚ ਨਹੀਂ ਸੀ ਸੁਣੇ,ਦਾ ਕੋਈ ਡਰ ਨਹੀਂ ਸੀ। ਪੌਸਮ (ਬਿੱਲੀ ਵਰਗਾ ਜਾਨਵਰ) ਇਥੇ ਜ਼ਰੂਰ ਹੁੰਦਾ ਹੈ, ਜਿਸ ਦਾ ਡਰ ਤੇ ਕੋਈ ਨਹੀਂ ਪਰ ਕੇਲਿਆਂ ਦਾ ਨੁਕਸਾਨ ਜ਼ਰੂਰ ਕਰ ਦੇਂਦਾ ਹੈ। ਇਸ ਲਈ ਟਰੈਪਸ ਲਾਕੇ ਰਖਣੇ ਪੈਂਦੇ ਹਨ। ਸੱਪ ਇੱਥੇ ਕਾਫ਼ੀ ਹੁੰਦੇ ਹਨ ਕੇਲਿਆਂ ਵਿੱਚ। ਇਕ ਜ਼ਹਿਰੀਲਾ ਸੱਪ ; ਜਿਸਨੂੰ ਡੈਥ ਐਡਰ ਜਾਂ ਡੈਫ਼ ਐਡਰ ਆਖਦੇ ਹਨ ਕਈ ਵੇਰ ਕੇਲਿਆਂ ਵਿੱਚ ਦੇਖਿਆ। ਇਸ ਦੀ ਪੂੰਛ ਸੂਈ ਵਾਂਗ ਤੇਜ਼ ਹੁੰਦੀ ਹੈ। ਇਸ ਸੱਪ ਨੂੰ ਸੁਣਦਾ ਨਹੀਂ, ਤੁਹਾਡੇ ਆਉਣ ਦੀ ਖੜਾਕ ਇਹ ਨਹੀਂ ਮਹਿਸੂਸਦਾ, ਸੁੱਤਾ ਪਿਆ ਰਹਿੰਦਾ ਹੈ। ਜੇ ਕੋਈ ਪੈਰ ਉਸ ਉਤੇ ਆ ਗਿਆ ਤੇ ਦੂਸਰਾ ਸਾਹ ਨਹੀਂ ਆਉਂਦਾ। ਕਈ ਵੇਰ ਇਸ ਨੂੰ ਪਕੜ ਕੇ ਵੇਚ ਭੀ ਲਈਦਾ ਹੈ ਆਸ ਹੈ ਦਵਾਈ ਬਣਾਂਦੇ ਹੋਣਗੇ।

ਪੂਰਨ ਚੰਦ ਵਿੱਚ ਰਾਤੀਂ, ਹੱਥ ਟਾਰਚ ਲੈ ਚਲਦਿਆਂ ਇਕ ਸ਼ਾਨਦਾਰ ਸਵਰਗ ਵਿੱਚ ਵਿਚਰਨਾ ਲਗਦਾ ਹੈ। ਪੂਰਨ ਸ਼ਾਂਤ ਕੋਈ ਖੜਾਕ ਭੀ ਨਹੀਂ। ਰਾਤ ਨੂੰ ਜਦੋਂ ਸਾਰੇ ਪੰਛੀ ਸੌਂ ਰਹੇ ਹੁੰਦੇ ਇੱਥੇ ਜਾਗਣ ਦਾ ਆਨੰਦ-ਅਲੌਕਕ ਹੈ, ਜਦੋਂ ਭੀ ਵਿਹਲ ਮਿਲੇ ਰਾਤ ਚਾਨਣੀ ਵਿੱਚ ਘੰਟਿਆਂ ਬੱਧੀ ਇਹ ਮੇਰੀ ਸੈਰਗਾਹ ਹੁੰਦੀ ਸੀ।

ਸ੍ਰੀ ਮਹਾਰਾਜ ਜੀ ਇੱਥੇ ਪੁੱਜੇ ਉਨ੍ਹਾਂ ਦਾ ਪਹਿਲਾ ਸਵਾਲ "ਪਾਣੀ ਕਿੱਥੇ ਹੈ ?" ਸੀ। ਦੋਵਾਂ ਧਾਰਾਂ ਵਿਚਕਾਰੋਂ ਉਗਮਦੇ ਚਸ਼ਮੇ ਦੇ ਜਦੋਂ ਦਰਸ਼ਨ ਕਰਵਾਏ, ਉਨਾਂ ਵਗਦੇ ਪਾਣੀ ਚੋਂ ਬਣੀ ਰੋੜ੍ਹ ਦੇ ਇਕਤਰ ਛੰਭ ਵਿੱਚ ਬੁਕੀਂ ਜਲ ਛਕ ਸਵਰਗ ਨੂੰ ਸਲਾਹੁੰਦਿਆਂ ਆਖਿਆ "ਇਸ ਭਿੰਨੀ ਸ਼ਾਂਤੀ ਵਿੱਚ ਤੂੰ ਕਵਿਤਾ ਨਾ ਲਿਖੇਂ ਤਾਂ ਹੋਰ ਕੀ ਕਰੇਂ ?"

ਅੱਜ ਕਲ੍ਹ ਕੇਲਾ ਕੁਈਨਸਲੈਂਡ ਵਿੱਚ ਐਨਾ ਸਸਤਾ ਤੇ ਵਧੀਆ ਹੋ ਗਿਆ ਹੈ ਕਿ ਇੱਥੇ ਜਿੱਥੇ ਕਦੇ ਦੋ ਸੌ ਏਕੜ ਕੇਲਾ ਹੋਇਆ ਕਰਦਾ ਸੀ ਹੁਣ ਵੀਹ ਪੱਚੀ ਏਕੜ ਰਹਿ ਗਿਆ ਹੋਵੇਗਾ। ਸਿਰਫ਼ ਇੱਥੇ ਹੁਣ ਤਿੰਨ ਘਰ ਵਸਦੇ ਹਨ—ਦੋ ਆਪਣੇ ਇਕ ਗੋਰਾ।

ਇੱਥੇ ਬੱਚਿਆਂ ਨੂੰ ਉਹ ਹਦਾਂ ਦਖਾਈਆਂ ਜੋ ਇਨ੍ਹਾਂ ਦੇ ਬਾਬਾ ਜੀ ਤੇ ਸਾਥੀਆਂ ੧੯੩੦-੩੫ ਵਿੱਚ ਬਣਾਈਆਂ। ਅੱਜ ਦੇ ਸਾਡੇ ਆਸਟ੍ਰੇਲੀਅਨ ਬੱਚੇ ਜੋ ਭੀ ਜਿੰਨਾ ਕੁ ਸਵਰਗ ਮਾਣਦੇ ਹਨ ਉਹ ਉਨ੍ਹਾਂ ਮਹਾਂਪੁਰਖਾਂ ਦੀ ਦੇਣ ਹੈ ਜਿਨ੍ਹਾਂ ਨੂੰ ਅੱਜ ਦਾ ਇਤਿਹਾਸ Pioneers & Heroes ਆਖਦਾ ਹੈ।

ਇਹ ਬਚਿਆਂ ਨੂੰ ਦਖਾਇਆ ਸਾਡਾ ਉਹ ਡੰਨਬਾਈਬਲ ਸੀ ਜਿੱਥੇ ਮੈਂ ਸਤਾਰਾਂ ਅਠਾਰਾਂ ਤੇ ਬਾਬਾ ਜੀਆਂ ੨੮-੩੦ ਸਾਲ ਕੱਟੇ ਸਨ। ਕੁਝ ਤਸਵੀਰਾਂ ਆਦਿ ਲੈ ਕੇ ਅਸੀਂ ਡੰਨਬਾਈਬਲ ਤੋਂ ਵਾਪਸ ਪਰਤ ਗੱਡੀ ਦੀ ਸਿੰਗਲ ਲਾਈਨ ਕਰਾਸ ਕਰ (ਜਿਥੇ ਗੱਡੀ ਦਿਨ ਵਿਚ ਦੋ ਵੇਰ ਲੰਘਦੀ ਹੋਵੇਗੀ) ਇਕ ਹੋਰ ਕੇਲੇ ਦੇ ਪਲਾਂਟੇਸ਼ਨ ਵਲ ਨੂੰ ਹੋ ਤੁਰੇ, ਇਨ੍ਹਾਂ ਨੂੰ ਸਾਰਾ ਓਪਰੇਸ਼ਨ ਨੇੜਿਓਂ ਦਖਾਉਣ ਲਈ।

ਇਹ ਪਲਾਂਟੇਸ਼ਨ ਤਕਰੀਬਨ ੩੦ ਏਕੜ ਗੁਡੀ ਕਲਵਿੰਦਰ (ਮਿਸਜ਼ ਪਰਮਿੰਦਰ) ਦੇ ਵੀਰਾਂ ਦਾ ਹੈ। ੧੫੦ ਏਕੜ ਦੀ ਪਹਾੜੀ ਵਿਚੋਂ ਤੀਹ ਕੁ ਏਕੜ ਕੇਲਾ ਲੱਗਾ, ਬਾਕੀ ਇਨ੍ਹਾਂ ਕਿਸੇ ਗੋਰੇ ਨੂੰ ਰੈਂਟ ਕਰ ਦਿੱਤਾ ਹੈ ਜਿੱਥੇ ਡਰਾਈ ਕੈਟਲ ਮਾਸ ਲਈ ਛੱਡ ਦਿਤੀਆਂ ਜਾਂਦੀਆਂ ਹਨ। ਬਰੀਡਿੰਗ ਵਿਚੇ ਹੋਈ ਜਾਂਦੀ ਹੈ ਤੇ ਵਛੜੇ ਫੈਕਟਰੀ ਭੇਜ ਦਿੱਤੇ ਜਾਂਦੇ ਹਨ। ਪਰਮਿੰਦਰ ਸਿੰਘ ਦਾ ਇੱਥੇ ਆਪਣਾ ਭੀ ਕੇਲਾ ਸੀ ਜਿਸ ਨੂੰ ਛੱਡ ਉਸ ਕੰਮ ਕਰਨਾ ਚੰਗਾ ਜਾਣਿਆ। ਅੱਜ ਕਲ੍ਹ ਪਰਮਿੰਦਰ ਸਿੰਘ ਮੁਰਵਿਲੰਭੇ ਦੀ ਲੀਡਿੰਗ ਸਟੋਰ ਦੇ ਟਿੰਬਰ ਸੈਕਸ਼ਨ ਵਿੱਚ ਚੰਗੀ ਨੌਕਰੀ ਤੇ ਹੈ ਤੇ ਖੁਸ਼ ਭੀ। ਗੁਡੀ ਆਪ ਭੀ ਵਿਹਲ ਸਮੇਂ ਨੌਕਰੀ ਕਰਨੋਂ ਇਨਕਾਰੀ ਨਹੀਂ।

ਪਹਾੜੀ ਦੇ ਸਿਖਰ ਇਨ੍ਹਾਂ ਦੀ ਪੈਕਿੰਗ ਸ਼ੈਡ ਹੈ ਬੜੇ ਵਡੇ ਆਕਾਰ ਵਿੱਚ, ਫੈਕਟਰੀ ਵਾਂਗੂੰ ਲਗਦੀ ਹੈ। ਸਾਰਾ ਕੇਲਾ ਇਸ ਉਚਾਈ ਤੋਂ ਨੀਵੀਆਂ ਢਲਵਾਨਾਂ ਤੇ ਹੈ, ਪਹਾੜੀਆਂ ਚੀਰ ਇਥੇ ਬੁਲਡੋਜ਼ ਕਰਕੇ ਰਾਹ ਬਣਾਏ ਹੋਏ ਹਨ ਜਿੱਥੇ 4×4 ਲੈਂਡ ਰੋਵਰ ਆਮ ਫ਼ਿਰਦੀ ਹੈ। ਕੰਮ ਕਰ ਪਹਾੜੀ ਤੁਰਨ ਦੀ ਦਿਕਤ ਜੀਪ ਲੈ ਲੈਂਦੀ ਹੈ। ਕਟਾਈ ਸਮੇਂ ਕੇਲੇ ਦੇ ਬੰਚ, ਪਲਾਂਟ ਤੋਂ ਮੋਢੇ ਤੇ ਫਿਰ L-R ਤੇ ਲੱਦ ਲਏ ਜਾਂਦੇ ਹਨ ਤੇ ਭਰ ਸ਼ੈਡ ਤਕ ਪੁਜਾਏ ਜਾਂਦੇ ਹਨ।

ਸ਼ੈਡ ਵਿੱਚ ਵਧੀਆ ਫਲੋਰ ਲੈਵਲ ਸਟੈਂਡ ਹੈ ਜਿੱਥੇ ਸਾਰੇ ਬੰਚ ਫ਼ਲੋਰ ਤੇ ਉਤਾਰ ਲਏ ਜਾਂਦੇ ਹਨ। ਬੰਚਾਂ ਤੋਂ ਹੈਂਡਜ਼ ਦੀ ਕਟਾਈ ਕਰ ਉਸ ਨੂੰ ਦਵਾਈਆਂ ਵਿਚੋਂ ਲੰਘਾਇਆ ਜਾਂਦਾ ਹੈ ਜਿਸ ਨਾਲੋਂ ਕੋਈ ਬੀਮਾਰੀ ਨਹੀਂ ਲਗਦੀ ਤੇ ਕੇਲੇ ਦੀ ਰੰਗਤ ਬਣੀ ਰਹਿੰਦੀ ਹੈ। ਇਥੋਂ ਇਹ ਹੈਂਡ ਗੱਤੇ ਦੇ ੩੦-੩੦ ਕਿਲੋ ਦੇ ਡਬਿਆਂ ਵਿੱਚ ਬੰਦ ਕਰ ਮਾਰਕੀਟ ਕੀਤੇ ਜਾਂਦੇ ਹਨ। ਸੈਂਕੜੇ ਕਾਰਟਨ ਵੀਕ ਦੀ ਕਟਾਈ ਹੁੰਦੀ ਹੈ ਜੋ ਦੋ ਆਦਮੀ ਅਸਾਨੀ ਨਾਲ ਹੈਂਡਲ ਕਰ ਲੈਂਦੇ ਹਨ।

ਮੋਹਣ ਤੇ ਸੋਹਣ ਸਿੰਘ, ਦੋਵੇਂ ਭਰਾ, ਪਿੰਡ ਦੇਸ ਰਾਜ ਚੱਕ ਗਭਰੂ ਕਾਮੇ ਹਨ। ਸੰਤੋਖ ਸਭ ਤੋਂ ਉਤਮ ਹੈ ਜੋ ਇਨ੍ਹਾਂ ਪਾਸ ਹੈ। ਮੋਹਣ ਸਿੰਘ ਪਹਿਲੋਂ ਇਕ ਗਰਾਜ ਵਿੱਚ ਅਕਾਊਂਟੈਂਟ ਸੀ ਹੁਣ ਕੇਲੇ ਵਿੱਚ ਵਧੇਰੇ ਖੁਸ਼ ਹੈ। ਉਸ ਨੂੰ ਸੰਭਾਲਣਾ ਭੀ ਤੇ ਸਭ ਕੁਝ ਪੈਣਾ ਸੀ। ਕਿਉਂਕਿ ਪਿਤਾ ਅਜੀਤ ਸਿੰਘ ਹੁਣ ਸਿਆਣੇ ਰਿਟਾਇਰਡ ਹਨ। ਦੋਵਾਂ ਦੇ ਘਰ ਮੁਰਵਿਲੰਭੇ ਹਨ ਜੋ ਇਥੋਂ ੧੫ ਕਿਲੋਮੀਟਰ ਤੋਂ ਵੱਧ ਹੀ ਹੋਣਗੇ।

'ਲਾਲੀ' ਰੁਮਿੰਦ ਨੂੰ ਕੇਲੇ ਦੀ ਪੂਰੀ ਜਾਣਕਾਰੀ ਕਰਵਾ



Sri Satguru Jagjit Singh Ji eLibrary NamdhariElibrary@gmail.com



*ਵੂਲਗੁਲਗੇ ਸੁਖਦੀਪ ਸਿੰਘ ਦੇ ਘਰ ਅਗੇ ਉਸਦੇ ਰਿਸ਼ਤੇਦਾਰ ਸੰਗ ਲੇਖਕ ਅਤੇ ਉਸਦੀ ਪਤਨੀ ਦਰਮਿਆਨ ਵਿਚ*

ਅਸੀਂ 4×4 ਤੇ ਆ ਚੜ੍ਹੇ, ਪਰਮਿੰਦਰ ਨੇ ਪੌੜੀ ਫਿੱਟ ਕੀਤੀ ਹੋਈ ਸੀ। ਇਨ੍ਹਾਂ ਰਾਹਾਂ ਤੇ ਡਰਾਈਵ ਕਰਨ ਵਾਲੇ, ਤੇ ਢੁਆਈ ਕਰਨ ਵਾਲੇ 4×4 ਨੂੰ ਤੁਸੀਂ ਧੰਨ ਹੀ ਆਖੋ।

ਜਿਸ ਰਾਹ ਆਏ ਸੀ ਤੋਂ ਦੂਸਰੇ, ਜਿਸ ਰਾਹ ਰਾਤੀ ਲੰਘੇ ਸੀ ਤੇ ਪੈ, ਅਸੀਂ ਵਾਪਸ ਘਰ ਲਈ ਰਵਾਨਾ ਹੋ ਗਏ।

ਇਹ ਰਾਸਤਾ ਸਾਡੇ ਪੈਰੀਂ ਜਾਂ ਆਖੋ ਟੈਰੀਂ ਲਗਿਆ ਹੋਇਆ ਹੈ। ਮੀਂਹ ਵੇਲੇ ਜਦੋਂ ਐਂਥਨੀ ਦੇ ਫ਼ਾਰਮ ਤੇ ਫਲਡ ਆ ਜਾਇਆ ਕਰਦਾ ਸੀ ਸਾਨੂੰ ਇਸੇ ਰਸਤੇ ਮੁਰਵਿਲੰਭੇ ਜਾਣਾ ਪੈਂਦਾ ਸੀ। ਤਕਰੀਬਨ ਅੱਗੇ ਵਰਗਾ ਹੀ ਹੈ, ਜਾਂ ਕੁਝ ਘੱਟ। ਕੇਲੇ ਦੀ ਘਾਟ ਹੋਣ ਕਾਰਨ ਪਰੋਡਕਸ਼ਨ ਨੇ ਕੌਂਸਲ ਦੇ ਹਥ ਖਿਚ ਲਏ ਲਗਦੇ ਹਨ। ਕੋਈ ਨਵੀਨਤਾ ਨਜ਼ਰ ਨਹੀਂ ਆਈ। ਰਾਤ ਵਾਲੇ ਪੈਸੇਫਿਕ ਹਾਈਵੇ ਤੇ ਪੈ ਅਸੀਂ ਦਸਾਂ ਕੁ ਮਿੰਟਾਂ ਵਿੱਚ ਘਰ ਪੁੱਜ ਗਏ। ਵਕਤ ਦੁਪਹਿਰ ਦਾ ਇਕ ਹੋਵੇਗਾ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਅੱਜ ਕੁਲਵਿੰਦਰ ਬੀਬੀ ਦੇ ਵੱਡੇ ਵੀਰ ਮੋਹਣ ਸਿੰਘ ਘਰ ਸੀ ਜਿੱਥੇ ਪੁਜਦਿਆਂ ਸਾਨੂੰ ਮਿੰਟ ਦਸ ਕੁ ਹੀ ਲੱਗੇ ਹੋਣਗੇ।

ਮੋਹਣ ਸਿੰਘ ਦਾ ਜਨਮ ਆਸਟ੍ਰੇਲੀਏ ਦਾ ਤੇ ਉਮਰ ਤਕਰੀਬਨ ੪੦ ਸਾਲ ਜਾਣੋ। ਇਸ ਦੇ ਜਨਮ ਸਮੇਂ ਅਸੀਂ ਸਭ ਡੰਨਬਾਈਬਲ ਹੀ ਰਿਹਾ ਕਰਦੇ ਸਾਂ। ਮੋਹਣ ਸਿੰਘ ਹੀ ਨਹੀਂ ਅਜੀਤ ਸਿੰਘ ਦਾ ਸਾਰਾ ਪਰਿਵਾਰ ਵਲਾਇਤੀ ਸਿੱਖਾਂ ਦਾ ਹੈ। ਘਰ ਵਿੱਚ ਬੱਚੇ ਬੋਲ ਤੇ ਪੰਜਾਬੀ ਲੈਂਦੇ ਹਨ ਪਰ ਤਕਲੀਫ਼ ਹੁੰਦੀ ਹੈ। ਬੀਬੀ ਚਰਨ ਕੌਰ ਜਿਹੀ ਮਾਂ ਪੂਰੀ ਪੰਜਾਬਣ ਹੈ। ਮੋਹਣ ਸਿੰਘ ਦੇਸ ਪਿੰਡ ਢੰਡੀਂ (ਜਲੰਧਰ) ਵਿਆਹਿਆ ਪਤਨੀ ਅਮਰਜੀਤ ਸਮੇਤ ਦੋ ਬੱਚਿਆਂ ਕਾਕਾ ਸਟੀਵਨ ਤੇ ਗੁੱਡੀ ਸ਼ੈਲੀ ਸਮੇਤ ਇਥੇ ਪਿਛਲੇ ੧੦-੧੨ ਸਾਲਾਂ ਤੋਂ ਰਹਿ ਰਹੇ ਹਨ। ਮੈਟਰੀਕੂਲੇਸ਼ਨ ਤੋਂ ਬਾਦ ਮੋਹਣ ਨੇ ਅਕਾਊਟੈਂਸੀ ਦਾ ਕੋਰਸ ਕਰ ਨੌਕਰੀ ਕੀਤੀ ਤੇ ਵੀਕ ਐਂਡ ਪਿਤਾ ਅਜੀਤ ਸਿੰਘ ਨਾਲ ਕੇਲੇ ਵਿੱਚ ਹੱਥ ਵਟਾਉਂਦਾ ਰਿਹਾ। ਪਹਿਲੇ ਇਹ ਸਭ ਪਿਤਾ ਅਜੀਤ ਸਿੰਘ ਘਰ ਮੁਰਵਿਲੰਭੇ ਇਕੱਠੇ ਹੀ ਰਿਹਾ ਕਰਦੇ ਸਨ। ਇਹ ਘਰ ਮੋਹਣ ਸਿੰਘ ਨੇ ੧੫ ਸਾਲਾਂ ਤੋਂ ਲੈ ਰਖਿਆ ਸੀ, ਪਰ ਇਸ ਦੀ ਪਤਨੀ ਅਮਰਜੀਤ ਨਾ ਤੇ ਸਿਆਣੇ ਮਾਤਾ ਪਿਤਾ ਨੂੰ ਇਕੱਲਿਆਂ ਛੱਡ ਕੇ ਖੁਸ਼ ਤੇ ਨਾ ਹੀ ਭੈਣ ਚਰਨ ਕੌਰ ਇਨ੍ਹਾਂ ਨੂੰ ਵੱਖ ਕਰਕੇ ਹੀ। ਖ਼ਰੀਦਿਆ ਘਰ ਕਈ ਵਰ੍ਹੇ ਖਾਲੀ ਪਿਆ ਰਿਹਾ। ਫੇਰ ਚਿਰ ਬਾਦ ਛੋਟੇ ਸੋਹਣ ਦੇ ਪਿੰਡ ਸਮਰਾਂ (ਜਲੰਧਰ) ਵਿਆਹੇ ਜਾਣ ਬਾਦ ਇਨ੍ਹਾਂ ਨੂੰ ਵੱਖਰਾ ਘਰ ਬਣਾ ਦਿਤਾ ਗਿਆ ਤੇ ਇਹ ਜੋੜਾ ਆਪਣੇ ਘਰ ਸ਼ਿਫ਼ਟ ਹੋ ਗਿਆ। ਮੋਹਣ ਅਮਰਜੀਤ ਨੇ ਅਜੇ ਭੀ ਆਪਣੀ ਅੜੀ ਨਾ ਤਿਆਗੀ। ਸਟੀਵਨ, ਸ਼ੈਲੀ ਵੱਡੇ ਹੋ ਗਏ, ਇਨ੍ਹਾਂ ਦੀਆਂ ਲੋੜਾਂ ਭੀ ਵਧ ਗਈਆਂ। ਸਕੂਲ ਅਰੰਭਿਆ ਹੀ ਨਹੀਂ ਕਈ ਸਾਲ ਹੀ ਪੁਰਾਣਾ ਹੋ ਗਿਆ। ਰਿਸ਼ਤੇ ਦੀ ਇਸ ਨਾੜ ਨੂੰ ਤਾਂ ਕਿੱਤੇ ਇਨ੍ਹਾਂ ਮਸਾਂ ਕੱਟਿਆ ਤੇ ਆਪਣੇ ਘਰ ਆ ਗਏ ਜਾਂ ਵਿਦਾ ਕੀਤੇ ਗਏ।

ਮੋਹਣ ਸਿੰਘ ਦਾ ਘਰ ਬੜਾ ਵੱਡਾ ਦੋ ਮੰਜ਼ਿਲਾ, ਉਸ ਵੇਲੇ ਲਿਆ ਸੀ ਜਦੋਂ ਪੱਕੇ ਘਰ ਇਟਾਂ ਦੇ ਗਿਣਤੀ ਦੇ ਹੀ ਹੋਇਆ ਕਰਦੇ ਸਨ। ਪੁਰਾਣੀਆਂ ਸਭ ਬਿਲਡਿੰਗਾਂ ਲੱਕੜ ਜਾਂ ਫਾਈਬਰ ਸੀਮੈਂਟ ਸ਼ੀਟ ਦੀਆਂ ਹੋਇਆ ਕਰਦੀਆਂ ਸਨ।

ਵਡਾ ਲਾਂਜ ਰੂਮ ਤੇ ਸਭ ਕਮਰੇ ਆਪੋ ਆਪਣੀ ਥਾਵੇਂ ਆਕਰਸ਼ਕ, ਬੀਬੀ ਅਮਰਜੀਤ ਵਰਗੀ ਗੁੱਡੀ ਦੀ ਛੁਹ ਨਾਲ ਜਗਮਗਾ ਰਹੇ ਸਨ। ਹੇਠਲੇ ਅਪਾਰਟਮੈਂਟ ਵਿੱਚ ਸਟੀਵਨ, ਜੋ ਅੱਜ ਕਲ੍ਹ ਸੋਲਾਂ ਸਾਲ ਟੱਪ ਚੁੱਕਾ ਹੈ, ਮੈਟ੍ਰੀਕੂਲੇਸ਼ਨ ਤੋਂ ਬਾਦ ਪੜ੍ਹਾਈ ਛਡ ਫ਼ਾਰਮ ਵਿੱਚ ਹਥ ਵਟਾਉਂਦਾ, ਹੁੰਦੜਹੇਲ ਗੱਭਰੂ 'ਰਗਵੀ ਲੀਗ' (ਅਸਟ੍ਰੇਲੀਅਨ ਗੇਮ ਜੋ ਅੱਜ ਕਲ੍ਹ ਦੁਨੀਆਂ



Sri Satguru Jagjit Singh Ji eLibrary NamdhariElibrary@gmail.com

ਵਿੱਚ ਕਈ ਦੇਸ਼ਾਂ ਆਪਣਾ ਲਈ ਹੈ) ਦਾ ਪਲੇਅਰ ਆਪਣੇ ਆਪ ਨੂੰ ਜਿਮ ਵਿਚ ਬਿਜ਼ੀ ਰੱਖਦਾ ਹੈ। ਵੂਲਗੁਲਗੇ ਵਿੱਚ ਐਂਡੀ ਇਥੇ ਸਟੀਵਨ ਸਿਡਨੀ ਵਿਚ ਪਾਲੀ ਲਾਲੀ ਤੇ ਹੋਰ ਕਈ ਸਪੋਰਟ ਵਿੱਚ ਚੈਂਪੀਅਨ ਪੈਦਾ ਕਰ ਸਿੱਖੀ ਆਪਣੇ ਆਪ ਨੂੰ ਚਮਕਾ ਕੇ ਰਖਦੀ ਹੈ।

ਸਾਡੇ ਪਾਸ ਸਮੇਂ ਦੀ ਘਾਟ ਨੂੰ ਤੋਲਦਿਆਂ ਮੋਹਣ ਆਪਣੇ ਮਾਤਾ ਪਿਤਾ ਤੇ ਇਕ ਭੈਣ ਜੋ ਜਨਮੋਂ ਅਪਾਹਜ ਹੈ ਨੂੰ ਇੱਥੇ ਹੀ ਲੈ ਆਇਆ ਸੀ।

ਗੁੱਡੀ ਰਾਣੀ ਪੈਦਾਇਸ਼ੀ ਰਿਟਾਰਡਿਡ ਹੈ- ਸਿਰ ਦੀ ਸੂਝ ਬਹੁਤ ਥੋੜ੍ਹੀ ਹੈ। ਸਰੀਰ ਵਲੋਂ ਤਕਰੀਬਨ ਠੀਕ ਹੈ। ਹੁਣ ਉਹ ੨੫-੩੦ ਸਾਲ ਦੀ ਉਮਰ ਵਿਚ ਆਪਣਾ ਹੀ ਨਹੀਂ ਆਪਣੇ ਮਾਤਾ-ਪਿਤਾ ਦਾ ਭੀ ਖਿਆਲ ਰੱਖਣ ਯੋਗ ਹੋ ਗਈ ਹੈ। ਅਜਿਹੇ ਬੱਚੇ ਸਰਕਾਰ ਮਾਪਿਆਂ ਤੇ ਬੋਝਲ ਨਹੀਂ ਹੋਣ ਦੇਂਦੀ, ਮਾਇਕ ਮਦਦ ਨਾਲ ਆਪ ਖਿਆਲ ਰਖਦੀ ਹੈ। ਹੁਣ ਉਸ ਨੂੰ ਕਿਸੇ ਅਜਿਹੇ ਕੰਮ ਤੇ ਲਗਾਇਆ ਗਿਆ ਹੈ ਜਿਸ ਨਾਲ ਉਸਦੀ ਮਾਨਸਕ ਪਕੜ ਵਿੱਚ ਪਰੀਵਰਤਨ ਆ ਸਕੇ। ਹਫ਼ਤੇ ਦੇ ਕੁਝ ਦਿਨ ਇਹ ਕੰਮ ਜਾਂਦੀ ਹੈ। ਕੁਝ ਪੇਈ ਭੀ ਕਰਦੇ ਹਨ ਜਿਸ ਨਾਲ ਬੱਚੇ ਵਿਚ ਉਤਸ਼ਾਹ ਉਤਪੰਨ ਹੋਵੇ। ਸਾਧਨ ਵਲੋਂ ਸਰਕਾਰੀ ਟੈਕਸੀ ਨਿਯੁਕਤ ਕੀਤੀ ਹੋਈ ਹੈ ਜੋ ਟਰਾਂਸਪੋਰਟ ਤੇ ਪੂਰੀ ਦੇਖਭਾਲ ਕਰਦੀ ਹੈ। ਇਹ ਕੰਮ ਇਨ੍ਹਾਂ ਦਾ ਟ੍ਰੇਨਿੰਗ ਸਕੂਲ ਹੈ। ਮਾਪਿਆਂ ਰਾਣੀ ਦੇ ਦੁੱਖ ਨਾਲ ਜੀਣਾ ਸਿਖ ਲਿਆ ਹੈ। ਰਾਣੀ ਪਾਲੀ-ਲਾਲੀ ਗੋਗੀ ਸੁਖੀ ਸਭ ਪਰਿਵਾਰ ਦੀ ਖਬਰਸਾਰ ਬਾਰ ਬਾਰ ਪੁਛਦੀ ਹੈ ਤੇ ਖੁਸ਼ ਹੁੰਦੀ ਹੈ। ਇਸ ਨੂੰ ਸਭ ਡੰਨਬਾਈਬਲ ਦਾ ਵਾਤਾਵਰਨ ਯਾਦ ਹੈ। ਵਿਖਰੇ ਮਨ ਵਿੱਚ ਪੁਰਾਣੀਆਂ ਯਾਦਾਂ ਨਾਲ ਇਸ ਦੀ ਝੋਲ ਲਬਾਲਬ ਭਰੀ ਪਈ ਹੈ।

ਪੁਰਾਣੀਆਂ ਗੱਲਾਂ ਵਿੱਚ ਵਿਚਰਦਿਆਂ ਅਸੀਂ ਰੀਝਾਂ ਨਾਲ ਪਰੋਸੇ ਖਾਣੇ ਤੋਂ ਆਨੰਦਤ ਹੋ ਗਏ। ਜਦੋਂ ਤਕ ਦੋਵਾਂ ਭੈਣਾਂ (ਬੀਬੀ ਚਰਨ ਕੌਰ ਤੇ ਪਤਨੀ ਜਸਬੀਰ) ਰਾਣੀ ਤੇ ਰੁਮਿੰਦ ਵਖਰੇ ਕਮਰੇ ਵਿੱਚ ਬੈਠ ਰੱਜ ਗੱਲਾਂ ਕੀਤੀਆਂ। ਭੈਣ ਚਰਨੀ ਦੀ ਸਿਹਤ ਜੋ ਪਿਛੇ ਜਿਹੇ ਇਕ ਝਟਕੇ ਕਾਰਨ ਵਿਗੜੀ ਸੀ, ਨੂੰ ਠੀਕ ਹੁੰਦੀ ਵੇਖ ਸਾਰੇ ਖੁਸ਼ੀ ਅਨੁਭਵ ਕਰ ਰਹੇ ਸਨ।

ਸਾਰੇ ਪਰਿਵਾਰ ਤੇ ਇਕਤਰਤ ਨੂੰ ਅਲਵਿਦਾ ਆਖ ਅਸੀਂ ਇੱਥੇ ਨੇੜੇ ਹੀ ਰਹਿੰਦੇ, ਸਾਡੇ ਪਿੰਡ (ਮੁਠੱਡਾ ਕਲਾਂ) ਦੇ ਪੰਡਤ ਪਰਿਵਾਰ ਦੇ ਵੱਡੇ ਲੜਕੇ ਦੇ ਘਰ ਵੱਲ ਹੋ ਤੁਰੇ।

ਅਠਾਰਵੀਂ ਸਦੀ ਦੇ ਅਖੀਰ ਵਿੱਚ ਸਾਡੇ ਪਿੰਡ ਦੇ ਪੰਜ ਪੁਰਖ ਪਤਾ ਨਹੀਂ ਕਿਹੜੇ ਕਿਹੜੇ ਦੁਖ ਭੋਗਕੇ ਇੱਥੇ ਅਸਟ੍ਰੇਲੀਆ ਪੁੱਜੇ—ਭਾਈ ਪਾਲ ਸਿੰਘ ਪੂਨੀ (ਸਾਡੇ ਬਾਬਾ ਜੀ, ਪੱਤੀ ਔਜਲਾ) ਜੁਆਲਾ ਸਿੰਘ (ਪਾਸਾ ਬੂਰਾ), ਪ੍ਰਤਾਪ ਸਿੰਘ (ਪਾਸਾ ਬੂਰਾ) ਲਾਭ ਸਿੰਘ (ਪਾਸਾ ਬੂਰਾ) ਤੇ ਪੰਡਤ ਮਥਰਾ ਦਾਸ (ਪਾਸਾ ਔਜਲਾ)। ਇੰਨ੍ਹਾਂ ਪੰਜਾਂ ਵਿਚੋਂ ਤਿੰਨਾਂ ਦੇ ਪਰਿਵਾਰ ਹਨ ਇੱਥੇ।

ਮਥਰਾ ਦਾਸ ਦੇ ਛੋਟੇ ਪੁਤਰ ਰਾਮ ਪਰਕਾਸ਼ ਦੇ ਛੋਟੇ ਲੜਕੇ ਦੇ ਘਰ ਅਸੀਂ ਚੱਲੇ ਸਾਂ ਜਿਸ ਦਾ ਨਾਮ ਰਾਜਿੰਦਰ ਹੈ, ਪਿਆਰ ਨਾਲ ਜਿਸ ਨੂੰ ਲਾਹਰੀ ਭੀ ਆਖਦੇ ਹਨ। ਵਡਾ ਲੜਕਾ ਮੋਹਨ ਲਾਲ (ਜੋ ਮੇਰੇ ਹੀ ਸੰਗ ਅਸਟ੍ਰੇਲੀਆ ਆਇਆ ਸੀ) ਨੂੰਹ ਰਾਜ, ਦੋ ਪੁਤਰ ਇਕ ਧੀ ਛੱਡ ਪਰਿਵਾਰ ਨੂੰ ਵਿਛੋੜਾ ਦੇ ਗਏ ਹਨ। ਧੀ ਰਾਜਿੰਦਰ ਨੇ ਭਾਰਤ ਵਿਆਹੀ ਜੋ ਦਾਮਾਦ ਸਮੇਤ ਬ੍ਰਿਜ਼ਬਨ ਰਹਿੰਦੀ ਹੈ। ਲੜਕਾ ਇਕ ਕੰਮ ਤੇ ਅਤੇ ਦੂਸਰਾ ਪੜ੍ਹਦਾ ਹੈ ਯੂਨੀਵਰਸਿਟੀ ਵਿੱਚ। ਘਰ ਵਿੱਚ ਰਾਜਿੰਦਰ ਦਾ ਪਿਤਾ ਵਾਂਗੂੰ ਤੇ ਨੂੰਹ ਸੁਨੀਤਾ ਦਾ ਮਾਵਾਂ ਵਾਂਗੂੰ ਸਭ ਸਤਿਕਾਰ ਕਰਦੇ ਸਨ।

ਰਾਜਿੰਦਰ ਦੇ ਘਰ ਸਾਰਾ ਪਰਿਵਾਰ ਇਕੱਤਰ ਹੋ ਗਿਆ—ਛੋਟਾ ਭਾਈ ਸ਼ਾਮਾ ਉਸਦਾ ਪਰਿਵਾਰ, ਮਾਈ ਤੇ ਇਨ੍ਹਾਂ ਦਾ ਆਪਣਾ ਦਾਮਾਦ। ਲਾਲੀ ਪਾਸੋਂ ਜੋ ਬਿਜ਼ਨਿਸ ਡਵੈਲਪਮੈਂਟ ਵਿੱਚ ਕਾਫ਼ੀ ਦੂਰ ਨਿਕਲ ਚੁੱਕਾ ਹੈ, ਇਨ੍ਹਾਂ ਕਾਫ਼ੀ ਜਾਣਕਾਰੀ ਪ੍ਰਾਪਤ ਕਰ ਕਾਫ਼ੀ ਲਾਭ ਉਠਾਇਆ।

ਸ਼ਾਮੇ ਨੇ ਅੱਜ ਤੋਂ ਪੰਦਰਾਂ ਕੁ ਬਰਸ ਪਹਿਲੋਂ ਆਟੋ ਸਪੇਅਰ ਪਾਰਟਸ ਦੀ ਇਕ ਨਿੱਕੀ ਜਿਹੀ ਦੁਕਾਨ ਖੋਲ੍ਹੀ ਸੀ ਜਿਸ ਨੂੰ ਉਹ ਇਕ ਦੋ ਬੰਦਿਆਂ ਦੀ ਮਦਦ ਨਾਲ ਚਲਾ ਰਿਹਾ ਸੀ, ਅੱਜ ਉਸੇ ਨੇ ਤਕਰੀਬਨ ੮੦×੬੦ ਮੀਟਰ ਤੇ ਇਕ ਵਧੀਆ ਦੁਮੰਜ਼ਲੀ ਬਿਲਡਿੰਗ ਖੜ੍ਹੀ ਕਰ ਲਈ ਹੈ। ਇਹ ਇਲਾਕੇ ਦੀ ਸਭ ਤੋਂ ਵਧੀਆ ਆਟੋ ਸਪੇਅਰ ਸ਼ਾਪ ਮੰਨੀ ਜਾਂਦੀ ਹੈ। ਬਜ਼ੁਰਗ ਮਾਤਾ ੮੫-੯੦ ਤੱਕ ਦੇ ਹੋਣਗੇ ਸ਼ਾਮੇ ਨਾਲ ਹੀ ਆਏ ਸਨ ਪਿਤਾ ਜੀ ਚਿਰ ਤੋਂ ਅਸਟ੍ਰੇਲੀਆ ਵਿੱਚ ਚੜ੍ਹਾਈ ਕਰ ਗਏ ਸਨ।

ਪਿੰਡ ਦੇ ਹੋਣ ਕਾਰਨ ਸਾਡਾ ਵਿਵਹਾਰਕ ਵਰਤਾਓ ਭਰਾਵਾਂ ਵਾਂਗੂੰ ਬਣ ਜਾਂਦਾ ਹੈ ਪ੍ਰਦੇਸਾਂ ਵਿੱਚ। ਸਾਰਾ ਮਾਣ ਪਿਆਰ ਰੁਮਿੰਦ ਨੂੰ ਚੁਕਣਾ ਪਿਆ ਤੇ ਮੰਮੀ ਜੀਆਂ ਸਭ ਬੱਚਿਆਂ ਨੂੰ ਪਿਆਰਿਆ। ਦੋ ਤੋਂ ਵੱਧ ਘੰਟੇ ਅਸੀ ਇੱਥੇ ਰੁੱਕੇ ਸਾਰਿਆਂ ਜੂਸ ਪੀਤਾ, ਮੈਂ ਆਪਣਾ ਚਾਹਟਾ ਬਣਵਾ ਲਿਆ। ਜੋ ਮੈਂ ਸਦਾ ਨਾਲ ਹੀ ਰਖਣਾ। ਥੋੜ੍ਹੇ ਵਕਤ ਨੂੰ ਮੁਖ ਰਖਦਿਆਂ ਅਸੀਂ ਸਭ ਤੋਂ ਵਿਦਾਈ ਲਈ। ਬੱਚਿਆਂ ਤੋਂ ਸਤਿਕਾਰ, ਬਿਰਧ ਚਾਚੀ ਤੋਂ ਅਸ਼ੀਰਵਾਦ ਪ੍ਰਾਪਤ ਕਰ ਨਿੱਕਿਆਂ ਦਾ ਖਿਆਲ ਰੱਖਣਾ ਦਾ ਆਦੇਸ਼ ਪਾ ਅਸੀਂ ਦੁਰਾਡੇ ਪਹਾੜੀ ਵਾਤਾਵਰਨ ਵਲ ਹੋ ਤੁਰੇ ਡੰਨਬਾਈਬਲ ਤੋਂ ਦੂਸਰੇ ਰੁਖ ਨੂੰ।

ਵੀਹ ਕੁ ਮਿੰਟ ਦੀ ਡਰਾਈਵ ਬਾਦ ਅਸੀਂ ਇਕ ਪਹਾੜਾਂ ਘਿਰੀ ਠੇਰੀ ਤੇ ਪੁਜ ਗਏ ਜਿਸ ਘਰ ਦੇ ਵਰਾਂਡੇ ਵਿੱਚ ਵੜਦਿਆਂ ਸਾਹਮਣੇ ਕਚਨਾਰ ਪਹਾੜੀਆਂ ਦੇ ਫ਼ਲੈਟ ਕਦਮਾਂ ਵਿੱਚ ਵਿਛੀ ਸੜਕ ਤੇ ਦੂਰ ਵਗਦੀ ਕਰੀਕ ਤੇ ਸੰਘਣੇ ਰੁੱਖਾਂ ਦੀ ਪਾਲ ਮਨ ਨੂੰ ਖੇੜਿਆਂ ਦੀ ਵਾਦੀ ਦਾ ਸੁਪਨਾ ਦਿਖਾ ਰਹੀ ਸੀ। ਅਜਿਹੇ ਵਿਊ ਦਾ ਮੁਲ ਸਿਡਨੀ ਵਿੱਚ ਮਿਲੀਅਨ ਡਾਲਰਜ਼ ਹੈ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਮੈਂ ਭਗਤੇ ਵਿਆਹ ਗਿਆ...

—ਡਾ. ਲਖਵੀਰ ਸਿੰਘ "ਨਾਮਧਾਰੀ"

ਅਸਲ ਵਿੱਚ ਵਿਆਹ ਦੋ ਰੂਹਾਂ ਦਾ ਸੁਮੇਲ ਹੁੰਦਾ ਹੈ। ਇਕ ਨਵੀਂ ਜੋੜੀ ਨੇ ਇਕ ਦੂਸਰੇ ਦੇ ਹਮਸਫ਼ਰ ਬਣਕੇ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਹੁੰਦੀ ਹੈ। ਸਾਡੇ ਸਮਾਜ ਦੀਆਂ ਰੀਤਾਂ ਮੁਤਾਬਕ ਲੜਕੀ ਨੇ ਲੜਕੇ ਦੇ ਘਰ ਜਾ ਕੇ ਵਸਣਾ ਹੁੰਦਾ ਹੈ। ਲੜਕੇ ਵਾਲਿਆਂ ਦਾ ਦਿਲ ਕਰੇ ਤਾਂ ਲੜਕੀ ਦੇ ਗਲ ਵਿਚ ਹਾਰ ਪਾਕੇ ਲੈ ਜਾਣ ਜਾਂ ਚੁੰਨੀ ਚੜ੍ਹਾ ਕੇ ਲੈ ਜਾਣ, ਭਾਵੇਂ ਸ੍ਰੀ ਗ੍ਰੰਥ ਸਾਹਿਬ ਅੱਗੇ ਲਾਵਾਂ ਪੜ੍ਹਾਉਣ ਲਈ ੫-੭ ਜਾਣੇ ਆ ਜਾਣ ਤੇ ਭਾਵੇਂ ਮੈਰਿਜ ਪੈਲਿਸਾਂ ਵਿੱਚ ਸੈਂਕੜੇ ਯਾਰਾਂ, ਦੋਸਤਾਂ, ਰਿਸ਼ਤੇਦਾਰਾਂ ਨੂੰ ਬਰਾਤੀ ਬਣਾ ਕੇ, ਬੈਂਡ ਵਾਜੇ ਵਜਾ ਕੇ, ਮਹਿੰਗਾਈ ਦੇ ਯੁਗ ਵਿਚ ਸੈਂਕੜੇ ਗੱਡੀਆਂ ਵਿਚ ਤੇਲ ਫੂਕਕੇ ਲੋਕ ਗਾਇਕਾ ਜਾਂ ਆਰਕੈਸਟਰਾ ਨੂੰ ਨਾਲ ਘੜੀਸੀ ਫਿਰਨ।

ਪਰ ਅੱਜ-ਕੱਲ, ਸਾਡੇ ਭਾਰਤੀ ਸਮਾਜ ਵਿਚ ਵਿਆਹ ਨੂੰ ਧੂਮ ਧੜੱਕੇ ਨਾਲ ਕਰਨ ਦੀ ਬਹੁਤ ਨਿਰਾਸ਼ਾਜਨਕ ਪਿਰਤ ਪੈ ਗਈ। ਹਰ ਕੋਈ ਸਾਦਾ ਰਸਮਾਂ ਨੂੰ ਤਿਆਗਕੇ ਜਸ਼ਨ ਮਨਾ ਕੇ ਹੀ ਵਿਆਹ ਕਰਨ ਵਿੱਚ ਆਪਣੀ ਸ਼ਾਨ ਸਮਝਦਾ ਹੈ। ਵਿਆਹ ਲਈ ਅੱਜ-ਕੱਲ, ਭਾਵੇ ਜ਼ਮੀਨ, ਜਾਇਦਾਦ ਗਿਰਵੀ ਰੱਖਣੀ ਪੈ ਜਾਵੇ ਤੇ ਭਾਵੇਂ ਮੋਟਾ ਕਰਜਾ ਚੁੱਕਣਾ ਪੈ ਜਾਵੇ। ਮੌਜੂਦਾ ਵਿਆਹ ਢੰਗਾਂ ਨੇ ਜਿੱਥੇ ਸਾਡੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਰੀਤਾਂ ਨੂੰ ਭਾਰੀ ਸੱਟ ਮਾਰੀ ਹੈ ਉੱਥੇ ਅਖਾੜਿਆਂ, ਲੱਚਰ ਗਾਇਕੀ ਅਤੇ ਆਰਕੈਸਟਰਾ ਨੇ ਜੋ ਗੰਦ ਪਾਇਆ ਹੈ ਉਹ ਕਿਸੇ ਵਰਗ ਤੋਂ ਲੁਕਿਆ ਨਹੀਂ। ਪੰਜਾਬ ਦੇ ਪਿੰਡਾਂ ਵਿੱਚ ਬਹੁਗਿਣਤੀ ਵਿਆਹ ਵਾਲੇ ਘਰਾਂ ਵਿਚ ਇਕ ਕੋਨੇ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੈ ਅਤੇ ਘਰ ਦੇ ਦੂਸਰੇ ਕੋਨੇ ਵਿੱਚ ਸੈਂਕੜੇ ਜੀਵਾਂ ਦਾ ਕਤਲ ਕਰਕੇ, ਘਰ ਦੀ ਸ਼ਰਾਬ ਦੇ ਨਸ਼ੇ ਵਿੱਚ ਚੂਰ ਹੋ ਕੇ, ਮਾਸ ਦੀਆਂ ਬੋਟੀਆਂ ਚੂਸੀਆਂ ਜਾਂਦੀਆਂ ਹਨ। ਲੜਕੀ ਵਾਲਿਆਂ ਤੋਂ ਮੋਟਾ ਮੂੰਹ ਮੰਗਵਾਂ ਦਾਜ ਲਿਆ ਜਾਂਦਾ ਹੈ। ਜਿੱਥੇ ਅੱਜ ਬਹੁਗਿਣਤੀ ਲੋਕ ਇਹ ਕੁਰੀਤੀਆਂ ਛੱਡਣਾ ਆਪਣੀ ਇੱਜ਼ਤ ਦੇ ਖਿਲਾਫ਼ ਸਮਝਣ ਲੱਗ ਪਏ ਹਨ ਉਥੇ ਧਾਰਮਿਕ, ਸਮਾਜ ਸੁਧਾਰਕ, ਸਾਦੇ ਅਤੇ ਬੁਧੀਜੀਵੀ ਵਰਗ ਦੀ ਨਿਗਾਹ ਵਿਚ ਭਵਿੱਖ ਲਈ ਇਹ ਬਹੁਤ ਨੁਕਸਾਨਦੇਹ ਪਿਰਤ ਹੈ ਅਤੇ ਅਜਿਹੀਆਂ ਰਸਮਾਂ ਇਸਤਰੀ ਜਾਤੀ ਦੇ ਭਵਿੱਖ ਲਈ ਹੋਰ ਵੀ ਖਤਰਨਾਕ ਹਨ। ਮੈਂ ਸਾਦੇ ਵਿਆਹਾਂ ਨੂੰ ਤਰਜੀਹ ਦਿੰਦਾ ਹਾਂ ਅਤੇ ਅਜੋਕੇ ਵਿਆਹਾਂ ਵਿੱਚ ਕਦੀ ਭੁੱਲ ਕੇ ਵੀ ਨਹੀਂ ਜਾਂਦਾ। ਪਰ ਇਕ ਵਾਰ ਮੇਰੇ ਬਹੁਤ ਹੀ ਨਜ਼ਦੀਕੀ ਦੋਸਤ ਕਰਮਜੀਤ ਅਤੇ ਉਸਦੇ ਰਿਸ਼ਤੇਦਾਰ ਗੋਗੀ ਬਰਾੜ ਵੱਲੋਂ ਵਿਆਹ ਦਾ ਕਾਰਡ ਦੇਣ 'ਤੇ ਮੇਰੇ ਮਨ ਵਿੱਚ ਇਹ ਨਹੀਂ ਆਇਆ ਕਿ ਮੈਂ ਕਰਮਜੀਤ ਦੇ ਰਿਸ਼ੇਤੇਦਾਰ ਦੇ ਵਿਆਹ ਤੇ ਨਹੀਂ ਜਾਵਾਂਗਾ। ਕਰਮਜੀਤ ਦੇ ਅਸੀਂ ੫-੬ ਦੋਸਤ ਅਤੇ ਉਹਨਾਂ ਦਾ ਸਾਰਾ ਪਰਿਵਾਰ ਭਗਤੇ ਵਿਆਹ ਗਏ।

ਭਗਤੇ ਵਾਲਿਆਂ ਦਾ ਘਰ ਬਹੁਤ ਵੱਡਾ ਅਤੇ ਖੁੱਲ੍ਹਾ-ਡੁੱਲ੍ਹਾ ਹੋਣ ਕਰਕੇ ਵਿਆਹ ਦੀਆਂ ਰਸਮਾਂ ਲਈ ਘਰ ਹੀ ਇਕ ਵੱਡਾ ਟੈਂਟ ਲੱਗਿਆ ਹੋਇਆ ਸੀ। ਪਹੁੰਚਦਿਆਂ ਹੀ ਸਭ ਨੇ ਦੁੱਧ, ਚਾਹ, ਪਾਣੀ ਪੀਤਾ। ਜਦੋਂ ਅਸੀਂ ਘਰ ਪਹੁੰਚੇ ਉਦੋਂ ਤੋਂ ਹੀ ਮੇਰੇ ਨੱਕ ਨੂੰ ਗੰਧ ਜਿਹੀ ਚੜ੍ਹ ਰਹੀ ਸੀ। ਮੈਂ, ਸਾਡੇ ਤੋਂ ਪਹਿਲਾਂ ਪਹੁੰਚੇ ਜਗਦੇਵ ਫੌਜੀ ਨੂੰ ਪੁਛਿਆ ਕਿ "ਇਹ ਕਾਹਦੀ ਗੰਧ ਹੈ ?" ਤਾਂ ਉਸਨੇ ਦੱਸਿਆ ਕਿ ਕੱਲ੍ਹ ਸ਼ਾਮ ਤੋਂ ਕੁੱਕੜ ਵੱਢੇ ਜਾ ਰਹੇ ਹਨ ਉਹਨਾਂ ਨੂੰ ਫਰਾਈ ਕਰਨ ਦੀ ਗੰਧ ਹੈ। ਮੇਰਾ ਇਕ ਦਮ ਦਿਲ ਕੰਬ ਗਿਆ ਕਿਉਂਕਿ ਮੈਂ ਜੀਵ ਹੱਤਿਆ ਸਹਿਣ ਨਹੀਂ ਕਰ ਸਕਦਾ। ਟੈਂਟ ਤੋਂ ਅੱਗੇ ਬਹੁਤ ਵੱਡੀ ਸਾਰੀ ਕੋਠੀ ਦੇ ਇਕ ਕਮਰੇ ਵਿੱਚ ਦਰਬਾਰ ਸਾਹਿਬ ਦਾ ਪ੍ਰਕਾਸ਼ ਸੀ। ਮਨ ਨੂੰ ਹੋਰ ਦੁੱਖ ਹੋਇਆ ਕਿ ਇਕ ਪਾਸੇ ਕਤਲੇਆਮ ਅਤੇ ਦੂਜੇ ਪਾਸੇ ਸੱਚ ਦਾ ਉਪਦੇਸ਼। ਇਕ ਸਾਬਕਾ ਮੰਤਰੀ ਤੋਂ ਇਲਾਵਾ ਹੋਰ ਵੀ ਦੋ ਧਾਰਮਿਕ ਉਘੀਆਂ ਸ਼ਖਸ਼ੀਅਤਾਂ ਪਹੁੰਚੀਆਂ ਹੋਈਆਂ ਸਨ। ਬਹੁਤ ਭਾਰੀ ਇਕੱਠ ਸੀ। ਭੋਗ ਪੈਣ ਤੋਂ ਤੁਰੰਤ ਬਾਅਦ ਟੈਂਟ ਵਿੱਚ ਮਿੰਟਾਂ ਵਿੱਚ ਹੀ ਇਕ ਵੱਡੀ ਉੱਚੀ ਸਟੇਜ ਬਣਾ ਦਿਤੀ ਗਈ ਅਤੇ ਦੂਰ ਤੱਕ ਲਾਈਨੋਬਾਰ ਸੈਂਕੜੇ ਕੁਰਸੀਆਂ ਚਿਣ ਦਿਤੀਆਂ ਗਈਆਂ। ਅਸੀਂ ਵੀ ਸਟੇਜ ਦੇ ਕੋਲ ਬਿਲਕੁਲ ਸੱਜੇ ਪਾਸੇ ਟੇਡੀਆਂ ਲੱਗੀਆਂ ੭-੮ ਕੁਰਸੀਆਂ ਮੱਲ ਲਈਆਂ। ਮੈਂ ਕੁਰਸੀਆਂ ਦੀ ਲਾਈਨ ਵਾਲੀ ਅਗਲੀ ਕੁਰਸੀ ਤੇ ਬੈਠ ਗਿਆ। ਸਾਰਾ ਪੰਡਾਲ ਭਰ ਚੁੱਕਿਆ ਸੀ। ਪੰਜਾਬ ਦੀ ਇਕ ਮਸ਼ਹੂਰ ਗਾਇਕਾ ਸੁਚੇਤ ਬਾਲਾ ਦੇ ਅਖਾੜੇ ਦੀ ਤਿਆਰੀ ਸੀ। ਸਾਰੇ ਹੀ ਬੇਸਬਰੀ ਨਾਲ



Sri Satguru Jagjit Singh Ji eLibrary NamdhariElibrary@gmail.com

ਉਸਦਾ ਇੰਤਜ਼ਾਰ ਕਰ ਰਹੇ ਸਨ। ਉਸ ਸੁਨੱਖੀ ਮੁਟਿਆਰ ਦੇ ਆਉਂਦਿਆਂ ਹੀ ਸਾਰਾ ਪੰਡਾਲ ਤਾੜੀਆਂ ਮਾਰਨ ਲੱਗ ਪਿਆ। ਪਹਿਲਾਂ ਗਾਇਕਾ ਨੇ ਗੁਰੂਆਂ ਪੀਰਾਂ, ਪੈਗੰਬਰਾਂ, ਸ਼ਹੀਦਾਂ ਨੂੰ ਇਕ ਵਧੀਆ ਗੀਤ ਗਾਕੇ ਪ੍ਰਣਾਮ ਕੀਤੀ ਤੇ ਫਿਰ ਵੱਖਰੇ ਅੰਦਾਜ਼ ਦੀ ਤਾੜੀ ਸਮੇਤ ਗਾਉਣਾ ਅਤੇ ਨੱਚਣਾ ਸ਼ੁਰੂ ਕਰ ਦਿੱਤਾ। ਉਸਦੀਆਂ ਅੱਖਾਂ, ਬੁੱਲ੍ਹ, ਭਰਵੱਟਿਆਂ, ਬਾਹਾਂ, ਛਾਤੀ, ਲੱਕ ...... ਤੋਂ ਲੈਕੇ ਸਰੀਰ ਦਾ ਇਕ-ਇਕ ਅੰਗ ਨਾਚ ਕਰ ਰਿਹਾ ਸੀ। ਉਸਦੇ ਗੀਤਾਂ ਅਤੇ ਕਦੀ-ਕਦੀ ਲੱਚਰ ਸ਼ਬਦਾਬਲੀ ਨਾਲ ਲੋਕ ਕੀਲੇ ਜਾ ਚੁੱਕੇ ਸਨ। ਲੋਕੀ ਮਸਤ ਹੋਏ ਕਿਲਕਾਰੀਆਂ ਮਾਰ ਰਹੇ ਸਨ ਤੇ ਕਈ ਨੱਚ ਵੀ ਰਹੇ ਸਨ।

ਪੰਡਾਲ ਵਿੱਚ ਜਦੋਂ ਮੇਰੇ ਕੋਲੋਂ ਡਾਲੇ ਵਾਲੇ ਬਹਿਰੇ ਲੰਘਦੇ ਤਾਂ ਡਾਲਿਆਂ ਵਿੱਚੋਂ ਇਕ ਵੱਖਰੀ ਜਿਹੀ ਗੰਧ ਆਉਂਦੀ। ਮੈਂ ਜਗਦੇਵ ਨੂੰ ਪੁਛਿਆ ਕਿ "ਪਾਣੀ ਵਿਚੋਂ ਅਜਿਹੀ ਗੰਧ ਕਿਉਂ ਆਉਂਦੀ ਹੈ ?" ਤਾਂ ਉਸਨੇ ਦੱਸਿਆ ਕਿ "ਇਹ ਪਾਣੀ ਨਹੀਂ ਘਰ ਦੀ ਸ਼ਰਾਬ ਹੈ।" ਮੈਂ ਪੁਛਿਆ ਕਿ "ਤੁਸੀਂ ਅਤੇ ਆਪਣੀ ਲਾਈਨ....।" ਤਾਂ ਜਗਦੇਵ ਨੇ ਦੱਸਿਆ ਕਿ "ਤੁਸੀਂ ਲਾਈਨ ਦੇ ਅੱਗੇ ਬੈਠੇ ਹੋ ਇਸ ਲਈ ਬਹਿਰਾ ਇਧਰ ਨਹੀਂ ਆਉਂਦਾ।" ਮੈਂ ਆਪਣੇ ਆਪ ਨੂੰ ਬਹੁਤ ਫਸਿਆ ਮਹਿਸੂਸ ਕੀਤਾ ਪਰ ਮੈਂ ਸੋਚਿਆ ਚਲੋ ਮੇਰੇ ਕਰਕੇ ਮੇਰੇ ਦੋਸਤ ਤਾਂ ਸ਼ਰਾਬ ਤੋਂ ਬਚੇ ਹੋਏ ਹਨ। ਥੋੜ੍ਹੀ ਦੇਰ ਬਾਅਦ ਹੀ ਪਕੌੜਿਆਂ ਦੀਆਂ ਟਰੇਆਂ ਆਉਣੀਆਂ ਸ਼ੁਰੂ ਹੋ ਗਈਆਂ। ਮੈਨੂੰ ਜਗਦੇਵ ਨੇ ਦੱਸਿਆ ਕਿ "ਸਭ ਮਾਸਾਹਾਰੀ ਕੰਮ ਸ਼ੁਰੂ ਹੋ ਗਿਆ ਹੈ।" ਮੇਰਾ ਦਿਲ ਕਾਹਲਾ ਪੈਣ ਲੱਗ ਗਿਆ ਕਿ "ਐ ਤੂੰ ਕਿੱਥੇ ਫਸ ਗਿਐਂ।" ਇਧਰ ਮੇਰੇ ਕਾਰਨ ਮੇਰੇ ਦੋਸਤਾਂ ਨੂੰ ਪਕੌੜੇ ਅਤੇ ਸ਼ਰਾਬ ਨਾ ਮਿਲਣ ਕਾਰਨ ਉਹਨਾਂ ਦੇ ਵੀ ਡੋਬ ਪੈ ਰਹੇ ਸਨ। ਉਹਨਾਂ ਸਾਰਿਆਂ ਮਹਿਸੂਸ ਕੀਤਾ ਕਿ ਮੈਨੂੰ ਨਹੀਂ ਬੁਲਾਉਣਾ ਚਾਹੀਦਾ ਸੀ। ਮੈਂ ਉਠਿਆ ਟੈਂਟ ਤੋਂ ਬਾਹਰ ਕੋਠੀ ਦੇ ਵਰਾਂਡੇ ਵਿੱਚ ਲੱਗੇ ਸੋਫਿਆਂ ਤੇ ਬੈਠ ਗਿਆ। ਕਰਮਜੀਤ ਉਥੇ ਆਕੇ ਕਹਿ ਗਿਆ ਕਿ ਇਹਨਾਂ ਨੂੰ ਕੁਝ ਵੈਸ਼ਨੂੰ ਖੁਆਓ। ਮੈਨੂੰ ਅਣਜਾਣੇ ਇਕ ਵਿਦੇਸ਼ੀ ਮੁੰਡੇ ਨੇ ਇਕ ਠੰਡਾ (ਕੋਲਡ ਡਰਿੰਕਸ) ਲਿਆ ਦਿੱਤਾ। ਮੈਨੂੰ ਪੀਣ ਵਿੱਚ ਉਸਦਾ ਸੁਆਦ ਠੀਕ ਨਾ ਲੱਗਿਆ। ਮੈਨੂੰ ਇੰਝ ਮਹਿਸੂਸ ਹੋਇਆ ਕਿ ਉਸ ਵਿਚ ਸ਼ਰਾਬ ਮਿਲਾਈ ਹੋਈ ਹੈ। ਮੈਂ ਉਸ ਮੁੰਡੇ ਨੂੰ ਠੰਡੇ ਦੀ ਬੋਤਲ ਵੱਲ ਇਸ਼ਾਰਾ ਕਰਕੇ ਪੁਛਿਆ ਕਿ ਇਹ ਠੀਕ ਹੈ ? ਉਸਨੇ ਕਿਹਾ ਯੈਸ! ਓ..ਕੇ..। ਫਿਰ ਮੈਂ ਇਕ ਘੁੱਟ ਪੀਤੀ ਤਾਂ ਮੈਂ ਸੋਚਿਆ "ਯੈਸ! ਓ. ਕੇ" ਦਾ ਮਤਲਬ ਹੀ ਇਹ ਨਾ ਹੋਵੇ ਕਿ ਹਾਂ ਸ਼ਰਾਬ ਮਿਲਾਈ ਹੋਈ ਹੈ।

ਉਸੇ ਵਕਤ ਰਾਮਪੁਰੇ ਤੋਂ ਘਰੋਂ ਫੋਨ ਆ ਗਿਆ ਕਿ ਕੁਹਾੜੇ ਵਾਲੇ ਜੀਜਾ ਜੀ ਆਏ ਹੋਏ ਹਨ ਜਲਦੀ ਵਾਪਸ ਆ ਜਾਓ। ਕਰਮਜੀਤ ਦੀ ਪਤਨੀ ਇੰਦਰਜੀਤ ਨੇ ਆਖਿਆ ਕਿ ਖਾਣਾ ਖਾਣ ਬਿਨਾਂ ਤਾਂ ਅਸੀਂ ਜਾਣ ਹੀ ਨਹੀਂ ਦਿੰਦੇ। ਮੈਂ ਸਾਫ ਇਨਕਾਰ ਕਰ ਦਿੱਤਾ ਪਰ ਫਿਰ ਉਹਨਾਂ ਦੱਸਿਆ ਕਿ ਲੇਡੀਜ਼ ਵਾਸਤੇ ਵੈਸ਼ਨੂੰ ਖਾਣਾ ਅਲੱਗ ਬਣਿਆ ਹੋਇਆ ਹੈ ਤੁਸੀਂ ਜ਼ਰੂਰ ਖਾਓ। ਮੈਂ ਉਹਨਾਂ ਦੇ ਬਹੁਤਾ ਮਜਬੂਰ ਕਰਨ ਤੇ ਰਸੋਈ ਵਿੱਚ ਗਿਆ ਉਥੇ ਉਹਨਾਂ ਦਿਖਾਇਆ ਕਿ ਗੋਭੀ ਦੀ ਸਬਜ਼ੀ, ਮਟਰ ਪਨੀਰ ਅਤੇ ਰਾਇਤਾ ਵਗੈਰਾ ਹੀ ਹੈ, ਬਾਕੀ ਮਾਸਾਹਾਰੀ ਸਮਾਨ ਇਥੇ ਨਹੀਂ ਆਉਣ ਦਿੱਤਾ ਗਿਆ। ਉਹਨਾਂ ਮੈਨੂੰ ਰਸੋਈ ਦੇ ਨਾਲ ਵਾਲੇ ਬੈਡਰੂਮ ਵਿੱਚ ਬਿਠਾ ਕੇ ਖਾਣਾ ਦੇ ਦਿੱਤਾ। ਮੈਂ ਦੋ ਪ੍ਰਸ਼ਾਦੇ ਛਕ ਲਏ। ਇੰਨੇ, ਨੂੰ ਇਕ ਆਦਮੀ ਆਇਆ ਉਸਨੇ ਬੈੱਡ ਰੂਮ ਵਿਚਲਾ ਕੱਪ ਬੋਰਡ ਖੋਲ੍ਹਿਆ ਤਾਂ ਮੇਰੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ ਅਤੇ ਨੱਕ ਤੇ ਮੈਂ ਫਟਾ-ਫਟ ਰੁਮਾਲ ਰੱਖ ਲਿਆ.....। ਇਥੇ ਸ਼ਰਾਬ ਦੀਆਂ ੨੦-੨੦ ਲਿਟਰ ਦੀਆਂ ਪਲਾਸਟਿਕ ਦੀਆਂ ਕੇਨੀਆਂ ਹੀ ਕੇਨੀਆਂ ਪਈਆਂ ਸਨ। ਬਾਹਰ ਆਇਆ ਟੈਂਟ ਵੱਲ ਵੇਖਿਆ ਤਾਂ ਸ਼ਰਾਬ ਵਿਚ ਚੂਰ ਬੁੱਢੇ, ਜਵਾਨ, ਨਬਾਲਗ ਸੁਚੇਤ ਬਾਲਾ ਨਾਲ ਨੱਚ ਰਹੇ ਸਨ। ਕਿਲਕਾਰੀਆਂ ਮਾਰ ਰਹੇ ਸਨ। ਲੋਕੀਂ ਮਾਸ ਦੀਆਂ ਬੋਟੀਆਂ ਚੂਸ ਰਹੇ ਸਨ। ਸ਼ਰਾਬ ਜੱਗਾਂ ਨਾਲ ਗਲਾਸਾਂ ਵਿੱਚ ਪਾ-ਪਾ ਕੇ ਪਾਣੀ ਵਾਂਗ ਵਰਤਾਈ ਜਾ ਰਹੀ ਸੀ। ਕਈ ਨਸ਼ੇ ਵਿੱਚ ਚੂਰ ਹੋ ਕੇ ਕੁਰਸੀਆਂ ਤੇ ਲੁਟਕੇ ਪਏ ਸਨ। ਮੈਂ ਵਾਪਸ ਆ ਗਿਆ ਜਦ ਸਵੇਰੇ ਉੱਠਿਆ ਇਸ਼ਨਾਨ ਕੀਤਾ ਅਤੇ ਪਾਠ ਕਰਨ ਬੈਠਾ ਤਾਂ ਸੁਚੇਤ ਬਾਲਾ ਮੇਰੀਆਂ ਅੱਖਾਂ ਅੱਗੇ ਨੱਚਣ ਲੱਗ ਪਈ। ਲਗ-ਭਗ ੧੫-੨੦ ਦਿਨ ਜਦੋਂ ਵੀ ਨਾਮ ਸਿਮਰਨ ਕਰਨ ਬੈਠਦਾ ਤਾਂ ਸੁਚੇਤ ਬਾਲਾ ਮੈਨੂੰ ਆ ਘੇਰਦੀ......।

ਮੈਂ ਸਮਝ ਗਿਆ ਸਾਂ ਕਿ ਮੈਨੂੰ ਗੁਰਬਾਣੀ ਦੀ ਇਹ ਪੰਕਤੀ ਯਾਦ ਆ ਰਹੀ ਸੀ

ਕਲ ਕਾਤੀ ਰਾਜੇ ਕਾਸਾਈ ਧਰਮ ਪੰਖੁ ਕਰ ਉਡਰਿਆ।
ਕੂੜੁ ਅਮਾਵਸੁ ਸਚੁ ਚੰਦਰਮਾ ਦੀਸੈ ਨਾਹੀਂ ਕਹ ਚੜ੍ਹਿਆ।

*ਮਹਿਰਾਜ ਬਸਤੀ, ਰਾਮਪੁਰਾ ਫੂਲ*
*ਬਠਿੰਡਾ-151103*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

# Namdhari Sales

**10240/54, Library Road, Azad Market, Delhi-110006**





Sri Satguru Jagjit Singh Ji eLibrary NamdhariElibrary@gmail.com

## ਖਬਰਨਾਮਾ

## ਸ੍ਰੀ ਸਤਿਗੁਰੂ ਜੀ ਵਲੋਂ ਸੇਵਕ ਨੂੰ ਕਾਰ ਦੀ ਬਖਸ਼ਸ਼

ਸ੍ਰੀ ਭੈਣੀ ਸਾਹਿਬ ੩੦ ਮਈ—ਅੱਜ ਏਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਨਿਜੀ ਸੇਵਕ ਸੰਤ ਹਰਪਾਲ ਸਿੰਘ ਨੂੰ ਕਾਰ ਦੀ ਬਖਸ਼ਸ਼ ਕੀਤੀ। ਸੱਚੇ ਪਾਤਸ਼ਾਹ ਜੀ ਸੇਵਕ ਨੂੰ ਆਪਣੇ ਕਰ ਕੰਵਲਾਂ ਦੁਆਰਾ ਕਾਰ ਦੀਆਂ ਚਾਬੀਆਂ ਦੇ ਕੇ ਨਿਵਾਜਿਆ।

ਸੇਵਕ ਹਰਪਾਲ ਸਿੰਘ ਪਿਛਲੇ ਦਸ ਸਾਲਾਂ ਤੋਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਹਨ। ਅੱਜ ਕਲ੍ਹ ਉਹ ਰਾਤ ਦੇ ਸਮੇਂ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ। ਦਿਨੇ ਕੁਝ ਸਮਾਂ ਆਰਾਮ ਕਰਕੇ ਉਹ ਲੋੜਵੰਦਾਂ ਦੀਆਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ਾਂ ਕਰਨ, ਲਾਇਬ੍ਰੇਰੀ ਦੀ ਸੰਭਾਲ ਕਰਨ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਉਚੇਚਾ ਸਮਾਂ ਦੇਂਦੇ ਹਨ। ਉਹ ਇਕ ਵਧੀਆ ਤੇ ਪ੍ਰਭਾਵਸ਼ਾਲੀ ਬੁਲਾਰੇ ਹਨ। ਉਹ ਆਪਣੀ ਲੇਖਣੀ ਨੂੰ ਸਤਿਗੁਰੂ ਦੀ ਸੋਭਾ ਲਈ ਵਰਤਦੇ ਹਨ। ਉਹ ਸਦਾ ਪੰਥਕ ਤਰੱਕੀ ਲਈ ਵਿਉਂਤਾਂ ਸੋਚਦੇ ਰਹਿੰਦੇ ਹਨ। ਉਹ ਮਾਤਾ ਪਿਤਾ ਨਾਲ ਪਹਿਲਾਂ ਸ੍ਰੀ ਜੀਵਨ ਨਗਰ ਰਹਿੰਦੇ ਸਨ ਤੇ ਹੁਣ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਆ ਗਏ ਹਨ। ਉਹਨਾਂ ਦੇ ਦੋਵੇਂ ਭਰਾ ਸੰਤ ਸੁਖਦੇਵ ਸਿੰਘ ਤੇ ਸੰਤ ਰਛਪਾਲ ਸਿੰਘ ਵੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਰਹਿੰਦੇ ਹਨ। ਸੰਤ ਸੁਖਦੇਵ ਸਿੰਘ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲਾ ਵਧੀਆ ਤਬਲਾ ਵਾਦਕ ਅਤੇ ਸੰਤ ਰਛਪਾਲ ਸਿੰਘ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਵਿੱਚ ਰਹਿਣ ਵਾਲਾ ਸਰਗਰਮ ਹਜ਼ੂਰੀ ਸੇਵਕ ਹੈ। ਉਹ ਸ੍ਰੀ ਸਤਿਗੁਰੂ ਜੀ ਦੀ ਸੰਸਾਰ ਯਾਤਰਾ ਬਾਰੇ ਰੋਜ਼ਾਨਾ ਡਾਇਰੀ ਵੀ ਰਖਦਾ ਹੈ, ਜੋ ਕਿ ਇਤਿਹਾਸਕ ਮਹੱਤਵ ਵਾਲੀ ਹੈ ਜਿਸ ਵਿੱਚ ਸ੍ਰੀ ਸਤਿਗੁਰੂ ਜੀ ਦੇ ਮਨੋਹਰ ਬਚਨ ਤੇ ਸਿਖਾਂ ਤੇ ਕਿਰਪਾ ਨੂੰ ਕਲਮਬੰਦ ਕੀਤਾ ਜਾਂਦਾ ਹੈ। ਤਿੰਨੇ ਭਰਾਵਾਂ ਦਾ ਜੀਵਨ ਉਦੇਸ਼ ਸਾਰੇ ਪਰਵਾਰ ਦੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਪ੍ਰੀਤ ਨਿਭਾਉਣਾ ਤੇ ਹੁਕਮ ਅਨੁਸਾਰ ਸੇਵਾ ਕਰਨਾ ਹੈ। *(ਸਤਿਜੁਗ 'ਚੋਂ ਧੰਨਵਾਦ ਨਾਲ)*

## ਆਲੋਚਕਾਂ ਦੀ ਰੁਚੀ ਮੁਤਾਬਿਕ ਰਚਿਆ ਸਾਹਿੱਤ ਪਾਠਕਾਂ ਨਾਲੋਂ ਟੁੱਟ ਜਾਂਦੈ : ਪਾਤਰ

ਲੁਧਿਆਣਾ—ਪੰਜਾਬੀ ਸਾਹਿੱਤ ਅਕਾਡਮੀ ਵਲੋਂ ਨਵੇਂ ਉੱਭਰ ਰਹੇ ਨੌਜਵਾਨ ਸ਼ਾਇਰਾਂ ਨੂੰ ਉਤਸ਼ਾਹਤ ਕਰਨ ਲਈ "ਪਰਵਾਜ਼" ਲੜੀ ਸ਼ੁਰੂ ਕੀਤੀ ਗਈ ਹੈ। ਇਸ ਵਾਰ ਇਸ ਲੜੀ ਵਿਚ ਨੌਜਵਾਨ ਸ਼ਾਇਰ ਸ੍ਰੀ ਬੁੱਧ ਸਿੰਘ ਨੀਲੋਂ ਨੂੰ ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਗਿਆ। ਇਸ ਮੌਕੇ ਸ੍ਰੀ ਬੁੱਧ ਸਿੰਘ ਨੀਲੋਂ ਨੇ ਆਪਣੇ ਜੀਵਨ ਅਤੇ ਰਚਨਾ ਪ੍ਰਕ੍ਰਿਆ ਬਾਰੇ ਹਾਜ਼ਰ ਲੇਖਕਾਂ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹਰਜੀਤ ਰਤਨ ਨੇ ਨੀਲੋਂ ਦੇ ਜੀਵਨ ਬਾਰੇ ਦੱਸਦਿਆਂ ਆਖਿਆ ਕਿ ਉਨ੍ਹਾਂ ਦਾ ਜਨਮ ਪਿੰਡ ਨੀਲੋਂ ਕਲਾਂ ਵਿਚ ਹੋਇਆ। ਪੜ੍ਹਾਈ ਉਪਰੰਤ ਜਲੰਧਰ ਇਕ ਅਖ਼ਬਾਰ ਵਿੱਚ ਚਲੇ ਗਏ। ਜਲੰਧਰ ਰਹਿੰਦਿਆਂ ਨੀਲੋਂ ਨੇ ਪੱਤਰਕਾਰੀ ਦੇ ਨਾਲ-ਨਾਲ ਕਵਿਤਾ ਵੀ ਲਿਖੀ। ਪਰ ਨੀਲੋਂ ਨੇ ਆਪਣੀ ਕਵਿਤਾ ਨੂੰ ਲੁਕਾਈ ਹੀ ਰੱਖਿਆ। ਵਖ-ਵਖ ਅਖ਼ਬਾਰਾਂ ਅਤੇ ਮਾਸਿਕ ਰਸਾਲਿਆਂ ਵਿੱਚ ਵਿਚਰਦਿਆਂ ਉਨ੍ਹਾਂ ਜ਼ਿੰਦਗੀ ਦੇ ਅਨੁਭਵਾਂ ਨੂੰ ਕਵਿਤਾ ਅਤੇ ਵਾਰਤਕ ਵਿੱਚ ਪੇਸ਼ ਕਰਨ ਦਾ ਯਤਨ ਕੀਤਾ। ਉਨ੍ਹਾਂ ਦੱਸਿਆ ਕਿ ਨੀਲੋਂ ਦੇ ਬਹੁਤ ਸਾਰੇ ਸਕੈੱਚ ਕਈ ਮਾਸਿਕ ਪੱਤਰਾਂ ਦੇ ਮੁੱਖ ਪੰਨੇ ਵੀ ਬਣੇ ਹਨ ਅਤੇ ਅੱਜ ਕੱਲ੍ਹ ਉਹ ਪੰਜਾਬੀ ਸਾਹਿੱਤ ਅਕਾਡਮੀ ਵਿੱਚ ਸੇਵਾ ਨਿਭਾ ਰਹੇ ਹਨ।

ਇਸ ਮੌਕੇ ਨੀਲੋਂ ਨੇ ਆਪਣੀਆਂ ਚੋਣਵੀਆਂ ਪੰਜ ਰਚਨਾਵਾਂ ਸੁਣਾਈਆਂ। ਇਨ੍ਹਾਂ ਰਚਨਾਵਾਂ ਵਿੱਚ ਪਹਿਲੀ ਕਵਿਤਾ 'ਫੌਜੀ', 'ਭਵਿੱਖ ਦੇ ਲਈ', 'ਰਾਤ ਸਫ਼ਰ ਕਰਦੀ ਹੈ', 'ਪੜ੍ਹਦਿਆਂ ਲਿਖਦਿਆਂ' ਅਤੇ 'ਕਵਿਤਾ ਤੇ ਜ਼ਿੰਦਗੀ' ਸਨ। ਇਨ੍ਹਾਂ ਰਚਨਾਵਾਂ ਵਿਚੋਂ 'ਕਵਿਤਾ ਤੇ ਜ਼ਿੰਦਗੀ' ਨੇ ਹਾਜ਼ਰ ਸਰੋਤਿਆਂਦਾ ਵਿਸ਼ੇਸ਼ ਤੌਰ ਤੇ ਧਿਆਨ ਖਿਚਿੱਆ ਜਿਸ ਦੇ ਬੋਲ ਸਨ "ਕਵਿਤਾ ਚਾਹੁੰਦਿਆਂ ਹੋਇਆ ਵੀ ਲਿਖ ਨਹੀਂ ਹੁੰਦੀ, ਪਰ ਜ਼ਿੰਦਗੀ ਨਾ ਚਾਹੁੰਦਿਆਂ ਹੋਇਆ ਵੀ ਜਿਊਣੀ ਪੈਂਦੀ ਹੈ।" ਇਹ ਰਚਨਾ ਕਵਿਤਾ ਤੇ ਜ਼ਿੰਦਗੀ ਦੀ ਸਿਰਜਣ ਪ੍ਰਕ੍ਰਿਆ ਨੂੰ ਪੇਸ਼ ਕਰਦੀ ਸੀ।

ਰਚਨਾਵਾਂ ਉਪਰ ਬੋਲਦਿਆਂ ਪ੍ਰੋ. ਮਹਿੰਦਰਦੀਪ ਗਰੇਵਾਲ ਨੇ ਆਖਿਆ ਕਿ ਨੀਲੋਂ ਦੀ ਸ਼ਾਇਰੀ ਵਿੱਚ ਸਾਦਗੀ ਤੇ ਆਪਣਾਪਣ ਹੈ। ਨੀਲੋਂ ਜਿਥੇ ਸ਼ਾਇਰੀ ਕਰਦਾ ਹੈ ਤੇ ਉਸ ਦੀ ਵਾਰਤਕ ਵੀ ਸ਼ਾਇਰੀ ਵਰਗੀ ਹੀ ਹੈ। ਇਸ ਉਪਰੰਤ ਦੂਜੇ ਦੌਰ ਵਿਚ ਨੌਜਵਾਨ ਸ਼ਾਇਰਾਂ ਵਿਚੋਂ ਹਰਦੀਪ ਸਿੰਘ, ਰਵਿੰਦਰ ਨੱਥੋਵਾਲ, ਸੁਰਿੰਦਰਜੀਤ ਸਿੰਮੀ, ਜਗਤਾਰ ਸਾਲਮ, ਦੀਪਕ ਅਤੇ ਹਰਜੀਤ ਰਤਨ ਆਦਿ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

ਇਨ੍ਹਾਂ ਉੱਭਰਦੇ ਸ਼ਾਇਰਾਂ ਨੂੰ ਆਸ਼ੀਰਵਾਦ ਦੇਣ ... ਵਿਸ਼ੇਸ਼ ਤੌਰ ਤੇ ਸ੍ਰੀਮਤੀ ਸੁਰਿੰਦਰਜੀਤ ਕੌਰ, ਡਾ... ਸਿੰਘ, ਡਾ. ਗੁਰਇਕਬਾਲ ਸਿੰਘ, ਡਾ... ਮੁਕਤਸਰ, ਡਾ. ਅਜੀਤ ਸਿੰਘ ਸਿੱ...

ਇਸ ਸਮਾਗਮ ਦੀ ਪ੍ਰਧਾ... ਪਾਤਰ ਨੇ ਨੌਜਵਾਨ ਸ਼ਾਇਰਾਂ... ਵਧ ਚੰਗੀਆਂ ਰਚਨਾਵਾਂ ਪੜ੍ਹ...





Sri Satguru Jagjit Singh Ji eLibrary NamdhariElibrary@gmail.com

ਰਚਨਾਵਾਂ ਪੜ੍ਹਨਗੇ ਤਾਂ ਹੀ ਚੰਗੀਆਂ ਰਚਨਾਵਾਂ ਸਿਰਜਣਗੇ। ਉਨ੍ਹਾਂ ਆਖਿਆ ਕਿ ਅੱਜ ਕੱਲ੍ਹ ਸਾਹਿਤ ਆਲੋਚਕਾਂ ਦੇ ਕਹਿਣ ਮੁਤਾਬਿਕ ਰਚਿਆ ਜਾ ਰਿਹਾ ਹੈ ਜਿਸ ਕਾਰਣ ਸਾਹਿਤ ਨਾਲੋਂ ਪਾਠਕ ਟੁੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਬਹੁਤਾ ਸਾਹਿੱਤ ਪੀੜਾ ਨੂੰ ਹੀ ਬਿਆਨਦਾ ਹੈ ਜਦਕਿ ਸੁਖੀ ਪਲਾਂ ਬਾਰੇ ਬਹੁਤ ਘੱਟ ਲਿਖਿਆ ਜਾ ਰਿਹਾ ਹੈ ਅਤੇ ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ। ਡਾ. ਸੁਰਜੀਤ ਪਾਤਰ ਨੇ ਆਖਿਆ ਕਿ ਅਕਾਡਮੀ ਵਲੋਂ ਇਹ ਪ੍ਰੋਗਰਾਮ ਨਵੇਂ ਸ਼ਾਇਰਾਂ ਨੂੰ ਪ੍ਰੋੜ ਸ਼ਾਇਰਾਂ ਦੇ ਸਾਹਮਣੇ ਪੇਸ਼ ਕਰਨ ਦਾ ਇਕ ਯਤਨ ਹੈ। ਅਕਾਡਮੀ ਇਹ ਪ੍ਰੋਗਰਾਮ ਨਿਰੰਤਰ ਜਾਰੀ ਰੱਖੇਗੀ। ਇਸ ਸਮਾਗਮ ਦੀ ਕਾਰਵਾਈ ਸ੍ਰੀ ਹਰਜੀਤ ਰਤਨ ਨੇ ਨਿਭਾਈ।

*—ਸੁਰਿੰਦਰਜੀਤ ਕੌਰ*

## ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਲੰਡਨ ਵਲੋਂ ਸੈਮੀਨਾਰ ਅਤੇ ਕਵੀ ਦਰਬਾਰ

ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਵਲੋਂ ਡਾ. ਸੁਖਵਿੰਦਰ ਸਿੰਘ ਰੰਧਾਵਾ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਨਾਲ ਰੂ-ਬ-ਰੂ ਕੀਤੀ ਗਿਆ ਅਤੇ ਉਨਾਂ ਨੇ "ਸਮਕਾਲੀ ਪੰਜਾਬੀ ਕਹਾਣੀ ਦੇ ਪੈਟਰਨ ਤੋਂ ਸਰੋਕਾਰ" ਸਿਰਲੇਖ ਹੇਠ ਪਰਚਾ ਪੜ੍ਹਿਆ। ਇਸ ਪਰਚੇ ਦੀ ਵਿਦਵਾਨ ਸਰੋਤਿਆਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ: ਪੂਰਨ ਸਿੰਘ (ਫ਼ਿਲਾਸਫ਼ਰ) ਪ੍ਰਧਾਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਨੇ ਕੀਤੀ। ਸਮਾਗਮ ਦੇ ਸ਼ੁਰੂ ਵਿਚ ਡਾ: ਰੰਧਾਵਾ ਜੀ ਨੇ ਆਪਣਾ ਪਰਚਾ ਪੜ੍ਹਿਆ ਜਿਸ ਉਪਰ ਭਰਵੀਂ, ਪੂਰਨ ਵਿਦਵਤਾ ਸਹਿਤ ਬਹਿਸ ਹੋਈ, ਪ੍ਰੰਤੂ ਹਾਲੇ ਵੀ ਪੰਜਾਬੀ ਵਿਦਵਾਨ ਲਿਖਾਰੀਆਂ ਵਿਚ ਰੂੜਵਾਦੀ, ਪਿਛਾਂਹ ਖਿਚੂ, ਸਵੈ ਅਭਿਮਾਨ ਦਾ ਰੁਝਾਣ ਇਸ ਹੱਦ ਤੱਕ ਭਾਰੂ ਹੈ ਕਿ ਹਰ ਬਹਿਸ ਨੂੰ ਜ਼ਾਤੀ ਹਮਲਾ ਬਣਾ ਕੇ ਗਰੁਪਬੰਦੀ ਤੋਂ ਉੱਚੇ ਉਠ ਸੋਚਣ ਦਾ ਇਨਾਂ ਪਾਸ ਸਮਾਂ ਨਹੀਂ ਹੈ। ਇਹ ਵਾਹੀ ਲਕੀਰ ਨੂੰ ਪਿੱਟਣ ਅਤੇ ਵਾਹੀ ਹੋਈ ਲਕੀਰ ਦੇ ਬਰਾਬਰ ਆਪਣੀ ਵਲੋਂ ਨਵੀਂ ਲਕੀਰ ਵਾਹ ਕੇ ਪਹਿਲੇ ਵਿਦਵਾਨ ਨਾਲੋਂ ਅਗੇ ਲੰਘਣ ਦੀ ਬਜਾਏ ਪਹਿਲੇ ਦੀ ਵਾਹੀ ਲਕੀਰ ਨੂੰ ਢਾਅ ਕੇ ਆਪਣਾ ਕੱਦ ਵੱਡਾ ਕਰਨ ਦੇ ਜਤਨ ਵਿਚ ਹੀ ਲਗੇ ਰਹਿੰਦੇ ਹਨ।

ਇੰਟਰਨੈਸ਼ਨਲ ਪੰਜਾਬੀ ਸਾਹਿਤ ਦਾ ਇਹ ਸਮਾਗਮ ਇਕ ਜਾਤੀ ਸਮਾਗਮ ਹੋ ਨਿਬੜਿਆ। ਜਿਥੇ ਭਾਰਤ ਤੋਂ ਆਏ ਵਿਦਵਾਨ ਡਾ: ਰੰਧਾਵਾ ਜੀ ਅਤੇ ਅਦਬੀ ਫਖਰੇ ਆਲਮ ਸ੍ਰੀ ਮਾਨ ਹਨੂਨ ਅਦੀਮ ਸਾਹਿਬ ਪਾਕਿਸਤਾਨ ਦੇ ਸ਼ਾਇਰ ਹਾਜ਼ਰ ਸਨ ਉਥੇ ਇੰਗਲੈਂਡ ਤਾਂ ਇਕ ਪਾਸੇ ਈਸਟ ਲੰਡਨ ਦੇ ਵੀ ਪੂਰੇ ਸਾਹਿਤਕਾਰ ਇਸ ਸਮਾਗਮ ਦੀ ਸ਼ੋਭਾ ਵਧਾਉਣ ਲਈ ਨਹੀਂ ਪਹੁੰਚ ਸਕੇ। ਸਰੋਤਿਆਂ ਦੀ ਗਿਣਤੀ ਮਿਣਤੀ ਤੋਂ ਵਿਲਾਵਾ ਜੋ ਸਭ ਤੋਂ ਵੱਡੀ ਗੱਲ ਖਟਕਦੀ ਰਹੀ ਉਹ ਸੀ ਸਾਹਮਣੀ ਦੀਵਾਰ ਉਪਰ ਲਗਿਆ ਸਭਾ ਦਾ ਅੰਗਰੇਜ਼ੀ ਵਿਚ ਲਿਖਿਆ ਬੈਨਰ। ਇਸ ਸਮਾਗਮ ਨੂੰ ਅਯੋਜਿਤ ਅਤੇ ਕਾਮਯਾਬ ਕਰਨ ਲਈ ਡਾ: ਗੁਰਨਾਮ ਗਿੱਲ ਜੀ ਨੇ ਸਮੇਤ ਪਰਿਵਾਰ ਭਰਪੂਰ ਸਹਿਯੋਗ ਅਤੇ ਯੋਗਦਾਨ ਪਾਇਆ।

ਡਾ. ਰੰਧਾਵਾ ਜੀ ਦੇ ਪਰਚੇ ਨੂੰ ਸਰੋਤਿਆਂ ਪੂਰੀ ਸ਼ਾਂਤੀ ਨਾਲ ਸੁਣਿਆ ਤੇ ਅੰਤ ਵਿਚ ਇਸ ਉੱਪਰ ਭਰਪੂਰ ਬਹਿਸ ਹੋਈ। ਪੰਜਾਬੀ ਬੋਲੀ ਦੇ ਅੰਗਰੇਜ਼ ਕਰਨ ਅਤੇ ਹਿੰਦੀ ਸੰਕ੍ਰਿਤ ਕਰਨ ਦੇ ਰੁਝਾਨ ਉੱਪਰ ਵਿਦਵਾਨਾਂ ਨੇ ਕਾਫੀ ਇਤਰਾਜ਼ ਕੀਤਾ। ਕੁਝ ਲਿਖਾਰੀਆਂ ਨੇ ਤਾਂ ਇਸ ਪਰਚੇ ਨੂੰ ਸਮਝਣ ਦੀ ਅਸਮਰਥਾ ਪ੍ਰਗਟਾਈ। ਸੁਰਜੀਤ ਸਿੰਘ ਜੀਤ ਨੇ ਪਰਚੇ ਬਾਰੇ ਵਿਚਾਰ ਦਿੰਦਿਆਂ ਕਿਹਾ ਕਿ ਇਸ ਪਰਚੇ ਵਿਚ ੧੯੮੪ ਤੇ ਉਸ ਤੋਂ ਬਾਅਦ ਦੇ ਪੰਜਾਬ ਦੇ ਦੁਖਾਂਤ ਬਾਰੇ ਲਿਖੀਆਂ



*ਸ. ਸੁਰਜੀਤ ਸਿੰਘ ਜੀਤ, ਹੰਦੂਨ ਅਦੀਮ ਸ. ਬਲਬੀਰ ਸਿੰਘ ਕੰਵਲ ਸਮਾਗਮ ਸਮੇਂ*



Sri Satguru Jagjit Singh Ji eLibrary NamdhariElibrary@gmail.com

ਕਹਾਣੀਆਂ ਅਤੇ ਕਹਾਣੀ ਲੇਖਕਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਜਦਕਿ ਇਸ ਸਮੇਂ ਦੌਰਾਨ ਬਹੁਤ ਸਾਰੀਆਂ ਕਹਾਣੀਆਂ ਇਸੇ ਸੰਤਾਪ ਬਾਰੇ ਲਿਖੀਆਂ ਤੇ ਛਾਪੀਆਂ ਗਈਆਂ ਸਨ। ਅਜਿਹੇ ਸੰਘਰਸ਼ ਭਰੇ ਸਮੇਂ ਨੂੰ ਅਣਗੌਲਿਆ ਨਾ ਕੀਤਾ ਜਾਵੇ। ਪੰਜਾਬੀ ਬੋਲੀ ਅਤੇ ਪੰਜਾਬੀ ਪੜ੍ਹਾਈ ਨੂੰ ਗੁਰਦਵਾਰਿਆਂ ਵਿਚੋਂ ਕੱਢ ਪੰਜਾਬੀ ਸਾਹਿਤ ਤੇ ਸੱਭਿਆਚਾਰਕ ਖੇਤਰ ਵਿਚ ਲਿਆਉਣਾ ਚਾਹੀਦਾ ਹੈ ਨਾ ਕਿ ਗੁਰਮਤ ਸਾਹਿਤ ਅਤੇ ਖਾਲਸਾਈ ਸਾਹਿਤ ਨੂੰ ਮਨਫੀ ਕੀਤਾ ਜਾਵੇ।

੧੯੪੭ ਅਤੇ ੧੯੯੭ ਤੱਕ ਦੇ ਅੱਧੀ ਸਦੀ ਦੇ ਸਮੇਂ ਵਿਚ ਪੰਜਾਬੀ ਕਹਾਣੀ ਉੱਪਰ ਸੋਵੀਅਤ ਸਾਹਿਤ ਦਾ ਬਹੁਤ ਪ੍ਰਭਾਵ ਰਿਹਾ ਹੈ, ਹੁਣ ਇਕਦਮ ਕਿਉਂ ਟੁੱਟ ਗਿਆ ? ਇਸ ਦਾ ਕਾਰਨ ਇਸ ਅੱਧੀ ਸਦੀ ਦੇ ਦੌਰਾਨ ਵੀ ਅਤੇ ਅੱਜ ਵੀ ਜਿਹੜਾ 'ਪੰਜਾਬ ਵਸਦਾ ਗੁਰਾਂ ਦੇ ਨਾਮ' ਨੂੰ ਪੱਛਮੀ ਸੱਭਿਆਚਾਰ, ਸੋਵੀਅਤ ਸੋਚ ਨਾਲ ਰੰਗਣ ਦੀ ਕੋਸ਼ਿਸ਼ ਕੀਤੀ ਗਈ। ਜਿਹੜਾ ਸਮਾਜਵਾਦ, ਬਰਾਬਰਤਾ 'ਗੁਰਮੱਤ-ਧਰਮ' ਗੁਰੂਆਂ ਦੇ ਮਾਰਗ ਵਿਚ ਦਰਸਾਇਆ ਗਿਆ ਸੀ ਉਸ ਨੂੰ ਸਾਬੋਤਾਜ਼ ਕਰਨ ਦਾ ਯਤਨ ਕੀਤਾ ਗਿਆ, ਜੋ ਕਿ ਅੰਤ ਨੂੰ ਫੇਲ੍ਹ ਹੋ ਗਿਆ ; ਸੋ ਸਾਨੂੰ ਪੰਜਾਬ ਸਾਹਿਤ ਖਾਸ ਤੌਰ ਤੇ ਕਹਾਣੀ ਸਾਹਿਤ ਵਿਚ ਪੰਜਾਬੀਅਤ ਨੂੰ ਪਹਿਲ ਦੇ ਕੇ ਪੰਜਾਬੀ ਸੱਭਿਆਚਾਰ ਨੂੰ ਪੰਜਾਬੀ (ਸਾਹਿਤ) ਸੋਚ ਨਾਲ ਭਰਪੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਪੰਜਾਬੀ ਜਨ ਜੀਵਨ-ਕਥਾ ਕਹਾਣੀ ਸਾਹਿਤ ਨੂੰ ਵੀ ਅਜਿਹੇ ਪਰਚਿਆਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ।

ਅਮਰ ਜੋਤੀ ਜੀ ਨੇ ਕਿਹਾ ਕਿ ਅਲੋਚਕਾਂ ਨੂੰ ਇਹ ਵੀ ਤਹਿ ਕਰਨਾ ਚਾਹੀਦਾ ਹੈ ਕਿ ਕਹਾਣੀ ਦਾ ਅਸਲੀ ਰੂਪ ਕੀ ਹੈ ? ਨਿੱਕੀ ਕਹਾਣੀ, ਲੰਬੀ ਕਹਾਣੀ, ਲਘੂ ਕਹਾਣੀ, ਮਿੰਨੀ ਕਹਾਣੀ, ਆਦਿ ਮੱਧ ਤੇ ਅੰਤ ਤਿੰਨ ਪੜਾਵੀ ਕਹਾਣੀ ਆਖਰ ਕਹਾਣੀ ਦਾ ਸਰੂਪ ਕੀ ਹੈ ?

ਸ੍ਰੀਮਾਨ ਹਨੂਨ ਅਦੀਮ ਪਾਕਿਸਤਾਨ ਪੰਜਾਬ ਦੇ ਮਸ਼ਹੂਰ ਅਦਬੀ ਵਿਦਵਾਨ ਲਿਖਾਰੀ ਜਿਨਾਂ ਕਵਿਤਾ ਤੇ ਕਹਾਣੀਆਂ ਦੀਆਂ ਕਈ ਪੁਸਤਕਾਂ ਲਿਖੀਆਂ ਤੇ ਛਪਵਾਈਆਂ ਹੋਈਆਂ ਹਨ, ਨੇ ਕਿਹਾ ਕਿ ਪਰਚੇ ਵਿਚ ਪਾਕਿਸਤਾਨੀ ਕਹਾਣੀ ਦੇ ਅੱਜ ਦੇ ਸਰੂਪ ਤੇ ਪੱਧਰ ਦੀ ਗੱਲ ਨਹੀਂ ਕੀਤੀ ਗਈ। ਤਕਰੀਬਨ ਅੱਧੀ ਸਦੀ ਪਾਕਿਸਤਾਨੀ ਪੰਜਾਬੀ ਕਹਾਣੀ ੧੯੪੭ ਦੇ ਬਟਵਾਰੇ ਦੇ ਸੱਲਾਂ, ਫੱਟਾਂ ਅਤੇ ਆਪਸੀ ਨਫ਼ਰਤ ਪਿਆਰ ਦੇ ਦੁਆਲੇ ਘੁੰਮਦੀ ਰਹੀ, ਪ੍ਰੰਤੂ ਅੱਜ ਦੀ ਪੰਜਾਬੀ ਪਾਕਿਸਤਾਨੀ ਕਹਾਣੀ ਹੀਰ ਰਾਂਝਾ, ਬਟਵਾਰੇ ਦੇ ਪਿਆਰ ਕਿੱਸੇ ਤੇ ਸੰਤਾਪ ਤੋਂ ਉੱਪਰ ਉੱਠ ਸਮੇਂ ਦੇ ਹਾਣ ਫੌਜੀ ਰਾਜ, ਰਾਜ ਪਲਟੇ ਅਤੇ ਸਮਾਜੀ ਹਾਲਤ ਨੂੰ ਉਘਾੜਦੀ ਹੋਈ ਪੱਛਮੀ ਸਾਹਿਤ ਦੇ ਜ਼ਿਆਦਾ ਨੇੜੇ ਹੈ।

ਅੰਤ ਡਾ. ਰੰਧਾਵਾ ਜੀ ਨੇ ਬੜੀ ਹਲੀਮੀ ਤੇ ਵਿਦਵਤਾ ਨਾਲ ਸਾਰੇ ਪ੍ਰਸ਼ਨ ਕਰਤਾ ਦੀ ਪੂਰੀ ਤਸੱਲੀ ਕਰਵਾਈ ਅਤੇ ਅੱਗੇ ਤੋਂ ਪਰਚੇ ਵਿਚ ਰਹਿ ਗਈਆਂ ਊਣਤਾਈਆਂ ਨੂੰ ਦੂਰ ਕਰਨ ਦਾ ਵਾਅਦਾ ਕੀਤਾ। ਇਸ ਤਰ੍ਹਾਂ ਸਾਰੇ ਵਿਦਵਾਨ ਸਰੋਤਿਆਂ ਨੇ ਵਿਦਵਾਨ ਡਾ. ਰੰਧਾਵਾ ਜੀ ਦੇ ਪਰਚੇ ਦਾ ਸੁਆਗਤ ਕੀਤਾ ਅਤੇ ਅਨੰਦ ਮਾਣਿਆ।

ਇਸ ਤੋਂ ਬਾਅਦ ਬਹੁਤ ਹੀ ਸ਼ਾਨਦਾਰ ਕਵੀ ਦਰਬਾਰ ਹੋਇਆ। ਜਿਸ ਦੀ ਪ੍ਰਧਾਨਗੀ ਅਮਰ ਜੋਤੀ ਜੀ ਨੇ ਕੀਤੀ। ਕਵੀ ਦਰਬਾਰ ਵਿਚ ਡਾ. ਗੁਰਨਾਮ ਸਿੰਘ ਗਿੱਲ (ਤਰੰਨਮ ਵਿਚ ਗਜ਼ਲਾਂ ਗਾਈਆਂ), ਸ੍ਰੀ ਹਨੂਨ ਅਦੀਮ (ਪਾਕਿਸਤਾਨ), ਸ. ਗੁਰਸ਼ਰਨ ਸਿੰਘ ਅਜੀਬ (ਗ਼ਜ਼ਲ), ਸ. ਬਲਬੀਰ ਸਿੰਘ ਕੰਵਲ, ਅਵਤਾਰ ਉਪਲ (ਸੰਗੀਤ) ਹਰਚਰਨ ਸਿੰਘ ਰੰਧਾਵਾ (ਗੀਤ) ਸੁਰਿੰਦਰ ਸੀਹਰਾ, ਹਰਜੀਤ ਅਟਵਾਲ ਅਤੇ ਡਾ. ਅਮਰ ਜੋਤੀ (ਹਾਲੈਂਡ) ਨੇ ਆਪੋ ਆਪਣੇ ਕਲਾਮ ਪੇਸ਼ ਕੀਤੇ। ਇਸ ਬਾਰੇ ਸਮਾਗਮ ਸਮੇਂ ਸਟੇਜ ਸੈਕਟਰੀ ਦੀ ਸੇਵਾ ਦਰਸ਼ਨ ਬੁਲੰਦਵੀ ਨੇ ਬਾਖੂਬੀ ਨਿਭਾਈ। ਸਮਾਗਮ ਦੇ ਅੰਤ ਵਿਚ ਡਾ. ਗੁਰਨਾਮ ਗਿੱਲ ਜੀ ਦੇ ਪਰਿਵਾਰ ਵਲੋਂ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਪ੍ਰੀਤੀ ਭੋਜਨ ਛਕਾਇਆ ਗਿਆ।

*—ਸੁਰਜੀਤ ਸਿੰਘ ਜੀਤ*

## "ਗੁਰਮਤਿ ਸਿਖਲਾਈ ਸਮਾਗਮ"

ਅੱਜ ਕੱਲ੍ਹ ਦਾ ਨੌਜੁਆਨ ਬਿਲਕੁਲ ਪੱਛਮੀ ਸੱਭਿਅਤਾ ਦੇ ਰੰਗ ਵਿਚ ਰੰਗਿਆ ਹੋਇਆ ਹੈ। ਉਸ ਦੀ ਮੱਤ ਨੀਵੇਂ ਪਾਸੇ ਵੱਲ ਜਾ ਰਹੀ ਹੈ। ਪੱਛਮੀ ਪਹਿਰਾਵਾ, ਦਿਨ-ਬ-ਦਿਨ ਛੋਟੇ ਹੁੰਦੇ ਕੱਪੜੇ, ਬੇਢੰਗਾ, ਅਸ਼ੁੱਧ ਖਾਣਾ ਪੀਣਾ, ਮਾਸ, ਸ਼ਰਾਬ, ਸਿਗਰੇਟ ਦੀ ਵਰਤੋਂ, ਨਸ਼ਿਆਂ ਵਿਚ ਚੂਰ, ਦੇਰ ਰਾਤ ਤੱਕ ਸਿਨੇਮੇ ਜਾਂ ਕਲੱਬਾਂ ਵਿਚ ਵਿਚਰਨਾ, ਮਾਤਾ ਪਿਤਾ ਦੀ ਅਨਦੇਖੀ ਕਰਨੀ, ਅਨਾਦਰ ਕਰਨਾ ਸਨਮਾਨ ਨਾ ਕਰਨਾ, ਸਕੂਲਾਂ-ਕਾਲਜਾਂ 'ਚ ਵਿਦਿਆ ਪੜ੍ਹਨ ਦੀ ਥਾਂ ਲੜਾਈ ਝਗੜਿਆਂ ਵੱਲ ਪੂਰਾ ਧਿਆਨ। ਇਹ ਹੈ ਅੱਜ ਕਲ੍ਹ ਦਾ ਨੌਜੁਆਨ।

ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਹੈ ਕਿ ਨਾਮਧਾਰੀ ਸਿੱਖ, ਨਾਮਧਾਰੀ ਨੌਜੁਆਨ ਇਸ ਤਰ੍ਹਾਂ ਦਾ ਨਹੀਂ। ਆਪ ਜੀ ਨੇ ਕਿਰਪਾ ਕਰਕੇ ਉਸਨੂੰ ਇਹਨਾਂ ਕੁਕਰਮਾਂ ਤੋਂ ਬਚਾ ਕੇ ਰਖਿਆ ਹੈ। ਨਾਮ ਨਾਲ ਜੋੜਿਆ ਹੈ। ਗੁਰਬਾਣੀ ਨਾਲ ਜੋੜਿਆ ਹੈ। ਸਣੇ ਕੇਸੀਂ ਇਸ਼ਨਾਨ ਕਰਕੇ ਭਜਨ ਕਰਦੇ ਹਨ। ਮਾਤਾ ਪਿਤਾ ਨੂੰ ਸਵੇਰੇ ਉਠ ਕੇ ਮੱਥਾ ਟੇਕ ਕੇ ਉਹਨਾਂ ਦਾ ਅਸ਼ੀਰਵਾਦ ਲੈ ਕੇ ਆਪਣਾ ਦਿਨ ਸ਼ੁਰੂ ਕਰਦੇ ਹਨ।

ਸਾਦਾ ਖਾਂਦੇ ਹਨ। ਸਾਦਾ ਪਹਿਨਦੇ ਹਨ। ਵੱਡਿਆਂ ਦਾ ਆਦਰ ਕਰਦੇ ਹਨ। ਬਾਜ਼ਾਰ ਦਾ ਭੋਜਨ ਨਹੀਂ ਛਕਦੇ। ਚਾਹ-ਕੋਕਾ ਕੋਲਾ ਆਦਿ ਤੋਂ ਪਰਹੇਜ਼ ਕਰਦੇ ਹਨ। ਇਥੋਂ ਤਕ ਕਿ ਸਕੂਲਾਂ-ਕਾਲਜਾਂ ਵਿਚ ਵੀ ਆਪਣੇ ਨਾਮਧਾਰੀ ਪਹਿਰਾਵੇ



Sri Satguru Jagjit Singh Ji eLibrary NamdhariElibrary@gmail.com

ਵਿਚ ਜਾਂਦੇ ਹਨ ਅਤੇ ਆਪਣਾ ਖਾਣਾ-ਪੀਣਾ ਘਰੋਂ ਲੈ ਕੇ ਜਾਂਦੇ ਹਨ ਤੇ ਉਥੇ ਸਾਰਿਆਂ ਵਿਚ ਬੈਠ ਕੇ ਸਿਰ ਢੱਕ ਕੇ ਛਕਦੇ ਹਨ। ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ।

ਉਨ੍ਹਾਂ ਨੌਜੁਆਨਾਂ ਨੂੰ ਇਕੱਠੇ ਕਰਕੇ ਜਥੇਬੰਦ ਕੀਤਾ। ਆਪਣਾ ਪਹਿਰਾਵਾ ਪਾਉਣ, ਨਾਮਧਾਰੀ ਦਸਤਾਰ ਸਜਾਉਣ ਬਾਰੇ ਪ੍ਰੇਰਿਆ ਬੜੇ ਪਿਆਰ ਨਾਲ। ਕਿਸੇ ਨੂੰ ਮਹੀਨੇ 'ਚ ਇਕ ਦਿਨ, ਕਿਸੇ ਨੂੰ ਹਫਤੇ 'ਚ ਇਕ ਦਿਨ, ਕਿਸੇ ਨੂੰ ਸਕੂਲ ਕਾਲਜ ਤੋਂ ਆ ਕੇ ਸ਼ਾਮ ਵੇਲੇ ਆਦਿ। ਇਸ ਤਰ੍ਹਾਂ ਬੜੇ ਹੀ ਪਿਆਰ ਨਾਲ ਨੌਜੁਆਨਾਂ ਨੂੰ ਆਪਣੇ ਚਰਨਾਂ ਨਾਲ ਜੋੜਿਆ ਅਤੇ ਨੌਜੁਆਨਾਂ ਨੂੰ ਸਮਝਾਂਦਿਆਂ ਹੋਇਆਂ ਹੁਕਮ ਕੀਤਾ- "ਜ਼ਿੰਦਗੀ ਵਿਚ ਜਿਸਨੇ ਕੁਝ ਕਰਨਾ ਹੈ, ਉਹ ਕੰਡਿਆਂ ਆਦਿ ਤੋਂ ਨ ਡਰੇ, ਉਹ ਤਾਂ ਸਾਰੀਆਂ ਰੋਕਾਂ ਇਸ ਤਰ੍ਹਾਂ ਉਲੰਘਦਾ ਜਾਵੇ ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠਾਂ ਦੀ, ਉਪਰੋਂ ਦੀ ਪਾਸਿਓਂ ਦੀ ਰਾਹ ਬਨਾਂਦੀ ਤੁਰੀ ਜਾਂਦੀ ਹੈ।" ਨਾਲ ਹੀ ਸਲਾਨਾ ਸੰਮੇਲਨ ਆਰੰਭ ਕਰਵਾਏ ਜਿਸ ਵਿਚ ਬੱਚੇ ਆ ਕੇ ਬਹੁਤ ਕੁਝ ਸਿੱਖ ਕੇ, ਚੰਗੀਆਂ ਗੱਲਾਂ ਗ੍ਰਹਿਣ ਕਰਦੇ ਹਨ।

ਹਰ ਇਕ ਨੌਜੁਆਨ ਤੱਕ ਪਹੁੰਚ ਰੱਖਣ ਲਈ ਮਿੰਨੀ ਸੰਮੇਲਨ ਸ਼ੁਰੂ ਕਰਵਾਏ ਤਾਂ ਕਿ ਉਸ ਇਲਾਕੇ ਦਾ ਹਰ ਬੱਚਾ ਬੱਚੀ ਉਸ ਵਿਚ ਹਿੱਸਾ ਲਵੇ। ਆਪਣੀ ਮਰਿਯਾਦਾ ਆਪਣੇ ਇਤਿਹਾਸ ਦਾ ਜਾਣੂੰ ਬਣੇ ਅਤੇ ਆਪਣਾ ਜੀਵਨ ਉੱਚਾ ਉਠਾ ਸਕੇ।

ਇਸੇ ਮਿੰਨੀ ਸੰਮੇਲਨ ਨੂੰ ਹੁਣ ਨਵਾਂ ਨਾ ਮਿਲਿਆ "ਗੁਰਮਤਿ ਸਿਖਲਾਈ ਸਮਾਗਮ" ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦਿੱਲੀ ਵਿਚ ਇਹ ਗੁਰਮਤਿ ਸਿਖਲਾਈ ਸਮਾਗਮ ਸੂਬਾ ਸੁਖਦੇਵ ਸਿੰਘ ਜੀ ਦੀ ਅਗਵਾਈ ਹੇਠ, ਸੰਤ ਸਾਧਾ ਸਿੰਘ ਜੀ ਪ੍ਰਧਾਨ ਅਤੇ ਸੰਤ ਰਮਣੀਕ ਸਿੰਘ ਜੀ ਦੇ ਸਹਿਯੋਗ ਨਾਲ ੨੫ ਮਈ ੨੦੦੩, ਦਿਨ ਐਤਵਾਰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ਹੋਇਆ।

ਇਸ ਵਿਚ ਵਿ.ਨਾ.ਵਿ. ਜਥਾ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਜੀ, ਜ. ਸਕੱਤਰ ਸੂਬਾ ਜਗਤਾਰ ਸਿੰਘ ਜੀ ਭੱਟੀ, ਸਕੱਤਰ ਸ. ਨਵਤੇਜ ਸਿੰਘ ਜੀ ਅਤੇ ਵਿ.ਨਾ.ਇ. ਵਿ. ਜਥਾ ਦੇ ਪ੍ਰਧਾਨ ਬੀਬੀ ਸੁਖਜੀਤ ਕੌਰ ਜੀ, ਖਜ਼ਾਨਚੀ ਬੀਬੀ ਅਮਰਜੀਤ ਕੌਰ ਜੀ ਵਿਸ਼ੇਸ਼ ਰੂਪ 'ਚ ਪਧਾਰੇ। ਬੀਬੀ ਨਰਿੰਦਰ ਕੌਰ ਦਿੱਲੀ ਸਕੱਤਰ ਵਿ.ਨਾ.ਇ.ਵਿ. ਜਥਾ ਨੇ ਉਹਨਾਂ ਅੱਗੇ ਅਰਜ਼ ਕੀਤੀ ਕਿ ਅੱਜ ਉਹ ਸਾਰੇ ਸਮਾਗਮ ਵਿਚ ਕੇਵਲ ਦਿੱਲੀ ਦੇ ਸੇਵਾਦਾਰ ਦੇ ਰੂਪ ਵਿਚ ਕੰਮ ਕਰਨਗੇ ਨਾ ਕਿ ਸੈਂਟਰ ਦੇ ਮੈਂਬਰ ਹੋਣ ਕਰਕੇ।

ਸ. ਜਸਬੀਰ ਸਿੰਘ ਜੀ ਕਨਵੀਨਰ ਨੇ ਸਭ ਨੂੰ ਜੀ ਆਇਆ ਆਖਿਆ ਤੇ ਜੋਤ ਪ੍ਰਜਵਲਿਤ ਕਰਕੇ ਸਮਾਗਮ ਦਾ ਸ਼ੁਭ ਆਰੰਭ ਕੀਤਾ ਗਿਆ। ਵਿਸ਼ੇਸ਼ ਮਹਿਮਾਨਾਂ ਨੂੰ ਬੈਜ ਲਗਾਏ ਗਏ। ਬੱਚਿਆਂ ਨੇ ਆਰੰਭਿਕ ਸ਼ਬਦ "ਉਚਰਹੁ ਰਾਮ ਨਾਮੁ ਲਖ ਬਾਰੀ॥" ਪੜ੍ਹਿਆ। ਇਸ ਤੋਂ ਬਾਦ ਨਵਤੇਜ ਸਿੰਘ ਜੀ ਨੇ ਸਟੇਜ ਸੰਭਾਲਿਆ ਅਤੇ ਪ੍ਰਤੀਯੋਗਤਾਵਾਂ ਆਰੰਭ ਹੋਈਆਂ। ਵੱਖ-੨ ਪ੍ਰਤੀਯੋਗਤਾਵਾਂ ਵਿਚ ਜੱਜ ਵਜੋਂ ਸੂਬਾ ਬਲਵਿੰਦਰ ਸਿੰਘ, ਸੂਬਾ ਜਗਤਾਰ ਸਿੰਘ, ਨਵਤੇਜ ਸਿੰਘ, ਬੀਬੀ ਸੁਖਜੀਤ ਕੌਰ, ਬੀਬੀ ਅਮਰਜੀਤ ਕੌਰ ਨੇ ਨਿਰਖੀਅਨ ਕੀਤਾ।

ਬੱਚਿਆਂ ਨੂੰ ਨਾਮ ਸਿਮਰਨ, ਅਰਦਾਸ ਕਰਨ, ਦਸਤਾਰ ਸਜਾਉਣ, ਨਮਸਕਾਰ ਕਰਨ, ਨਾਮਧਾਰੀ ਕਾਟ ਦੇ ਬਸਤਰਾਂ ਦੀ ਕਾਟ ਆਦਿ ਦੀ ਸਿਖਲਾਈ ਦਿੱਤੀ ਗਈ। ਬਾਜ਼ਾਰ ਦਾ ਖਾਣਾ-ਪੀਣਾ, ਨੇਲ ਪਾਲਿਸ਼, ਲਿਪਸਟਿਕ ਆਦਿ ਦੇ ਨੁਕਸਾਨ ਦੱਸੇ ਗਏ।

ਇਸ ਸੰਮੇਲਨ ਵਿਚ ਕਰੀਬ ੨੫੦ ਬੱਚਿਆਂ ਨੇ ਹਿੱਸਾ ਲਿਆ। ਇਸ ਵਿਚ ਜ਼ਿਆਦਾਤਰ ਬੱਚੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੇ ਸਨ। ਇਹਨਾਂ ਬੱਚਿਆਂ ਨੂੰ ਘਰੋ-ਘਰੀ ਜਾ ਕੇ ਸੰਮੇਲਨ ਲਈ ਬੀਬੀ ਨਰਿੰਦਰ ਕੌਰ, ਬੀਬੀ ਸਤਵੰਤ ਕੌਰ, ਬੀਬੀ ਕਮਲ ਪ੍ਰੀਤ ਕੌਰ ਨੇ ਪ੍ਰੇਰ ਕੇ ਲਿਆਂਦਾ। ਹਰਕੀਰਤ ਕੌਰ, ਜਸਬੀਰ ਕੌਰ, ਹਰਵਿੰਦਰ ਕੌਰ ਨੇ ਨਾਲ ਸਿਖਲਾਈ ਵਿਚ ਮਦਦ ਕੀਤੀ। ਸਿਖਲਾਈ ਰੋਜ਼ ਸ਼ਾਮੀਂ ੪-੩੦ ਤੋਂ ੭ ਵਜੇ ਤੱਕ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਹੁੰਦੀ ਸੀ।

ਲੰਗਰ ਬਣਾਉਣ ਵਾਲਿਆਂ ਦਾ, ਜੋੜੇ ਵਾਲਿਆਂ ਦਾ ਬਹੁਤ-੨ ਧੰਨਵਾਦ ; ਜਿਹਨਾਂ ਸਾਰਾ ਦਿਨ ਆਪੋ ਆਪਣੀ ਸੇਵਾ ਸੰਭਾਲੀ ਰਖੀ।

*—ਨਰਿੰਦਰ ਕੌਰ*
*ਸਕੱਤਰ ਵਿਸ਼ਵ ਨਾਮਧਾਰੀ*
*ਇਸਤਰੀ ਵਿਦਿਅਕ ਜਥਾ*

## ਕੰਵਰਪਾਲ ਸਿੰਘ ਕਲਸੀ



ਤਨਜ਼ਾਨੀਆ (ਅਫ਼ਰੀਕਾ) ਦੇ ਸ਼ਹਿਰ ਮੋਸ਼ੀ ਵਿੱਚ ਨਿਵਾਸ ਰੱਖ ਰਹੇ ਸ. ਦਲਜੀਤ ਸਿੰਘ ਕਲਸੀ 'ਵਰਿਆਮ' ਦੇ ਪਰਮ-ਸਨੇਹੀ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਫੁਲਵਾੜੀ ਦੇ ਮਹਿਕਦੇ ਫੁੱਲ ਸ. ਦਲਜੀਤ ਸਿੰਘ ਨੇ ਆਪਣੀ



Sri Satguru Jagjit Singh Ji eLibrary NamdhariElibrary@gmail.com

ਖ਼ੁਸ਼ਬੋ ਨਾਲ ਸ਼ਹਿਰ ਦੇ ਸਭ ਵਰਗਾਂ ਵਿੱਚ ਸਨਮਾਨਯੋਗ ਥਾਂ ਬਣਾਈ ਹੈ ਅਤੇ ਨਾਮਧਾਰੀਆਂ ਦੇ ਸਫਲ ਰਾਜਦੂਤ ਸਿੱਧ ਹੋ ਰਹੇ ਹਨ। ਸਤਿਗੁਰੂ ਜੀ ਤੇ ਅਟੁੱਟ ਸ਼ਰਧਾ ਅਤੇ ਘਰ ਪਰਿਵਾਰ ਵਲੋਂ ਸੰਤੁਸ਼ਟ ਅਤੇ ਸੁਖੀ ਜੀਵਨ ਜੀ ਰਹੇ ਸ. ਦਲਜੀਤ ਸਿੰਘ ਨੂੰ ਹੋਰ ਖੁਸ਼ੀਆਂ ਪ੍ਰਾਪਤ ਹੋਈਆਂ ਹਨ।

ਆਪ ਦੇ ਸਪੁੱਤਰ ਕਾਕਾ ਕੰਵਰਪਾਲ ਸਿੰਘ ਕਲਸੀ ਨੇ ਇੰਗਲੈਂਡ ਦੀ ਈਸਟ ਲੰਡਨ ਯੂਨੀਵਰਸਿਟੀ ਤੋਂ ਬੈਚਲਰ ਆਫ਼ ਸਿਵਲ ਇੰਜੀਨਿਅਰਿੰਗ ਵਿੱਚ ਆਨਰਜ਼ ਦੀ ਡਿਗਰੀ ੪ ਜੁਲਾਈ ੨੦੦੩ ਨੂੰ ਪ੍ਰਾਪਤ ਕੀਤੀ ਹੈ।

ਬਹੁਤ ਬਹੁਤ ਵਧਾਈਆਂ!! *—ਅਦਾਰਾ*

## ਮੁੰਬਈ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ

੭੫ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸਰਗਰਮ ਰਾਮਗੜ੍ਹੀਆ ਐਸੋਸੀਏਸ਼ਨ (ਰਜਿ.) ਮੁੰਬਈ, ਨੇ ਬੀਤੇ ਦਿਨੀਂ ਮੁੰਬਈ ਵਿੱਚ ਆਪਣਾ ਸਾਲਾਨਾ ਸਮਾਗਮ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਨੂੰ ਸਮਰਪਿਤ ਕਰਕੇ ਮੁੰਬਈ ਦੇ ਕਾਲੀਨਾ ਇਲਾਕੇ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ।

ਗੁਰਬਾਣੀ ਕੀਰਤਨ, ਕਥਾ-ਵਿਚਾਰ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਪੰਜਾਬ ਤੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਹਰਿਆਣਾ ਵਾਸੀ ਕਵੀ ਸ੍ਰ. ਜਗਜੀਤ ਸਿੰਘ ਕੋਮਲ (ਸਕੱਤਰ, ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਪੰਜਾਬ) ਇਸ ਮੌਕੇ 'ਤੇ ਆਪਣੀਆਂ ਰਚਨਾਵਾਂ ਸੁਣਾਉਣ ਲਈ ਪੁੱਜੇ। ਉਨ੍ਹਾਂ ਤੋਂ ਇਲਾਵਾ ਸਥਾਨਕ ਕਵੀ ਸ੍ਰ. ਕਰਤਾਰ ਸਿੰਘ ਨਰਗਸ, ਸ੍ਰ. ਜਗਜੀਤ ਸਿੰਘ ਭੌਰਾ ਅਤੇ ਸ੍ਰ. ਚਰਨ ਸਿੰਘ ਦਰਦੀ ਨੇ ਵੀ ਆਪਣੀਆਂ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਬ ਐਂਡ ਸਿੰਧ ਬੈਂਕ ਦੇ ਨਾਂ ਤੋਂ ਪ੍ਰਸਿੱਧ ਸ੍ਰ. ਕੁਲਵੰਤ ਸਿੰਘ, ਸ੍ਰ. ਲਖਬੀਰ ਸਿੰਘ ਦੇ ਰਾਗੀ ਜੱਥੇ ਨੇ ਬਹੁਤ ਹੀ ਮਧੁਰ ਤੇ ਰਸ-ਭਿੰਨਾ ਕੀਰਤਨ ਕੀਤਾ। ਨਵੀਂ ਮੁੰਬਈ ਤੋਂ ਵਾਸ਼ੀ ਇਲਾਕੇ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਇਕਬਾਲ ਸਿੰਘ ਨੇ ਸਿੱਖ ਇਤਿਹਾਸ ਵਿੱਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਰੋਲ ਅਤੇ ਉਨ੍ਹਾਂ ਦੀ ਜੀਵਨੀ ਬਾਰੇ ਬਹੁਤ ਹੀ ਸੁੰਦਰ ਢੰਗ ਨਾਲ ਵਿਸਥਾਰ ਨਾਲ ਬਿਆਨ ਕੀਤਾ। ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ ਜੱਥੇ ਨੇ ਵੀ ਆਪਣੀ ਹਾਜ਼ਰੀ ਲੁਆਈ।

ਇਸ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੱਖੇ ਅਖੰਡ ਪਾਠ ਦੀ ਸਮਾਪਤੀ ਹੋਈ, ਜਿਸ ਦੀ ਸੇਵਾ ਰਾਮਗੜ੍ਹੀਆ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਸਤਪਾਲ ਸਿੰਘ ਭਾਰਜ ਪਰਿਵਾਰ ਵੱਲੋਂ ਨਿਭਾਈ ਗਈ। ਸੰਗਤਾਂ ਲਈ ਵਰਤਾਏ ਗਏ ਅਤੁੱਟ ਲੰਗਰ ਦੀ ਸੇਵਾ ਰਾਮਗੜ੍ਹੀਆ ਕ੍ਰੈਡਿਟ ਕੋ-ਆਪਰੇਟਿਵ ਸੁਸਾਇਟੀ ਦੇ ਚੇਅਰਮੈਨ ਸ੍ਰ. ਬਲਬੀਰ ਸਿੰਘ ਮਠਾਰੂ ਪਰਿਵਾਰ ਵੱਲੋਂ ਕੀਤੀ ਗਈ।

ਮਾਨ-ਸਨਮਾਨ ਦੇ ਦੌਰ ਵਿੱਚ ਮੁੰਬਈ ਮਹਾਂਨਗਰ ਦੀ ਹੁਣੇ-ਹੁਣੇ ਬਣੀ ਪਹਿਲੀ ਸਿੱਖ ਕੌਂਸਲਰ ਸ੍ਰੀਮਤੀ ਅਵਤਾਰ ਕੌਰ ਸੋਖੀ, ਰਾਮਗੜ੍ਹੀਆ ਬੋਰਡ ਪੂਨਾ ਦੇ ਸਕੱਤਰ ਸ੍ਰ. ਜਸਬੀਰ ਸਿੰਘ ਚਾਨਾ, ਵਿਸ਼ਵ ਪੰਜਾਬੀ ਮੰਚ ਤੇ ਛੇੜਾ ਨਗਰ (ਚੈਂਬੂਰ) ਜਿਮਖਾਨਾ ਦੇ ਪ੍ਰਧਾਨ ਸ੍ਰ. ਕਰਮਬੀਰ ਸਿੰਘ ਭੁਰਜੀ, ਰਾਮਗੜ੍ਹੀਆ ਬਰਾਦਰੀ ਕਲਿਆਣ-ਉਲਹਾਸ ਨਗਰ ਦੇ ਸਕੱਤਰ ਸ੍ਰ. ਰਣਜੀਤ ਸਿੰਘ, ਗੁਰਦੁਆਰਾ ਕਾਲੀਨਾ ਦੇ ਪ੍ਰਧਾਨ ਸ੍ਰ. ਕਰਤਾਰ ਸਿੰਘ ਮਠਾਰੂ, ਗੁਰਦੁਆਰਾ ਗੁਰੂ ਨਾਨਕ ਸਭਾ ਗੋਰੇਗਾਂਵ ਦੇ ਸਕੱਤਰ ਸ੍ਰ. ਬਲਵੰਤ ਸਿੰਘ ਨੰਨਰਾ, ਗੁਰਦੁਆਰਾ ਮਰੋਲ ਪਾਈਪ ਲਾਈਨ (ਅੰਧੇਰੀ) ਦੇ ਪ੍ਰਧਾਨ ਸ੍ਰ. ਗੁਰਦੇਵ ਸਿੰਘ ਬਾਂਸਲ, ਗੁਰਦੁਆਰਾ ਖਾਲਸਾ ਸਭਾ ਮਾਟੂੰਗਾ ਦੇ ਪ੍ਰਧਾਨ ਸ੍ਰ. ਮਨਮੋਹਨ ਸਿੰਘ ਭਾਰਜ, ਗੁਰਦੁਆਰਾ ਸੱਚਾ ਸੌਦਾ ਮਾਲੋਨੀ (ਮਾਲਾਡ) ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਅਤੇ ਬਜ਼ੁਰਗ ਸ੍ਰ. ਬਾਵਾ ਸਿੰਘ ਮਠਾਰੂ ਦਾ ਐਸੋਸੀਏਸ਼ਨ ਵੱਲੋਂ ਦੁਸ਼ਾਲੇ ਭੇਂਟ ਕਰ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਉਪਰੰਤ ਇਸ ਮੌਕੇ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ 'ਲੋਕ ਪੰਜਾਬ' ਦਾ ਵਿਸ਼ੇਸ਼ ਅੰਕ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਸਤਪਾਲ ਸਿੰਘ ਭਾਰਜ ਨੇ ਰਿਲੀਜ਼ ਕੀਤਾ।

ਸ੍ਰ. ਸਤਪਾਲ ਸਿੰਘ ਭਾਰਜ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਭ ਤੋਂ ਵੱਡੀ ਲੋੜ ਸਾਨੂੰ ਸਾਰਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੁੜਨ ਦੀ ਹੈ। ਸਾਨੂੰ ਅਗਰ ਆਪਣੇ ਵਿਰਸੇ ਨਾਲ ਪੂਰੀ ਤਰ੍ਹਾਂ ਜੁੜਨਾ ਹੈ ਤਾਂ ਮਾਂ-ਬੋਲੀ ਪੰਜਾਬੀ ਨੂੰ ਪੂਰੀ ਤਰ੍ਹਾਂ ਅਪਨਾਉਣਾ ਪਵੇਗਾ। ਘਰ-ਘਰ ਵਿੱਚ ਗੁਰਮੁਖੀ ਲਿਖਣ, ਪੜ੍ਹਨ ਤੇ ਸੁਣਨ ਨਾਲ ਹੀ ਅਸੀਂ ਗੁਰੂ-ਘਰ ਨਾਲ ਸਹੀ ਅਰਥਾਂ ਵਿੱਚ ਜੁੜ ਸਕਾਂਗੇ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰ. ਬਹਾਦੁਰ ਸਿੰਘ ਡਡਿਆਲ ਨੇ ਬਾਖ਼ੂਬੀ ਨਿਭਾਈ। ਇਸ ਪ੍ਰੋਗ੍ਰਾਮ ਦੀ ਸਫਲਤਾ ਲਈ ਸ੍ਰ. ਸਤਪਾਲ ਸਿੰਘ ਭਾਰਜ ਦੀ ਪ੍ਰਧਾਨਗੀ ਵਿੱਚ ਬਣੀ ਟੀਮ ਵਿੱਚ ਸ਼ਾਮਿਲ ਸ੍ਰ. ਅਜੀਤ ਸਿੰਘ ਖੋਖਰ, ਸ੍ਰ. ਬਹਾਦੁਰ ਸਿੰਘ ਡਡਿਆਲ, ਸ੍ਰ. ਚਰਨਜੀਤ ਸਿੰਘ ਝਾਸ, ਸ੍ਰ. ਬਲਦੇਵ ਸਿੰਘ ਕਲਸੀ, ਸ੍ਰ. ਸੁਰਜੀਤ ਸਿੰਘ ਮੁਠਾਰੂ, ਸ੍ਰ. ਵਿਜੈ ਸਿੰਘ ਭੋਗਲ, ਸ੍ਰ. ਗੁਰਦਿਆਲ ਸਿੰਘ ਸੈਂਹਬੀ, ਸ੍ਰ. ਅਜੀਤ ਸਿੰਘ ਸੰਧੂ, ਸ੍ਰ. ਕਰਤਾਰ ਸਿੰਘ ਮੁਠਾਰੂ, ਸ੍ਰ. ਬਲਵੰਤ ਸਿੰਘ ਨੰਨਰਾ, ਸ੍ਰ. ਜੋਧ ਸਿੰਘ ਭੰਮਰਾ, ਸ੍ਰ. ਕੁਲਵੰਤ ਸਿੰਘ ਮਠਾਰੂ, ਸ੍ਰ. ਕੁਲਵਿੰਦਰ ਸਿੰਘ ਕਲਸੀ, ਸ੍ਰ. ਦਲਬੀਰ ਸਿੰਘ ਭੰਮਰਾ, ਸ੍ਰ. ਜਗਤਾਰ ਸਿੰਘ ਡਡਿਆਲਾ, ਸ੍ਰ. ਅਜੀਤ ਸਿੰਘ ਭੁਰਜੀ ਅਤੇ ਸ੍ਰ. ਤਰਲੋਕ ਸਿੰਘ ਡਡਿਆਲ ਵਧਾਈ ਦੇ ਹੱਕਦਾਰ ਹਨ।

ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸ੍ਰ. ਗੁਰਮੁਖ ਸਿੰਘ ਭੰਮਰਾ, ਸ੍ਰੀ ਗੁਰੂ ਸਿੰਘ ਸਭਾ- ਦਾਦਰ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਸਰਦਾਰਾ ਸਿੰਘ, ਸਿੰਘ ਸਭਾ ਦੇ ਮੈਂਬਰ ਸ੍ਰ. ਨਿਰਮਲ ਸਿੰਘ ਭੂਈ, ਪੂਨਾ ਬੋਰਡ ਤੋਂ ਸ੍ਰ. ਜਰਨੈਲ ਸਿੰਘ, ਸ੍ਰ.ਮਹਿੰਗਾ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀ ਵੀ ਸਮਾਗਮ ਵਿੱਚ ਸ਼ਮਿਲ ਹੋਏ।

*—ਪਰਮਜੀਤ ਸਿੰਘ ਠੁਕਰਾਲ*



Sri Satguru Jagjit Singh Ji eLibrary NamdhariElibrary@gmail.com

# 'ਦੁੱਲੇ ਦੀ ਢਾਬ' ਨਾਵਲ ਚੰਡੀਗੜ੍ਹ ਵਿਚ ਰੀਲੀਜ਼



*(ਖੱਬਿਓਂ) ਐਸ.ਐਸ. ਭੱਠਲ, ਡਾ. ਸਰਬਜੀਤ ਸਿੰਘ, ਰਾਮ ਸਰੂਪ ਅਣਖੀ, ਹਰਭਜਨ ਸਿੰਘ ਹਲਵਾਰਵੀ, ਡਾ. ਜਸਪਾਲ ਸਿੰਘ, ਪ੍ਰੋ. ਕੁਲਵੰਤ ਸਿੰਘ।*

ਚੰਡੀਗੜ੍ਹ—'ਕੋਠੇ ਖੜਕ ਸਿੰਘ' ਅਤੇ 'ਪਰਤਾਪੀ' ਤੋਂ ਬਾਅਦ ਰਾਮ ਸਰੂਪ ਅਣਖੀ ਦਾ ਵੱਡ-ਆਕਾਰੀ ਨਾਵਲ 'ਦੁੱਲੇ ਦੀ ਢਾਬ' ਚੰਡੀਗੜ੍ਹ ਵਿਚ ਗਿਆਰਾਂ ਸੈਕਟਰ ਵਿਖੇ ਸਰਦਾਰ ਸੁਖਮਿੰਦਰ ਸਿੰਘ ਭੱਠਲ ਦੇ ਨਿਵਾਸ-ਸਥਾਨ 'ਤੇ ਰੀਲੀਜ਼ ਕੀਤਾ ਗਿਆ। ਰੀਲੀਜ਼ ਕਰਨ ਦੀ ਰਸਮ 'ਦੇਸ ਸੇਵਕ' ਰੋਜ਼ਾਨਾ ਦੇ ਸੰਪਾਦਕ ਹਰਭਜਨ ਸਿੰਘ ਹਲਵਾਰਵੀ ਨੇ ਅਦਾ ਕੀਤੀ। ੪੪੩ ਸਫਿਆਂ ਵਿਚ ਪ੍ਰਕਾਸ਼ਿਤ ਇਹ ਨਾਵਲ ਮਾਲਵਾ ਖੇਤਰ ਦੇ ਲੋਕ-ਜੀਵਨ ਨੂੰ ਪੇਸ਼ ਕਰਦਾ ਹੈ। ੧੯੬੦ ਤੋਂ ਸ਼ੁਰੂ ਹੋਕੇ ਛੋਟੇ ਕਿਸਾਨ ਦੀ ਦੁੱਖਾਂ ਭਰੀ ਕਹਾਣੀ ਸਦੀ ਦੇ ਅੰਤ ਤੱਕ ਚਲੀ ਜਾਂਦੀ ਹੈ। ਇਸ ਨਾਵਲ ਨੂੰ ਚੰਡੀਗੜ੍ਹ ਦੇ ਹੀ ਲੋਕ ਗੀਤ ਪ੍ਰਕਾਸ਼ਨ ਨੇ ਛਾਪਿਆ ਹੈ। ਰੀਲੀਜ਼ ਸਮਾਗਮ ਵਿਚ ਹੋਰਾਂ ਤੋਂ ਬਿਨਾਂ ਸ਼ਾਮਲ ਸਨ—ਐਸ.ਐਸ. ਭੱਠਲ, ਪ੍ਰੋ: ਕੁਲਵੰਤ ਸਿੰਘ, ਡਾ: ਜਸਪਾਲ ਸਿੰਘ, ਡਾ: ਸਰਬਜੀਤ ਸਿੰਘ, ਡਾ: ਲਾਭ ਸਿੰਘ ਖੀਵਾ, ਹਰਮਿੰਦਰ ਸਿੰਘ ਜੱਸੀ (ਸਾਬਕਾ ਮੰਤਰੀ), ਅਮਰਜੀਤ ਸਿੰਘ ਸਿੱਧੂ ਐਡਵੋਕੇਟ ਅਤੇ ਨਾਵਲਕਾਰ ਰਾਮ ਸਰੂਪ ਅਣਖੀ।



## ਕਾਕਾ ਰੌਣਕ ਸਿੰਘ ਤਬਲਾ ਵਾਦਕ

ਸ੍ਰੀ ਸਤਿਗੁਰੂ ਜੀ ਆਪਣੇ ਪਵਿੱਤਰ ਉਪਦੇਸ਼ ਵਿੱਚ ਫੁਰਮਾਉਂਦੇ ਹਨ ਕਿ ਬੱਚੇ ਤਾਂ ਕੱਚੇ ਦੁੱਧ ਦੀ ਤਰ੍ਹਾਂ ਹੁੰਦੇ ਹਨ। ਕੱਚੇ ਦੁੱਧ ਦਾ ਦਹੀਂ ਬਣਾ ਲਉ, ਮੱਖਣ ਬਣਾ ਲਉ, ਬਰਫੀ ਬਣਾ ਲਉ, ਪਨੀਰ ਬਣਾ ਲਉ, ਤੁਹਾਡੀ ਮਰਜ਼ੀ ਹੈ। ਇਸੇ ਤਰ੍ਹਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਹੀ ਜਿਸ ਪਾਸੇ ਲਾਉਗੇ ਉਹ ਉਸ ਪਾਸੇ ਹੀ ਲੱਗ ਜਾਣਗੇ। ਬੱਚਿਆਂ ਨੂੰ ਜ਼ਿੰਦਗੀ ਵਿੱਚ ਕੁਝ ਬਨਾਉਣ ਵਾਸਤੇ ਸਭ ਤੋਂ ਵੱਡਾ ਹੱਥ ਮਾਤਾ ਪਿਤਾ ਦਾ ਹੁੰਦਾ ਹੈ। ਮਾਂ ਸਾਧ ਬਣਾ ਸਕਦੀ ਹੈ, ਚਾਹੇ ਤਾ ਚੋਰ ਬਣਾ ਸਕਦੀ ਹੈ। ਸ੍ਰੀ ਸਤਿਗੁਰੂ ਜੀ ਦੇ ਟੇਪਰਿਕਾਰਡ ਭਾਸ਼ਣ ਵਿੱਚ ਆਉਂਦਾ ਹੈ ਕਿ ਮੈਂ ਇਕ ਜਗ੍ਹਾ ਗਿਆ। ਉਥੇ ਇਕ ਆਦਮੀ ਨੇ ਮੱਛੀਆਂ ਪਾਲੀਆਂ ਸਨ ਜੋ ਕਿ ਆਦਮੀ ਦੀ ਆਵਾਜ਼ ਨਾਲ ਆਵਾਜ਼ ਮਿਲਾਉਂਦੀਆਂ ਸਨ। ਜਿਵੇਂ ਕਿ ਆਦਮੀ 'ਸਾ'...ਕਹਿੰਦਾ ਹੈ ਉਹ ਮੱਛੀਆਂ ਵੀ 'ਸਾ' ਬੋਲਦੀਆਂ ਸਨ। ਗਰੀਬ ਨਿਵਾਜ ਜੀ ਨੇ ਉਸ ਆਦਮੀ ਨੂੰ ਪੁਛਿਆ ਕਿ ਤੁਸੀਂ ਇਹਨਾਂ ਨੂੰ ਕਿਵੇਂ ਬੋਲਣਾ ਸਿਖਾਇਆ ਹੈ ਤਾਂ ਉਸ ਆਦਮੀ ਨੇ ਕਿਹਾ ਕਿ ਮੈਂ ਇਹਨਾਂ ਮੱਛੀਆਂ ਨੂੰ ਰੋਜ਼ ਹੀ ਮਿਹਨਤ ਕਰਕੇ ਬੋਲਣਾ ਸਿਖਾਉਂਦਾ ਹਾਂ। ਸ੍ਰੀ ਸਤਿਗੁਰੂ ਜੀ ਕਹਿੰਦੇ ਹਨ ਕਿ ਜੇ ਇਹ ਜਾਨਵਰ ਸਿੱਖ ਸਕਦੇ ਹਨ ਕੀ ਸਾਡੇ ਬੱਚੇ ਨਹੀਂ ਕੁਝ ਸਿੱਖ ਸਕਦੇ।

ਸ੍ਰੀ ਸਤਿਗੁਰੂ ਜੀ ਬਚਨ ਕਰਦੇ ਹਨ ਕਿ ਹਰ ਘਰੋਂ ਸੰਗੀਤ ਦੀ ਖੁਸ਼ਬੋ ਆਉਣੀ ਚਾਹੀਦੀ ਹੈ। ਸ੍ਰੀ ਸਤਿਗੁਰੂ ਜੀ ਕਿਰਪਾ ਕਰਕੇ ਸ੍ਰੀ ਭੈਣੀ ਸਾਹਿਬ ਵਿਖੇ ਛੋਟੇ ਛੋਟੇ ਬੱਚਿਆਂ ਨੂੰ ਸੰਗੀਤ ਸਿਖਾਉਣ ਦੀ ਬਖਸ਼ਿਸ਼ ਕਰ ਰਹੇ ਹਨ। ਸੋ ਇਸੇ ਤਰ੍ਹਾਂ ਸੱਚੇ ਪਾਤਸ਼ਾਹ ਜੀ ਨੇ ਕਾਕਾ ਰੌਣਕ ਸਿੰਘ ਸਪੁੱਤਰ ਸ੍ਰ. ਰਜਿੰਦਰ ਸਿੰਘ ਭੰਗਵਾਂ ਦੇ ਬੇਟੇ ਤੇ ਕ੍ਰਿਪਾ ਕੀਤੀ ਤੇ ਉਹ ਅੰਮ੍ਰਿਤਸਰ ਵਿਖੇ ਹੀ ਤਬਲੇ ਦੀ ਸਿਖਿਆ ਲੈ ਰਿਹਾ ਹੈ। ਸਾਢੇ ਸੱਤ ਸਾਲ ਦੀ ਉਮਰ ਵਿੱਚ ਕਾਕਾ ਰੌਣਕ ਸਿੰਘ ਨੇ ਉਸਤਾਦ ਸ੍ਰੀ ਕੁੰਦਨ ਲਾਲ ਜੀ ਖੰਡ ਵਾਲਾ ਛੇਹਰਟਾ ਤੋਂ ਸਿਖਿਆ ਲੈਣੀ ਸ਼ੁਰੂ ਕੀਤੀ। ਲੇਕਿਨ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ੍ਰੀ ਕੁੰਦਨ ਲਾਲ ਜੀ ਇਕ ਸਾਲ ਸਿਖਿਆ ਦੇਣ ਪਿਛੋਂ ਚੜ੍ਹਾਈ ਕਰ ਗਏ। ਹੁਣ ਇਸ ਸਮੇਂ ਉਸਤਾਦ ਰਣਜੀਤ ਸਿੰਘ ਜੀ ਰੌਣਕ ਸਿੰਘ ਨੂੰ ਤਬਲੇ ਦੀ ਸਿਖਿਆ ਦੇ ਰਹੇ ਹਨ। ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਸਦਕਾ ਕਾਕਾ ਰੌਣਕ ਸਿੰਘ ਇਸ ਸਮੇਂ ਕਾਫੀ ਤਿਹਾਈਆਂ, ਪਲਟੇ, ਲਗੀਆਂ ਆਦਿ ਸਿੱਖ ਚੁਕਾ ਹੈ। ਹੁਣ ਇਸ ਸਮੇਂ ਇਸ ਦੀ ਉਮਰ ਸਾਢੇ ਨੌ ਸਾਲ ਹੈ। ਇਹ ਆਪਣੇ ਪਿਤਾ ਜੀ ਤੋਂ ਇਲਾਵਾ ਹੋਰ ਵੀ ਕਈ ਨਾਮਧਾਰੀ ਤੇ ਗੈਰ ਨਾਮਧਾਰੀ ਸਿਖ ਰਾਗੀ ਸਿੰਘਾਂ ਨਾਲ ਤਬਲੇ ਦੀ ਸੰਗਰ ਕਰ ਕੇ ਨਾਮਧਾਰੀ ਪੰਥ ਦਾ ਨਾਮ ਉੱਚਾ ਕਰ ਰਿਹਾ ਹੈ। ਰੌਣਕ ਸਿੰਘ ਨੇ ਅਰਦਾਸ, ਰਹਿਤਨਾਮਾ ਵੀ ਕੰਠ ਕੀਤਾ ਹੈ। ਐਤਕੀ ਅੰਮ੍ਰਿਤਸਰ ਹੋਏ ਗੁਰਮਤ ਸਿਖਲਾਈ ਕੇਂਦਰ ਵਿੱਚ "ਰਹਿਤਨਾਮਾ, ਅਰਦਾਸ" ਵਿੱਚੋਂ ਪਹਿਲੇ ਸਥਾਨ ਤੇ ਰਿਹਾ ਤੇ ਇਨਾਮ ਪ੍ਰਾਪਤ ਕੀਤਾ।

ਰੌਣਕ ਸਿੰਘ ਦਾ ਛੋਟਾ ਭਰਾ ਕਾਕਾ ਰਾਜਾ ਸਿੰਘ ਵੀ ਰਾਗ ਸਿਖ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

# ਪ੍ਰਤਿਕਿਰਿਆ

"ਵਰਿਆਮ" ਜੁਲਾਈ ੨੦੦੩ ਵਿੱਚ ਸੁਵਰਨ ਸਿੰਘ ਵਿਰਕ ਦਾ ਲੇਖ ਭਾਈ ਚੰਦਾ ਸਿੰਘ ਡੱਬਰ ਪੜ੍ਹਿਆ। ਚੰਦਾ ਸਿੰਘ ਦੇ ਬਾਰਾਂਮਾਹੇ ਬਾਰੇ ਕੁਝ ਸੁਣਿਆ ਪੜ੍ਹਿਆ ਹੋਇਆ ਸੀ, ਪਰ ਜੋ ਵੇਰਵੇ ਸ: ਸੁਵਰਨ ਸਿੰਘ ਵਿਰਕ ਨੇ ਦਿੱਤੇ ਹਨ, ਇਹ ਬਿਲਕੁਲ ਨਵੇਂ ਹਨ। ਮੇਰੀ ਬੇਨਤੀ ਹੈ ਕਿ ਡੱਬਰ ਦੇ ਬਾਰਾਂਮਾਹ ਦੀ ਪੂਰੀ ਲਿਖਤ ਵਰਿਆਮ ਵਿਚ ਛਾਪੋ। ਇਉ ਹੀ ਵਿਰਕ ਸਾਹਿਬ ਨੂੰ ਕਹੋ, ਉਹ ਭਾਈ ਬੀਰ ਸਿੰਘ ਦਾ "ਬਾਰਾਂ ਮਾਹ ਗੁਰੂ ਗੋਬਿੰਦ ਸਿੰਘ ਜੀ ਦਾ" ਵੀ ਮੁਕੰਮਲ ਪਾਠ ਸਮੇਤ ਛਪਵਾਉਣ।

ਇਹ ਦੋਵੇਂ ਰਚਨਾਵਾਂ ਪੰਜਾਬੀ ਸਾਹਿਤ ਦਾ ਕੀਮਤੀ ਭਾਗ ਹਨ। ਮੈਨੂੰ ਇਨ੍ਹਾਂ ਬਾਰੇ ਸਹੀ ਸਹੀ ਵਾਕਫੀਅਤ ਨਹੀਂ ਸੀ। ਮੈਂ ਵਿਰਕ ਸਾਹਿਬ ਦੇ ਲੇਖ ਲਈ ਉਨ੍ਹਾਂ ਦਾ ਸ਼ੁਕਰ ਗੁਜ਼ਾਰ ਹਾਂ। ਉਨ੍ਹਾਂ ਨੇ ਦੁਰਲੱਭ ਲਿਖਤਾਂ ਵਲ ਧਿਆਨ ਦੁਆਇਆ ਹੈ।

*ਪਿਆਰਾ ਸਿੰਘ ਭੋਗਲ*
*੬੨੮, ਗਰੀਨ ਮਾਡਲ ਟਾਊਨ*
*ਜਲੰਧਰ*

.......ਵਰਿਆਮ ਮੈਨੂੰ ਲਗਾਤਾਰ ਆ ਰਿਹਾ ਹੈ। ਮੈਂ ਬਹੁਤ ਦਿਲਚਸਪੀ ਨਾਲ ਇਸ ਨੂੰ ਪੜ੍ਹਦਾ ਹਾਂ। ਤੁਸੀਂ ਸਾਹਿਤਕ ਫੀਲਡ ਵਿੱਚ ਬਹੁਤ ਤਰੱਕੀ ਕੀਤੀ ਹੈ। ਤੁਹਾਡੀ ਰਚਨਾ ਪੜ੍ਹਨ ਅਤੇ ਸੁਣਨ ਲਈ ਲਾਹੇਵੰਦ ਹੈ। ਤੁਹਾਨੂੰ ਸ਼ਬਦਾਂ ਨੂੰ ਮਹਿਕਦੇ ਫੁਲਾਂ ਵਾਂਗ ਜੋੜਨ ਦੀ ਜਾਚ ਆ ਗਈ ਹੈ ਜੋ ਖੁਸ਼ਬੋ ਖਿਲਾਰਦੀ ਹੈ। ਤੁਸੀਂ ਇਸ ਪਾਸੇ ਹਰ ਅਗਲੇ ਦਿਨ ਅਗਾਂਹ ਹੀ ਹੋਏ ਹੋ ਇਸ ਕਰਕੇ ਤੁਹਾਡੀ ਲਿਖਤ ਮੇਰੇ ਲਈ ਦਿਲਚਸਪ ਚੀਜ਼ ਹੈ। ਤੁਹਾਨੂੰ ਇਹ ਭੀ ਪਤਾ ਹੋਵੇਗਾ ਕਿ ਸ. ਸੁਵਰਨ ਸਿੰਘ ਵਿਰਕ, ਸ..ਸਾਧੂ ਸਿੰਘ ਕਿਸਾਨ ਜੀ ਐਸ ਵੇਲੇ ਦੇ ਉਸਾਰੂ ਸਾਹਿਤਕਾਰ ਹਨ। ਬਹੁਤ ਹੀ ਵਧੀਆ ਲਿਖਾਰੀ ਅਤੇ ਬੁਲਾਰੇ ਹਨ। ਸਾਧੂ ਸਿੰਘ ਜੀ ਤਾਂ ਥੋਹੜੇ ਸ਼ਬਦਾਂ ਵਿੱਚ ਬਹੁਤ ਕੁਝ ਕਹਿਣ ਅਤੇ ਲਿਖਣ ਦੀ ਸ਼ੈਲੀ ਦੇ ਮਾਹਰ ਹਨ। ਦਵਿੰਦਰ ਸਿੰਘ ਗਿਲ ਭੀ ਇਕ ਇਮਾਨਦਾਰ ਅਤੇ ਸਤਿਗੁਰੂ ਜੀ ਦਾ ਸ਼ਰਧਾਲੂ ਲਿਖਾਰੀ ਹੈ। ਇਨ੍ਹਾਂ ਨੂੰ ਸਿਰਫ ਵਰਿਆਮ ਵਿਚੋਂ ਹੀ ਪੜ੍ਹਿਆ ਜਾ ਸਕਦਾ ਹੈ। ਕਿਸੇ ਅਖਬਾਰ ਰਸਾਲੇ, ਕਿਤਾਬ ਦਾ ਮਿਆਰ ਕੀਮਤੀ ਕਾਗਜ਼ ਲਾਇਆਂ ਨਾਲ ਹੀ ਨਹੀਂ ਬਣਦਾ ਬਲਕਿ ਉਸ ਵਿੱਚ ਢੁਕਵੀਂ ਸਮੱਗਰੀ ਜੋ ਕਿਸੇ ਆਦਰਸ਼ ਨਾਲ ਸਬੰਧਤ ਹੋਵੇ ਜੋ ਵਰਤਮਾਨ ਨੂੰ ਅਣਗੌਲਿਆਂ ਨਾ ਕਰਦਾ ਹੋਇਆਂ ਭੂਤਕਾਲ ਨਾਲੋਂ ਭੀ ਸੰਪਰਕ ਨਾ ਤੋੜ ਕੇ ਵਧੀਆ ਭਵਿੱਖ ਵਿੱਚ ਲਿਜਾ ਵਾੜੇ, ਨਾਲ ਬਣਦਾ ਹੈ ਜੋ ਤੁਹਾਡੇ ਸੰਪਾਦਤ ਕੀਤੇ ਵਰਿਆਮ ਰਸਾਲੇ ਚੋਂ ਕਾਫੀ ਮਿਲਦਾ ਹੈ। ਸਤਿਗੁਰੂ ਕ੍ਰਿਪਾ ਕਰਨ ਕਿ ਤੁਸੀਂ ਸਮਾਜ ਅਤੇ ਸਾਹਿਤ ਦੀ ਸੇਵਾ ਇਸੇ ਤਰ੍ਹਾਂ ਹੀ ਕਰਦੇ ਰਹੋ। ਇਹ ਹੀ ਸੰਪਾਦਕ ਕੋਲ, ਲਿਖਾਰੀ ਅਤੇ ਬੁਲਾਰੇ ਕੋਲ ਵੱਡਾ ਖਜ਼ਾਨਾ ਹੁੰਦਾ ਹੈ। ਕਾਸ਼ਃ ਕਿਧਰੇ ਲੋਕ ਇਸ ਦੀ ਕਦਰ ਕਰਨ ਲਗ ਪੈਣ। ਅਗਰ ਕਿਸੇ ਦੇਸ-ਸਮਾਜ-ਧਰਮ ਦਾ ਇਤਿਹਾਸ ਸਭਿਆਚਾਰ ਸਾਹਿਤ ਬੋਲੀ ਖਤਮ ਹੈ ਤਾਂ ਉਸ ਦਾ ਸਭ ਕੁਝ ਗਿਆ। ਬਹੁਤ ਮਿਹਨਤ ਨਾਲ ਕਿਤਾਬ ਲਿਖੀ ਜਾਂਦੀ ਹੈ ਪਰ ਅਗਰ ਕਿਸੇ ਦੀ ਲਿਖੀ ਹੋਈ ਕਿਤਾਬ ਨੂੰ ਰੋਲ ਹੀ ਦਿੱਤਾ ਜਾਵੇ ਤਾਂ ਉਸ ਇਨਸਾਨ ਨਾਲ ਕੀ ਬੀਤਦੀ ਹੈ ਆਪ ਸਮਝ ਸਕਦੇ ਹੋ। ਲਿਖਤ ਵਿੱਚ ਲਿਖਾਰੀ ਦਾ ਆਪਣਾ ਆਪ, ਲਿਖਾਰੀ ਦਾ ਹਿਰਦਾ ਅਤੇ ਲੋਕਾਂ ਦੀ ਪੀੜਾ ਸੁਖ ਅਤੇ ਲਿਖਾਰੀ ਦਾ ਖੂਨ ਸੰਜੋਇਆ ਹੁੰਦਾ ਹੈ। ... ... ...

ਚਕਰਵਰਤੀ ਜੀ ਆਲਮ ਜੀ, ਵਹਿਮੀ ਜੀ, ਜੀਆ- ਨੱਥਾ, ਸਨਖਤਰਾ ਜੀ, ਗਿਆਨੀ ਮਿਹਰ ਸਿੰਘ ਵਰਗਾ ਨਿਡਰ ਇਮਾਨਦਾਰ, ਨਿਰਸੁਆਰਥ ਲਿਖਾਰੀ ਅੱਜ ਕਲ ਜਾਂ ਅਜ ਤਕ ਨਾਮਧਾਰੀਆਂ ਕੋਲ ਹੈ ਕਿਹੜਾ ? ਚਕ੍ਰਵਰਤੀ, ਆਲਿਮ ਜੀ, ਵਹਿਮੀ ਜੀ ਦੀ ਲਿਖਤ ਤੋਂ ਬਗੈਰ ਹਰ ਇਕ ਦਾ ਲਿਖਿਆ ਨਾਮਧਾਰੀ ਇਤਿਹਾਸ ਅਧੂਰਾ ਹੈ। ਹਰ ਕੋਈ ਇਨ੍ਹਾਂ ਦੀਆਂ ਹੀ ਟੂਕਾਂ ਦਿੰਦਾ ਹੈ। ਇਹ ਤਾਂ ਨਾਮਧਾਰੀ ਇਤਿਹਾਸ ਦੇ ਰੂਟਸ (ਜੜ੍ਹਾਂ) ਹਨ। ... ....

ਇਹ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ ਕਿ ਆਪ ਨੇ ਪਹਿਲਾਂ ਸੰਗੀਤ ਵਲ ਫਿਰ ਸਾਹਿਤ ਵਲ ਬਹੁਤ ਯੋਗਦਾਨ ਪਾਇਆ ਹੈ। ਅਗਰ ਇਮਾਨਦਾਰੀ ਨਾਲ ਇਨ੍ਹਾਂ ਵਲ ਤੁਰਿਆ ਜਾਵੇ ਤਾਂ ਇਨ੍ਹਾਂ ਦੋਹਾਂ ਨੂੰ ਬਹੁਤ ਵੱਡੇ ਆਰਥਕ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦਾ ਤੁਹਾਨੂੰ ਤੇ ਹੋਰ ਕਈਆਂ ਨੂੰ ਕਰਨਾ ਪਿਆ ਹੈ ਅਤੇ ਕਰ ਰਹੇ ਹਨ ਪਰ ਇਸ ਨੂੰ ਕੋਈ ਭੀ ਨਾ ਸਮਝਿਆ ਹੈ ਅਤੇ ਨਾ ਹੀ ਸਮਝੇਗਾ। ਇਸੇ ਕਰਕੇ ਤਾਂ ਇਹਨਾਂ ਦੋਹਾਂ ਕੀਮਤੀ ਵਸਤਾਂ ਦੇ ਕਈ ਗਿਆਤਾ ਵਿਕ ਜਾਂਦੇ ਹਨ ਜਾਂ ਆਪਣੇ ਆਦਰਸ਼ ਆਪਣੀ ਹੈਸੀਅਤ ਅਤੇ ਹੋਂਦ ਨੂੰ ਵੇਚਣ ਲਈ ਮਜਬੂਰ ਹੋ ਜਾਂਦੇ ਹਨ।... ...

*ਤਰਸੇਮ ਸਿੰਘ ਨਾਮਧਾਰੀ*
*ਕਨੇਡਾ*

ਐਸ ਵੇਲੇ ਮੇਰੇ ਪਾਸ ਜੂਨ ਦਾ ਵਰਿਆਮ ਨਹੀਂ ਹੈ। ਕੁਝ ਦਿਨਾਂ ਲਈ ਬਾਹਰ ਗਿਆ ਹੋਇਆ ਹੈ ਇਕ ਭਰੋਸੇ ਯੋਗ ਮਿਤਰ ਸੰਗ। ਪਰ 'ਵਿਰਕ' ਤੇ 'ਸਨੇਹੀ' ਜੀਆਂ ਦੀ ਤਸਵੀਰ ਅਜੇ ਵੀ ਮੇਰੇ ਮਨ ਤੇ ਉਕਰੀ ਤੱਕੀ ਜਾ ਸਕਦੀ ਹੈ। ਧੰਨੇ ਭਗਤ ਦਾ ਮੁਖੀ ਪਰਭਾਵ ਬੜੀ ਸੁਹਲ ਕਲਾ ਦਾ ਦਰਸਾਇਕ ਹੈ। ਪਤਾ ਨਹੀਂ ਲਗਿਆ ਇਸ ਨੂੰ ਕਿਸ ਦੀ ਛੋਹ ਸ਼ਿੰਗਾਰ ਰਖਿਆ ਹੈ। ਦਿਲ ਕਰਦਾ ਹੈ ਵਰਿਆਮ ਦੀ ਮਿੱਤਰੋਂ ਮੁੜਨ ਦੀ ਇੰਤਜ਼ਾਰ ਕੀਤੇ ਬਿਨਾਂ ਤੁਹਾਨੂੰ ਇਹ ਖ਼ਤ ਪੋਸਟ ਕਰ ਦਿਆਂ—ਖਬਰੇ ਕਦੋਂ ਪੁੱਜੇ।

*ਦਲਬੀਰ ਸਿੰਘ ਤਰਸ*
*ਸਿਡਨੀ ਅਸਟ੍ਰੇਲੀਆ*
*19.6.03*

(ਵਰਿਆਮ ਦਾ ਧੰਨੇ ਭਗਤ ਵਾਲਾ ਟਾਈਟਲ ਸਦਾ ਵਾਂਗ ਪ੍ਰਸਿਧ ਆਰਟਿਸਟ ਸੁਖਵੰਤ ਸਿੰਘ ਦਾ ਬਣਾਇਆ ਹੈ।)

*—ਸੰਪਾਦਕ*

Sri Satguru Jagjit Singh Ji eLibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 August 2003









NS

NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

ਨਾਮਧਾਰੀ ਸੀਡਜ਼

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁੱਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S.7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ

ਨਾਮਧਾਰੀ ਸੀਡਜ਼ ਪ੍ਰਾਈਵੇਟ ਲਿ:

Head Office

Namdhari Seeds Pvt. Ltd.

BIDADI, BANGALORE (INDIA)

Tel : 080-72 82 653
72 82 654
City Office : 080-8602167
Fax : 080-8602168

ਰੀਜਨਲ ਆਫਿਸ :

ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,
ਜ਼ਿਲ੍ਹਾ ਲੁਧਿਆਣਾ।
ਫੋਨ : 0161-834036, 834420
ਮੋਬਾਈਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ।
ਫੋਨ : 2222543, ਨਿਵਾਸ : 2456289

Sri Satguru Jagjit Singh Ji eLibrary NamdhariElibrary@gmail.com